ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 19 | Issue 67 | 19 April to 25 April, 2023 | Ph.: (510) 240-5949 | Email: asrtimes@gmail.com

# ‘ਸਿਆਸੀ ਵਫ਼ਾਦਾਰੀਆਂ’ ਬਦਲਣ ਦਾ ਦੂਜਾ ਨਾਂਅ ਬਣੀਆਂ ‘ਚੋਣਾਂ’

## ਸੱਤਾ ਦੇ ਲਾਲਚ ’ਚ ਸਿਆਸੀ ਆਗੂਆਂ ਦੀ ਬਦਲਦੀਆਂ ਵਫ਼ਦਾਰੀਆਂ

### ਜਲੰਧਰ ਜ਼ਿਮਨੀ ਚੋਣ ਦੌਰਾਨ ਵੀ ਜਾਰੀ ਹੈ ਦਲ ਬਦਲੀਆਂ ਦਾ ਰੁਝਾਨ

- ਸੱਤਾ ਦੇ ਲਾਲਚ ’ਚ ਉੱਤਰ ਪ੍ਰਦੇਸ਼ ਅਤੇ ਪੱਛਮੀ ਬੰਗਾਲ ਤਕ ਘੁੰਮ ਆਏ ਪੰਜਾਬ ਦੇ ਕਈ ਸਿਆਸੀ ਆਗੂ
- ਚੋਣਾਂ ਮੌਕੇ ਪਾਰਟੀ ਟਿਕਟ ਨਾ ਮਿਲਣ ’ਤੇ ਅਕਸਰ ਪਾਰਟੀ ਬਦਲ ਲੈਂਦੇ ਨੇ ਅਨੇਕਾਂ ਸਿਆਸੀ ਆਗੂ





ਪਟਿਆਲਾ/ਏ.ਟੀ.ਨਿਊਜ਼ : ਭਾਰਤ ਵਿੱਚ ਹੋਣ ਵਾਲੀਆਂ ਹਰ ਤਰਾਂ ਦੀਆਂ ‘ਚੋਣਾਂ’ ਅਸਲ ਵਿੱਚ ਸਿਆਸੀ ਆਗੂਆਂ ਦੀਆਂ ‘ਵਫ਼ਾਦਾਰੀਆਂ’ ਬਦਲਣ ਦਾ ‘ਨਾਂਅ’ ਬਣ ਗਈਆਂ ਹਨ। ਕੋਈ ਵੀ ਚੋਣ ਹੋਵੇ, ਟਿਕਟਾਂ ਨਾ ਮਿਲਣ ਕਾਰਨ ਨਾਰਾਜ਼ ਆਗੂ ਹਰ ਪਾਰਟੀ ਲਈ ਮੁਸੀਬਤ ਬਣ ਜਾਂਦੇ ਹਨ। ਕਈ ਵਾਰ ਨਾਰਾਜ਼ ਆਗੂ ਬਗਾਵਤ ਕਰ ਕੇ ਆਪਣੀ ਹੀ ਪਾਰਟੀ ਵਿਰੁੱਧ ਚੋਣ ਲੜਦੇ ਹਨ ਜਾਂ ਵਿਰੋਧੀ ਪਾਰਟੀ ਵਿੱਚ ਸ਼ਾਮਲ ਹੋ ਕੇ ਉਸ ਦੇ ਉਮੀਦਵਾਰ ਬਣ ਜਾਂਦੇ ਹਨ। ਕਦੇ-ਕਦੇ ਉਹ ਇੱਕ ਸਮੂਹ/ਗਰੁੱਪ ਵਿੱਚ ਹੁੰਦੇ ਹੋਏ ਆਪਣੀ ਹੀ ਪਾਰਟੀ ਜਾਂ ਸਰਕਾਰ ਦੀ ‘ਭੰਨਤੋੜ’ ਕਰਦੇ ਹਨ।

ਇਸ ਸਮੇਂ ਪੰਜਾਬ ਵਿੱਚ ਲੋਕ ਸਭਾ ਹਲਕਾ ਜਲੰਧਰ ’ਚ ਜ਼ਿਮਨੀ ਚੋਣ ਦੌਰਾਨ ਵੀ ਸਿਆਸੀ ਵਫ਼ਦਾਰੀਆਂ ਬਦਲਣ ਦਾ ਰੁਝਾਨ ਵੇਖਣ ਵਿੱਚ ਆਇਆ ਹੈ। ਆਮ ਆਦਮੀ ਪਾਰਟੀ ਵੱਲੋਂ ਇਸ ਚੋਣ ਵਿੱਚ ਕਾਂਗਰਸ ਦੇ ਸਾਬਕਾ ਵਿਧਾਇਕ ਸੁਸ਼ੀਲ ਕੁਮਾਰ ਰਿੰਕੂ ਨੂੰ ਕਾਂਗਰਸ ਨਾਲੋਂ ਤੋੜ ਕੇ ਆਪ ਵਿੱਚ ਸ਼ਾਮਲ ਕਰ ਲਿਆ ਗਿਆ ਅਤੇ ਉਸ ਨੂੰ ਜਲੰਧਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ’ਚ ਉਮੀਦਵਾਰ ਬਣਾਇਆ ਗਿਆ ਹੈ। ਕੁਝ ਦਿਨ ਪਹਿਲਾਂ ਅਕਾਲੀ ਦਲ ਬਾਦਲ ਦੇ ਸੀਨੀਅਰ ਆਗੂ ਅਤੇ ਪੰਜਾਬ ਵਿਧਾਨ ਸਭਾ ਦੇ ਸਾਬਕਾ ਸਪੀਕਰ ਚਰਨਜੀਤ ਸਿੰਘ ਅਟਵਾਲ ਦੇ ਪੁੱਤਰ ਇੰਦਰ ਇਕਬਾਲ ਸਿੰਘ ਅਟਵਾਲ ਅਤੇ ਜਸਜੀਤ ਸਿੰਘ ਅਟਵਾਲ ਭਾਜਪਾ ਵਿੱਚ ਸ਼ਾਮਲ ਹੋ ਗਏ। ਇਸੇ ਤਰਾਂ ਕਾਂਗਰਸ ਪਾਰਟੀ ਦੇ ਟਕਸਾਲੀ ਪਰਿਵਾਰ ਦੇ ਸਾਬਕਾ ਵਿਧਾਇਕ ਚੌਧਰੀ ਸੁਰਿੰਦਰ ਸਿੰਘ ਨੇ ਤਾਂ ਇੱਕ ਹਫ਼ਤੇ ਵਿੱਚ ਦੋ ਵਾਰ ਸਿਆਸੀ ਪਾਰਟੀ ਬਦਲ ਕੇ ਵੱਖਰਾ ਹੀ ਇਤਿਹਾਸ ਰਚਿਆ ਹੈ। ਬੀਤੇ ਸੋਮਵਾਰ ਨੂੰ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਚੌਧਰੀ ਸੁਰਿੰਦਰ ਸਿੰਘ ਨੂੰ ਆਮ ਆਦਮੀ ਪਾਰਟੀ ’ਚ ਸ਼ਾਮਲ ਕਰ ਲਿਆ ਗਿਆ ਸੀ ਪਰ ਆਮ ਆਦਮੀ ਪਾਰਟੀ 6 ਦਿਨ ਵੀ ਚੌਧਰੀ ਸੁਰਿੰਦਰ ਸਿੰਘ ਨੂੰ ਸੰਭਾਲ ਨਹੀਂ ਸਕੀ ਅਤੇ ਬੀਤੇ ਸ਼ਨਿੱਚਰਵਾਰ ਨੂੰ ਚੌਧਰੀ ਸੁਰਿੰਦਰ ਸਿੰਘ ਦੀ ਕਾਂਗਰਸ ’ਚ ਵਾਪਸੀ ਹੋ ਗਈ। ਇਸ ਤਰਾਂ ਮਈ ਮਹੀਨੇ ਹੋਣ ਵਾਲੀ ਜਲੰਧਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਦੌਰਾਨ ਸਿਆਸੀ ਵਫ਼ਦਾਰੀਆਂ ਬਦਲਣ ਦਾ ਮੁੱਦਾ ਭਾਰੂ ਹੋ ਰਿਹਾ ਹੈ, ਜਿਸ ਕਾਰਨ ਆਮ ਲੋਕਾਂ ਦੇ ਵੱਡੇ ਮੁੱਦੇ ਰੁਲ ਜਾਣ ਦੀ ਸੰਭਾਵਨਾ ਬਣ ਗਈ ਹੈ।

ਅਸਲ ’ਚ ਸੱਤਾ ਦਾ ਲਾਲਚ ਅਜਿਹੀ ਸ਼ੈਅ ਹੈ, ਜਿਸਦੇ ਲਈ ਅਕਸਰ ਅਨੇਕਾਂ ਸਿਆਸੀ ਆਗੂ ਆਪਣੀ ਸਿਆਸੀ ਪਾਰਟੀ ਨੂੰ ਅਲਵਿਦਾ ਕਹਿ ਕੇ ਸੱਤਾਧਾਰੀ ਸਿਆਸੀ ਪਾਰਟੀ ਜਾਂ ਕਿਸੇ ਹੋਰ ਸਿਆਸੀ ਪਾਰਟੀ ’ਚ ਚਲੇ ਜਾਂਦੇ ਹਨ। ਸਿਆਸੀ ਆਗੂਆਂ ਵੱਲੋਂ ਇੱਕ ਸਿਆਸੀ ਪਾਰਟੀ ਛੱਡ ਕੇ ਦੂਜੀ ਸਿਆਸੀ ਪਾਰਟੀ ’ਚ ਜਾਣ ਨੂੰ ਦਲ ਬਦਲੀ ਜਾਂ ਸਿਆਸੀ ਟੱਪੂਸੀਆਂ ਕਿਹਾ ਜਾਂਦਾ ਹੈ। ਲੋਕ ਸਭਾ ਚੋਣਾਂ, ਵਿਧਾਨ ਸਭਾ ਚੋਣਾਂ ਅਤੇ ਜ਼ਿਮਨੀ ਚੋਣਾਂ ਵੇਲੇ ਸਿਆਸੀ ਆਗੂਆਂ ਵੱਲੋਂ ਦਲ ਬਦਲੀ ਕਰਨ ਦਾ ਰੁਝਾਨ ਵੱਧ ਜਾਂਦਾ ਹੈ। ਅਕਸਰ ਵੇਖਣ ਵਿਚ ਆਇਆ ਹੈ ਕਿ ਚੋਣਾਂ ਮੌਕੇ ਜਿਹੜੇ ਸਿਆਸੀ ਆਗੂਆਂ ਨੂੰ ਉਹਨਾਂ ਦੀ ਪਾਰਟੀ ਦੀ ਚੋਣ ਟਿਕਟ ਨਹੀਂ ਮਿਲਦੀ, ਉਹ ਤੁਰੰਤ ਉਸ ਪਾਰਟੀ ਨੂੰ ਅਲਵਿਦਾ ਕਹਿ ਕੇ ਕਿਸੇ ਹੋਰ ਸਿਆਸੀ ਪਾਰਟੀ ਵਿੱਚ ਜਾ ਰਲਦੇ ਹਨ। ਕਈ ਵਾਰ ਤਾਂ ਉਹ ਆਪਣੀ ਪਾਰਟੀ ਦੀ ਵਿਰੋਧੀ ਸਿਆਸੀ ਪਾਰਟੀ ’ਚ ਚਲੇ ਜਾਂਦੇ ਹਨ। ਫਿਰ ਅਜਿਹਾ ਹੁੰਦਾ ਹੈ ਕਿ (**ਬਾਕੀ ਸਫ਼ਾ 29 ’ਤੇ**)

### 10 ਸਾਲ ’ਚ ਸੰਸਦ ਮੈਂਬਰਾਂ ਅਤੇ ਵਿਧਾਇਕਾਂ ਨੇ 542 ਵਾਰ ਬਦਲੀਆਂ ਪਾਰਟੀਆਂ

ਇਕ ਰਿਪੋਰਟ ਮੁਤਾਬਕ 1957 ਤੋਂ 1967 ਦਰਮਿਆਨ ਸੰਸਦ ਮੈਂਬਰਾਂ ਅਤੇ ਵਿਧਾਇਕਾਂ ਨੇ 542 ਵਾਰ ਪਾਰਟੀਆਂ ਬਦਲੀਆਂ। 1967 ਦੀਆਂ ਆਮ ਚੋਣਾਂ ਤੋਂ ਪਹਿਲਾਂ ਸੰਸਦ ਮੈਂਬਰਾਂ ਅਤੇ ਵਿਧਾਇਕਾਂ ਨੇ 430 ਵਾਰ ਆਪਣੀ ਪਾਰਟੀ ਬਦਲੀ। 1967 ਤੋਂ ਬਾਅਦ ਇੱਕ ਅਜਿਹਾ ਰਿਕਾਰਡ ਵੀ ਬਣਿਆ, ਜਿਸ ਵਿੱਚ 16 ਰਾਜਾਂ ਦੀਆਂ ਸਰਕਾਰਾਂ ਦਲ-ਬਦਲੀ ਕਰਕੇ 16 ਮਹੀਨਿਆਂ ਵਿੱਚ ਹੀ ਡਿੱਗ ਗਈਆਂ।

### ਜਦੋਂ ਪੂਰੀ ਸਰਕਾਰ ਨੇ ਦਲ ਬਦਲੀ ਕੀਤੀ



1979 ਵਿੱਚ ਚੌਧਰੀ ਦੇਵੀ ਲਾਲ ਦੀ ਸਰਕਾਰ ਵਿੱਚ ਡੇਅਰੀ ਮੰਤਰੀ ਹੁੰਦਿਆਂ ਭਜਨ ਲਾਲ ਨੇ ਤਖ਼ਤਾ ਪਲਟ ਕੇ ਆਪਣੀ ਸਰਕਾਰ ਬਣਾਈ ਸੀ ਅਤੇ ਬਾਅਦ ਵਿੱਚ ਪੂਰੀ ਸਰਕਾਰ ਸਮੇਤ ਕਾਂਗਰਸ ਵਿੱਚ ਸ਼ਾਮਲ ਹੋ ਗਏ ਸਨ।ਇਸ ਤੋਂ ਚਾਰ ਮਹੀਨੇ ਪਹਿਲਾਂ ਇਸੇ ਨੇਤਾ ਨੇ ਲੋਕਾਂ ਨੂੰ ਦਲਬਦਲੂਆਂ ਦਾ ਘਿਰਾਓ ਕਰਨ ਦੀ ਅਪੀਲ ਕੀਤੀ ਸੀ।ਬਾਅਦ ਵਿਚ ਦੋਸ਼ ਲੱਗੇ ਕਿ ਭਜਨ ਲਾਲ ਨੇ ਵਿਧਾਇਕਾਂ ਦੀ ਖਰੀਦੋ-ਫਰੋਖਤ ਕੀਤੀ ਸੀ।

### ਗਿਆ ਲਾਲ, ਜਿਸ ਨੇ 15 ਦਿਨਾਂ ’ਚ ਤਿੰਨ ਵਾਰ ਬਦਲੀ ਪਾਰਟੀ



ਵਿਧਾਇਕ ਗਯਾ ਲਾਲ ਭਾਰਤੀ ਰਾਸ਼ਟਰੀਯ ਕਾਂਗਰਸ ਦੇ ਮੈਂਬਰ ਸਨ। ਗਯਾ ਲਾਲ ਪਲਵਲ ਜ਼ਿਲ੍ਹੇ ਦੇ ਹੋਡਲ ਚੋਣ ਖੇਤਰ ਤੋਂ ਹਰਿਆਣਾ ਵਿਧਾਨ ਸਭਾ ਦੇ ਮੈਂਬਰ ਸਨ। 1967 ਵਿੱਚ ਗਯਾ ਲਾਲ ਨੇ ਇੱਕ ਪੰਦਰਵਾੜੇ ਭਾਵ 15 ਦਿਨਾਂ ਵਿੱਚ ਤਿੰਨ ਵਾਰ ਪਾਰਟੀ ਬਦਲੀ। ਪਹਿਲਾਂ ਉਹ ਭਾਰਤੀਯ ਰਾਸ਼ਟਰੀਯ ਕਾਂਗਰਸ ਤੋਂ ਜਨਤਾ ਪਾਰਟੀ ਵਿੱਚ ਗਏ, ਫਿਰ ਵਾਪਸ ਕਾਂਗਰਸ ਵਿੱਚ ਆਏ ਅਤੇ ਫਿਰ 9 ਘੰਟੇ ਦੇ ਅੰਦਰ ਜਨਤਾ ਪਾਰਟੀ ਵਿੱਚ ਚਲੇ ਗਏ। ਜਦੋਂ ਗਯਾ ਲਾਲ ਨੇ ਸੰਯੁਕਤ ਮੋਰਚਾ ਛੱਡ ਕੇ ਕਾਂਗਰਸ ਵਿੱਚ ਸ਼ਾਮਲ ਹੋਣ ਦਾ ਫੈਸਲਾ ਕੀਤਾ ਤਾਂ ਕਾਂਗਰਸ ਨੇਤਾ ਰਾਓ ਬੀਰੇਂਦਰ ਸਿੰਘ ਉਹਨਾਂ ਨੂੰ ਚੰਡੀਗੜ੍ਹ ਵਿੱਚ ਪ੍ਰੈਸ ਦੇ ਸਾਹਮਣੇ ਲੈ ਆਏ ਅਤੇ ਉਹਨਾਂ ਨੇ ਵਿਧਾਇਕ ਗਯਾ ਲਾਲ ਨੂੰ ‘ਆਇਆ ਰਾਮ, ਗਿਆ ਰਾਮ’ ਕਿਹਾ ਤਾਂ ਇੱਥੋਂ ਹੀ ‘ਆਇਆ ਰਾਮ, ਗਿਆ ਰਾਮ’ ਕਹਾਵਤ ਸ਼ੁਰੂ ਹੋਈ, ਜੋ ਅੱਜ ਵੀ ਪ੍ਰਚਲਿਤ ਹੈ।

### ਦਲ ਬਦਲੀ ਰੋਕਣ ਲਈ ਕਾਨੂੰਨ

1985 ਵਿੱਚ ਰਾਜੀਵ ਗਾਂਧੀ ਦੀ ਸਰਕਾਰ ਨੇ ਦਲ-ਬਦਲੀ ਨੂੰ ਰੋਕਣ ਲਈ ਇੱਕ ਕਾਨੂੰਨ ਲਿਆਂਦਾ ਸੀ।ਜਿਸ ਵਿੱਚ ਕਿਹਾ ਗਿਆ ਸੀ ਕਿ ਜੇਕਰ ਕੋਈ ਵਿਧਾਇਕ ਜਾਂ ਸੰਸਦ ਮੈਂਬਰ ਆਪਣੀ ਮਰਜ਼ੀ ਨਾਲ ਪਾਰਟੀ ਛੱਡ ਕੇ ਕਿਸੇ ਹੋਰ ਪਾਰਟੀ ਵਿੱਚ ਸ਼ਾਮਲ ਹੁੰਦਾ ਹੈ ਤਾਂ ਉਸ ਨੂੰ ਅਯੋਗ ਕਰਾਰ ਦਿੱਤਾ ਜਾ ਸਕਦਾ ਹੈ। ਇਸ ਵਿੱਚ ਇਹ ਵੀ ਵਿਵਸਥਾ ਸੀ ਕਿ ਜੇਕਰ ਕੋਈ ਵਿਧਾਇਕ ਜਾਂ ਸੰਸਦ ਮੈਂਬਰ ਪਾਰਟੀ ਵ੍ਹਿਪ ਦੀ ਪਾਲਣਾ ਨਹੀਂ ਕਰਦਾ ਹੈ ਤਾਂ ਉਸ ਦੀ ਮੈਂਬਰਸ਼ਿਪ ਵੀ ਹਟਾਈ ਜਾ ਸਕਦੀ ਹੈ।

# ਪੰਜਾਬ ਵਿੱਚ ਵਿਆਪਕ ਪੱਧਰ ਉੱਪਰ ਸਿੱਖਾਂ ’ਤੇ ਸਰਕਾਰੀ ਜ਼ੁਲਮ ਦੀ ਮੁੜ ਸ਼ੁਰੂਆਤ : ਸਿੱਖ ਫ਼ੈਡਰੇਸ਼ਨ ਅਮਰੀਕਾ

## ਸਿੱਖ ਫ਼ੈਡਰੇਸ਼ਨ ਅਮਰੀਕਾ ਵੱਲੋਂ ਪੰਜਾਬ ਦੇ ਮੌਜੂਦਾ ਘਟਨਾਕ੍ਰਮ ’ਚੋਂ ਉਪਜੇ ਕੌਮ ਵਿਰੋਧੀ ਵਰਤਾਰੇ ਨੂੰ ਸਮਝਣ ਅਤੇ ਸਰਕਾਰੀ ਪ੍ਰਾਪੇਗੰਡੇ ਨੂੰ ਨਕਾਰਾ ਕਰਨ ਲਈ ਕੌਮ ਨੂੰ ਸੁਚੇਤ ਤੇ ਇਕਜੁੱਟਤਾ ਦੀ ਅਪੀਲ

ਫਰੀਮਾਂਟ/ਏ.ਟੀ.ਨਿਊਜ਼ :- ਸਿੱਖ ਫੈਡਰੇਸ਼ਨ ਅਮਰੀਕਾ ਨੇ ਬਿਆਨ ਜਾਰੀ ਕਰਦਿਆਂ ਕਿਹਾ ਕਿ 18 ਮਾਰਚ ਤੋਂ ਪੰਜਾਬ ਵਿੱਚ ਵਿਆਪਕ ਪੱਧਰ ਉਪਰ ਸਰਕਾਰੀ ਜ਼ੁਲਮ ਦੀ ਸਿੱਖਾਂ ਉਪਰ ਤੇ ਖਾਸ ਕਰ ਸਿੱਖ ਜਵਾਨੀ ਉਪਰ ਇਕ ਵਾਰ ਫਿਰ ਤੋਂ ਸ਼ੁਰੂਆਤ ਹੋਈ ਹੈ ਭਾਵੇ ਇਹ ਸਾਡੇ ਲਈ ਕੋਈ ਨਵੀ ਗੱਲ ਨਹੀਂ ਕਿਉਂਕਿ 1984 ਤੋਂ ਬਾਅਦ ਜਿਵੇਂ ਸਿੱਖ ਜਵਾਨੀ ਨੂੰ ਲੱਭ ਲੱਭ ਕੇ ਕੋਹ ਕੋਹ ਕੇ ਖਤਮ ਕੀਤਾ ਗਿਆ ਉਹ ਇਸ ਬਿਪਰ ਸਿਸਟਮ ਦਾ ਸਾਡੇ ਪ੍ਰਤੀ ਕੀਤੀ ਜਾਣ ਵਾਲੀ ਨਸਲਕੁਸ਼ੀ ਦਾ ਅੰਗ ਤੇ ਵਰਤਮਾਨੀ ਝਲਕਾਰਾ ਹੀ ਹੈ। ਹਰ 20-25 ਸਾਲਾਂ ਬਾਅਦ ਸਾਡੇ ਜਵਾਨ ਪੁੱਤਰਾਂ ਨੂੰ ਕਿਸੇ ਬਹਾਨੇ ਖਤਮ ਕਰਨ ਜਾਂ ਜੇਲੀਂ ਡੱਕਣ ਦਾ ਕੋਈ ਨਾ ਕੋਈ ਬਹਾਨਾ ਘੜ ਲਿਆ ਜਾਂਦਾ ਹੈ। ਇਸ ਲਗਾਤਾਰ ਹੋ ਰਹੇ ਬਿਪਰੀ ਜ਼ੁਲਮ ਵਿਰੁੱਧ ਖਾਲਸਾ ਜੀ ਨੇ ਵੀ ਗੁਰੂ ਸਿੱਖਿਆ ਅਨੁਸਾਰ ਅਪਣਾ ਫਰਜ਼ ਨਿਭਾਉਂਦਿਆਂ ਸਦਾ ਮੂੰਹ ਮੋੜਵਾ ਜਵਾਬ ਦਿਤਾ ਹੈ। ਭਾਵੇਂ ਉਹ ਖਾੜਕੂ ਸੰਘਰਸ਼ ਦਾ ਰੂਪ ਹੋਵੇ ਤੇ ਭਾਵੇਂ ਕਿਸਾਨੀ ਅੰਦੋਲਨ ਜਾਂ ਪਾਣੀਆਂ ਦੀ ਹੱਕੀ ਲੜਾਈ ਹੋਵੇ।

ਵਾਰਿਸ ਪੰਜਾਬ ਦੀ ਜਥੇਬੰਦੀ ਦੇ ਮੁਖੀ ਅਮ੍ਰਿਤਪਾਲ ਸਿੰਘ ਦੀ ਗ੍ਰਿਫਤਾਰੀ ਨੂੰ ਬਹਾਨਾ ਬਣਾਉਂਦਿਆਂ ਪੰਜਾਬ ਵਿੱਚ ਹੋ ਰਿਹਾ ਫ਼ੌਜੀ ਤੇ ਪੁਲਿਸ ਤਸ਼ੱਦਦ ਸਿਧੇ ਰੂਪ ਵਿੱਚ ਨੌਜਵਾਨ ਸਿੱਖਾਂ ਨੂੰ ਡਰਾਉਣ ਤੇ ਹੱਕੀ ਮੰਗਾਂ ਦੀ ਲੜਾਈ ਤੋਂ ਲਾਂਭੇ ਰੱਖਣ ਦਾ ਸਰਕਾਰੀ ਸਟੰਟ ਹੈ। ਜਿਸ ਤਰਾਂ ਭਾਰਤੀ ਸਟੇਟ ਨੇ ਐਨ ਐਸ ਏ ਵਰਗੇ ਕਾਲੇ ਕਨੂੰਨਾਂ ਦਾ ਸਹਾਰਾ ਲੈ ਕੇ ਨੌਜਵਾਨਾਂ ਨੂੰ ਜੇਲ੍ਹਾਂ ਵਿੱਚ ਡੱਕੇਆ ਅਤੇ ਉਸਨੂੰ ਫੜਨ ਲਈ ਜੋ ਅਡੰਬਰ ਰਚਿਆ ਗਿਆ ਉਹ ਬਿਲਕੁੱਲ ਹੀ ਨਜਾਇਜ਼ ਤੇ ਬੇਲੋੜੀਂਦਾ ਸੀ। ਸਰਕਾਰੀ ਮੀਡੀਆ ਤੇ ਸਮੁਚੇ ਸਰਕਾਰੀ ਤੰਤਰ ਨੇ ਉਸ ਕਾਰਵਾਈ ਨੂੰ ਦੁਨੀਆ ਪੱਧਰ ’ਤੇ ਸਿੱਖਾਂ ਖਿਲਾਫ ਬਿਰਤਾਂਤ ਸਿਰਜਣ ਲਈ ਵਰਤਿਆ ਤੇ ਸਿੱਖਾਂ ਨੂੰ ਖਾਲਿਸਤਾਨੀ ਅੱਤਵਾਦੀਆਂ ਵਜੋਂ ਪੇਸ਼ ਕਰਨ ਦਾ ਕੋਝਾ ਯਤਨ ਕੀਤਾ। ਇਸ ਘਟਨਾ ਕ੍ਰਮ ਵਿੱਚੋ 1984 ਵਿੱਚ ਸ੍ਰੀ ਦਰਬਾਰ ਸਾਹਿਬ ਉਪਰ ਹੋਏ ਭਾਰਤੀ ਫ਼ੌਜੀ ਹਮਲੇ ਤੋਂ ਬਾਅਦ ਚਲੇ ਖਾੜਕੂ ਸੰਘਰਸ਼ ਨੂੰ ਸਿੱਖਾਂ ਵਿੱਚ ਹੀ ਬਦਨਾਮ ਕਰਨ ਦੇ ਕੋਝੇ ਯਤਨ ਬਹੁਤ ਜ਼ੋਰ ਸ਼ੋਰ ਨਾਲ ਸ਼ੁਰੂ ਹੋਏ ਜਿਸ ਵਿੱਚ ਖਾੜਕੂ ਜਰਨੈਲਾਂ ਦੀ ਕਿਰਦਾਰਕੁਸ਼ੀ ਅਤੇ ਸਿੱਖਾਂ ਦੀ ਅਜ਼ਾਦੀ ਦੇ ਸੰਘਰਸ਼ ਨੂੰ ਆਪਸੀ ਭਰਾਮਾਰੂ ਲੜਾਈ ਵਜੋਂ ਪ੍ਰਚਾਰਨ ਦਾ ਅਮਲ ਸ਼ੁਰੂ ਹੋਇਆ। ਜਿਸ ਤਹਿਤ ਭਾਈ ਦਲਜੀਤ ਸਿੰਘ ਨੂੰ ਖਾਸ ਨਿਸ਼ਾਨਾ ਬਣਾਇਆ ਗਿਆ। ਜਿਸ ਵਿੱਚ ਕੁੱਝ ਅੰਮ੍ਰਿਤਪਾਲ ਸਿੰਘ ਦੇ ਸਮੱਰਥਕ ਅਤੇ ਕੁੱਝ ਆਪਣੇ ਆਪ ਨੂੰ ਖਾਲਿਸਤਾਨੀ ਕਹਿਣ ਵਾਲੇ ਵੀ ਸ਼ਾਮਿਲ ਹੋਏ।




ਸਿੱਖ ਫੇਡਰੇਸ਼ਨ ਅਮਰੀਕਾ ਸਰਕਾਰੀ ਪ੍ਰਾਪੇਗੰਡੇ ਵਿਰੁੱਧ ਡੱਟਦਿਆਂ ਜਿਥੇ ਸਿੱਖ ਧਿਰਾਂ ਨੂੰ ਆਪਸੀ ਤਾਲਮੇਲ ਵਧਾਉਣ ਲਈ ਬੇਨਤੀ ਕਰਦੀ ਹੈ ਉਥੇ ਨਾਲ ਹੀ ਸਰਕਾਰੀ ਦਮਨ ਤਹਿਤ ਫੜੇ ਨੌਜਵਾਨਾਂ ਸਿੰਘਾਂ ਲਈ ਹਰ ਸੰਭਵ ਮਦਦ ਕਰਨ ਦੀ ਵੀ ਹਾਮੀ ਭਰਦੀ ਹੈ। ਕੌਮ ਵਲੋਂ ਲੜਨ ਵਾਲੇ ਜੁਝਾਰੂ ਸਿੰਘਾਂ ਦੀ ਕਿਦਾਰਕੁਸ਼ੀ ਕਰਨਾ ਅਪਣੇ ਪੈਰੀਂ ਕੁਹਾੜਾ ਮਾਰਨ ਵਾਲਾ ਅਮਲ ਹੈ ਜਿਸ ਤੋਂ ਬਚਣ ਦੀ ਜਰੂਰਤ ਹੈ। ਹਾਲਾਤਾਂ ਅਨੁਸਾਰ ਸਿੱਖਾਂ ਨੂੰ ਅਪਣੀ ਅਜ਼ਾਦੀ ਦਾ ਸੰਘਰਸ਼ ਹਰ ਪੱਧਰ ਉਪਰ ਲੜਨ ਦੀ ਸਖਤ ਲੋੜ ਹੈ। 1984 ਤੋਂ ਬਾਅਦ ਜਿਸ ਵੀ ਸਿੰਘ ਨੇ ਕਿਸੇ ਵੀ ਤਰਾਂ ਦੀ ਕੌਮੀ ਸੇਵਾ ਕੀਤੀ ਹੈ, ਸਾਨੂੰ ਉਸਦਾ ਸਤਿਕਾਰ ਕਰਦਿਆਂ, ਨਵੇਂ ਸੰਘਰਸ਼ੀ ਵੀਰਾਂ ਦਾ ਸਾਥ ਦਿੰਦਿਆਂ, ਕੌਮੀ ਲੜਾਈ ਨੂੰ ਮੁਖ ਰੱਖਦਿਆਂ ਆਪਸੀ ਵਿਥ ਵਖਰੇਵੇਂ ਖੜੇ ਨਾ ਕਰਕੇ, ਇਕੱਠੇ ਹੋ ਕੇ ਕੌਮ ਦੀ ਆਜ਼ਾਦੀ ਲਈ ਹੰਭਲਾ ਮਾਰਨਾ ਚਾਹੀਦਾ ਹੈ।

# ਕੈਲੀਫੋਰਨੀਆ ਦੇ ਗੁਰਦੁਆਰੇ ’ਚ ਗੋਲ਼ੀਬਾਰੀ ਨਾਲ ਸਬੰਧਤ 17 ਲੋਕਾਂ ਨੂੰ ਪੁਲਿਸ ਨੇ ਕੀਤਾ ਕਾਬੂ

## ਗ੍ਰਿਫ਼ਤਾਰ ਕੀਤੇ ਗਏ ਲੋਕਾਂ ਵਿੱਚੋਂ ਦੋ ਮਾਫ਼ੀਆ ਮੈਂਬਰ ਭਾਰਤ ’ਚ ਕਈ ਕਤਲਾਂ ਵਿੱਚ ਲੋੜੀਂਦੇ

ਕੈਲੀਫੋਰਨੀਆ/ਏ.ਟੀ.ਨਿਊਜ਼ :- ਉਬਤਰੀ ਕੈਲੀਫੋਰਨੀਆ ਦੀਆਂ ਕਈ ਕਾਉਂਟੀਆਂ ਵਿੱਚ ਫੈਲੇ ਵਿਰੋਧੀ ਅਪਰਾਧਿਕ ਸਿੰਡੀਕੇਟਾਂ ਦੀ ਜਾਂਚ ਦੇ ਸਬੰਧ ਵਿੱਚ 17 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਅਪਰਾਧੀ ਸਟਾਕਟਨ, ਸੈਕਰਾਮੈਂਟੋ ਅਤੇ ਹੋਰ ਸਥਾਨਾਂ ਵਿੱਚ ਸਿੱਖ ਗੁਰਦੁਆਰੇ ਵਿੱਚ ਗੋਲ਼ੀਬਾਰੀ ਨਾਲ ਸਬੰਧਤ ਹਨ।

ਸੰਯੁਕਤ ਕਾਨੂੰਨ ਲਾਗੂ ਕਰਨ ਵਾਲੇ ਅਭਿਆਨ ਤਹਿਤ ਏਜੰਟਾਂ ਨੇ ਐਤਵਾਰ ਨੂੰ 20 ਥਾਵਾਂ ’ਤੇ ਸਰਚ ਵਾਰੰਟ ਚਲਾਏ ਅਤੇ 41 ਹਥਿਆਰ ਜ਼ਬਤ ਕੀਤੇ। ਕੁਝ ਹਥਿਆਰਾਂ ਵਿੱਚ ਇੱਕ ਏਆਰ-15, ਏਕੇ 47, ਹੈਂਡਗਨ ਅਤੇ ਘੱਟੋ-ਘੱਟ ਇੱਕ ਮਸ਼ੀਨ ਗਨ ਸ਼ਾਮਲ ਸੀ। ਕੈਲੀਫੋਰਨੀਆ ਦੇ ਅਟਾਰਨੀ ਜਨਰਲ ਦੇ ਦਫਤਰ ਨੇ ਇੱਕ ਪ੍ਰੈਸ ਕਾਨਫ਼ਰੰਸ ਵਿੱਚ ਕਿਹਾ ਕਿ ਵਿਰੋਧੀ ਸਮੂਹਾਂ ਨੂੰ “ਸੱਟਰ, ਸੈਕਰਾਮੈਂਟੋ, ਸੈਨ ਜੋਕਿਨ, ਸੋਲਾਨੋ, ਯੋਲੋ ਅਤੇ ਮਰਸਡ ਕਾਉਂਟੀਆਂ ਵਿੱਚ ਪੰਜ ਕਤਲਾਂ ਸਮੇਤ ਕਈ ਹਿੰਸਕ ਅਪਰਾਧਾਂ ਅਤੇ ਗੋਲ਼ੀਬਾਰੀ ਲਈ ਜ਼ਿੰਮੇਵਾਰ ਮੰਨਿਆ ਜਾਂਦਾ ਹੈ।” ਸਟਰ ਕਾਉਂਟੀ ਦੀ ਜ਼ਿਲ੍ਹਾ ਅਟਾਰਨੀ ਜੈਨੀਫਰ ਡੁਪਰੇ ਨੇ ਪ੍ਰੈਸ ਕਾਨਫ਼ਰੰਸ ਦੌਰਾਨ ਕਿਹਾ ਕਿ ਪਿਛਲੇ ਕਈ ਸਾਲਾਂ ਤੋਂ, ਸ਼ਾਂਤਮਈ ਸਿੱਖ ਭਾਈਚਾਰਾ ਇਨਾਂ ਅਪਰਾਧੀ ਲੋਕਾਂ ਦੁਆਰਾ ਕੀਤੀਆਂ ਗਈਆਂ ਹਿੰਸਾ ਦੀਆਂ ਕਾਰਵਾਈਆਂ ਨਾਲ ਜੂਝ ਰਿਹਾ ਹੈ।

# ਯੂ.ਕੇ. ਦੇ ਗੁਰੂਘਰਾਂ ਨੇ ਪੰਜਾਬ ਦੇ ਸਿੱਖਾਂ ਨੂੰ ਠੱਗਾਂ ਤੋਂ ਬਚਣ ਦੇ ਲਈ ਸਖ਼ਤ ਚਿਤਾਵਨੀ ਕੀਤੀ ਜਾਰੀ

## ਕਿਹਾ ਕਿ ਭਾਰਤ ’ਚ ਸਿੱਖਾਂ ਤੋਂ ਪੈਸੇ ਠੱਗਣ ਦੇ ਲਈ ਗੁਰੂ ਘਰਾਂ ’ਚ ਨੌਕਰੀ ਤੇ ਵੀਜ਼ੇ ਦੇ ਕੀਤੇ ਜਾ ਰਹੇ ਨੇ ਝੂਠੇ ਵਾਅਦੇ

ਲੰਡਨ : ਯੂਕੇ ਦੇ ਗੁਰੂ ਘਰਾਂ ਵੱਲੋਂ ਪੰਜਾਬ ਦੇ ਸਿੱਖਾਂ ਨੂੰ ਧੋਖਾਧੜੀ ਤੋਂ ਬਚਣ ਦੇ ਲਈ ਸਖ਼ਤ ਚਿਤਾਵਨੀ ਜਾਰੀ ਕੀਤੀ ਗਈ ਹੈ। ਕੁਝ ਧੋਖੇਬਾਜ਼ਾਂ ਵੱਲੋਂ ਭਾਰਤ ਵਿੱਚ ਲੋਕਾਂ ਤੋਂ ਪੈਸੇ ਠੱਗਣ ਦੇ ਇਰਾਦੇ ਨਾਲ ਗੁਰੂ ਘਰਾਂ ਵਿੱਚ ਨੌਕਰੀ ਅਤੇ ਵੀਜ਼ੇ ਦਾ ਝੂਠੇ ਵਾਅਦੇ ਕੀਤੇ ਜਾ ਰਹੇ ਹਨ। ਗ੍ਰੇਸੈਂਡ ਵਿੱਚ ਗੁਰੂ ਨਾਨਕ ਦਰਬਾਰ ਗੁਰਦੁਆਰੇ ਨੇ ਆਪਣੇ ਸੋਸ਼ਲ ਮੀਡੀਆ ਪੰਨਿਆਂ ’ਤੇ ਚਿਤਾਵਨੀ ਦਿੱਤੀ ਹੈ ਕਿ ਲੋਕਾਂ ਵੱਲੋਂ ਨੌਕਰੀ ਦੇ ਮੌਕਿਆਂ ਲਈ ਮੁਫ਼ਤ ਭੋਜਨ ਅਤੇ ਯਾਤਰਾ ਦੀਆਂ ਟਿਕਟਾਂ ਦੀ ਪੇਸ਼ਕਸ਼ ਕਰਕੇ ਲੁੱਟਿਆ ਜਾ ਰਿਹਾ ਹੈ,ਇਨ੍ਹਾਂ ਤੋਂ ਬਚਣ ਦੀ ਜ਼ਰੂਰਤ ਹੈ।




ਗੁਰਦੁਆਰੇ ਦੇ ਜਨਰਲ ਸਕੱਤਰ ਜਗਦੇਵ ਸਿੰਘ ਵਿਰਦੀ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਇੱਥੇ ਇੱਕ ਕੁੜੀ ਆਈ ਸੀ ਉਸ ਨੇ ਇਸ਼ਤਿਹਾਰ ਦਾ ਹਵਾਲਾ ਦਿੰਦੇ ਹੋਏ ਆਪਣੇ ਪਿਤਾ ਦੇ ਲਈ ਨੌਕਰੀ ਬਾਰੇ ਪੁੱਛਿਆ ਤਾਂ ਉਨ੍ਹਾਂ ਨੂੰ ਇਸ ਠੱਗੀ ਦੇ ਬਾਰੇ ਜਾਣਕਾਰੀ ਮਿਲੀ। ਵਿਰਦੀ ਮੁਤਾਬਿਕ ਉਸ ਤੋਂ ਬਾਅਦ ਕਈ ਲੋਕ ਉਨ੍ਹਾਂ ਨੂੰ ਵਟਸਐਪ ਦੇ ਜ਼ਰੀਏ ਨੌਕਰੀ ਲਈ ਸੰਪਰਕ ਕਰ ਚੁੱਕੇ ਹਨ ਜਦਕਿ ਉਨ੍ਹਾਂ ਵੱਲੋਂ ਅਜਿਹਾ ਕੋਈ ਵੀ ਇਸ਼ਤਿਹਾਰ ਨਹੀਂ ਦਿੱਤਾ ਗਿਆ ਸੀ। ਉਨ੍ਹਾਂ ਦੱਸਿਆ ਕਈ ਲੋਕਾਂ ਨੇ ਉਨ੍ਹਾਂ ਨੂੰ ਆਪਣੀ ਜਾਣਕਾਰੀ ਸਾਂਝੀ ਕੀਤੀ ਹੈ। ਜਨਰਲ ਸਕੱਤਰ ਨੇ ਦੱਸਿਆ ਕਿ ਜਿਹੜੇ ਧੋਖੇਬਾਜ਼ਾਂ ਨੇ ਵੈੱਬਸਾਈਟ ਦਾ ਪਤਾ ਦਿੱਤਾ ਹੈ ਉਹ ਗੁਰਦੁਆਰੇ ਦੀ ਵੈੱਬਸਾਈਟ ਦੇ ਨਾਲ ਮੇਲ ਖਾਂਦੀ ਹੈ।

ਵਿਰਦੀ ਨੇ ਦੱਸਿਆ ਕਿ ਫ਼ਰਜ਼ੀ ਆਫ਼ਰ ਲੈਟਰ ਦੇਣ ਤੋਂ ਬਾਅਦ ਠੱਗ ਲੋਕਾਂ ਤੋਂ ਟਰੈਵਲ ਟਿਕਟ ਅਤੇ ਵੀਜ਼ਾ ਲਗਵਾਉਣ ਦੇ ਨਾਂ ’ਤੇ ਲੱਖਾਂ ਰੁਪਏ ਠੱਗ ਰਹੇ ਹਨ। ਠੱਗ ਲੋਕਾਂ ਨੂੰ ਲੱਖਾ ਰੁਪਏ ਕਮਾਉਣ ਦਾ ਲਾਲਚ ਦਿੰਦੇ ਹਨ ਅਤੇ ਇੰਗਲੈਂਡ ਜਾਣ ਦੇ ਭੂਤ ਸਵਾਰ ਹੋਣ ਦੀ ਵਜ੍ਹਾ ਕਰਕੇ ਉਹ ਠੱਗੇ ਜਾ ਰਹੇ ਹਨ। ਇੰਗਲੈਂਡ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖਾਂ ਨੂੰ ਕਿਹਾ ਕਿ ਉਹ ਅਜਿਹੇ ਧੋਖੇ ਵਿੱਚ ਨਾ ਆਉਣ ਅਤੇ ਆਪਣੇ ਪੈਸੇ ਬਰਬਾਦ ਨਾ ਕਰਨ। ਜਨਰਲ ਸਕੱਤਰ ਨੇ ਦੱਸਿਆ ਕਿ ਗੁਰੂ ਨਾਨਕ ਦਰਬਾਰ ਗੁਰਦੁਆਰਾ, ਗ੍ਰੇਸੈਂਡ ਦੀ ਜਿਹੜੀ ਫੋਟੋ ਫ਼ਰਜ਼ੀ ਵੈੱਬਸਾਈਟ ’ਤੇ ਸ਼ੋਅ ਹੋ ਰਹੀ ਹੈ ਉਹ ਜੀਐਨਡੀਜੀ ਅਧੀਨ ਨਹੀਂ ਆਉਂਦਾ ਹੈ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਦੀ ਸ਼ਿਕਾਇਤ ਕੈਂਟ (ਬਾਕੀ ਸਫ਼ਾ 30 ’ਤੇ)

# ਜੁਝਾਰ ਸਿੰਘ ਕੈਲੀਫੋਰਨੀਆ ਦੀ ਅਲਮੇਡਾ ਕਾਉਂਟੀ ’ਚ ਪਹਿਲੇ ਸਿੱਖ ਪੁਲਿਸ ਅਫਸਰ ਬਣੇ

ਫਰੀਮਾਂਟ/ਏ.ਟੀ.ਨਿਊਜ਼ :- ਕੈਲੀਫੋਰਨੀਆ ਦੀ ਅਲਮੇਡਾ ਕਾਉਂਟੀ ਵਿੱਚ ਨਵੇਂ ਸਿੱਖ ਅਮਰੀਕਨ ਸਿਪਾਹੀ ਨੇ ਪਹਿਲਾ ਦਸਤਾਰਧਾਰੀ ਪੁਲਿਸ ਅਫਸਰ ਬਣ ਕੇ ਇਤਿਹਾਸ ਰਚ ਦਿੱਤਾ ਹੈ। ਅਫਸਰ ਜੁਝਾਰ ਸਿੰਘ, 23, 18 ਮਈ ਨੂੰ 167ਵੀਂ ਅਲਾਮੇਡਾ ਕਾਉਂਟੀ ਸ਼ੈਰਿਫ ਦੇ ਦਫਤਰ ਬੇਸਿਕ ਪੁਲਿਸ ਅਕੈਡਮੀ ਤੋਂ ਗ੍ਰੈਜੂਏਟ ਹੋਣ ਤੋਂ ਬਾਅਦ ਹੇਵਰਡ ਪੁਲਿਸ ਵਿਭਾਗ ਵਿੱਚ ਸ਼ਾਮਲ ਹੋਇਆ। ਪੁਲਿਸ ਅਕੈਡਮੀ ਨੂੰ ਕੈਲੀਫੋਰਨੀਆ ਵਿੱਚ ਸਭ ਤੋਂ ਮੁਸ਼ਕਲ ਅਕਾਦਮੀਆਂ ਵਿੱਚੋਂ ਇੱਕ ਕਿਹਾ ਜਾਂਦਾ ਹੈ।



ਅਦਾਰਾ ਅੰਮ੍ਰਿਤਸਰ ਟਾਈਮਜ਼ ਅਫਸਰ ਜੁਝਾਰ ਸਿੰਘ ਨੂੰ ਸਾਲ 2022 ਦਾ ਅਫਸਰ ਚੁਣੇ ਜਾਣ ਲਈ ਵਧਾਈ ਦੇਣਾ ਚਾਹੁੰਦੇ ਹਾਂ! ਜੁਝਾਰ ਨੂੰ ਉਸਦੇ ਸਾਥੀਆਂ ਅਤੇ ਸੁਪਰਵਾਈਜ਼ਰਾਂ ਦੁਆਰਾ ਸਨਮਾਨ ਲਈ ਚੁਣਿਆ ਗਿਆ ਸੀ, ਅਤੇ ਅਗਲੇ ਮਹੀਨੇ ਓਪਟੀਮਿਸਟ ਕਲੱਬ ਆਫ ਨੇਵਾਰਕ, 31 ਦੁਆਰਾ ਰਸਮੀ ਤੌਰ @ਤੇ ਮਾਨਤਾ ਦਿੱਤੀ ਜਾਵੇਗੀ। ਜੁਝਾਰ ਨੇ ਆਪਣੀ ਕਾਨੂੰਨ ਲਾਗੂ ਕਰਨ ਦੀ ਯਾਤਰਾ ਯੂਸੀਪੀਡੀ ਲਈ ਕੈਡੇਟ ਵਜੋਂ ਸ਼ੁਰੂ ਕੀਤੀ। ਹਾਲਾਂਕਿ ਉੱਥੋਂ ਉਹ ਹੇਵਰਡ ਪੀਡੀ ਲਈ ਪੁਲਿਸ ਅਧਿਕਾਰੀ ਬਣ ਗਿਆ, ਜੁਝਾਰ ਆਖਰਕਾਰ 2021 ਵਿੱਚ ਆਪਣੇ ਯੂਨੀਅਨ ਸਿਟੀ ਪਰਿਵਾਰ ਵਿੱਚ ਦੁਬਾਰਾ ਸ਼ਾਮਲ ਹੋ ਗਿਆ। ਜੁਝਾਰ ਨੇ ਆਪਣਾ ਵੱਡਾ ਸਮਾਂ ਵਿਭਾਗ ਨੂੰ ਬਿਹਤਰ ਬਣਾਉਣ ਅਤੇ ਕਮਿਊਨਿਟੀ ਨਾਲ ਇਸ ਦੇ ਸਬੰਧਾਂ ਨੂੰ ਸਮਰਪਿਤ ਕੀਤਾ। ਅਕਸਰ, ਜੁਝਾਰ ਨੂੰ UCPD ਦੇ ਬਹੁਤ ਸਾਰੇ ਕਮਿਊਨਿਟੀ ਸਮਾਗਮਾਂ ਵਿੱਚ ਹਿੱਸਾ ਲੈਂਦੇ ਦੇਖਿਆ ਜਾ ਸਕਦਾ ਹੈ, ਜੋ ਕਿ ਵਿਭਾਗ ਦੀ ਪੇਸ਼ੇਵਰ ਅਤੇ ਮਾਣ ਨਾਲ ਨੁਮਾਇੰਦਗੀ ਕਰਦਾ ਹੈ। ਇਸ ਵਿਭਾਗ ਵਿਚ ਸ਼ਮੂਲੀਅਤ ਸਾਡੀ ਸੰਸਥਾ ਦੀਆਂ ਪ੍ਰਮੁੱਖ ਤਰਜੀਹਾਂ ਵਿੱਚੋਂ ਇੱਕ ਹੈ, ਅਤੇ ਜੁਝਾਰ ਉਹਨਾਂ ਭਾਈਚਾਰਿਆਂ ਨਾਲ ਸਾਡੇ ਸਬੰਧਾਂ ਨੂੰ ਬਿਹਤਰ ਬਣਾਉਣ ਲਈ ਅਣਥੱਕ ਕੰਮ ਕਰਦਾ ਹੈ ਜਿਨ੍ਹਾਂ ਦੀ ਅਸੀਂ ਸੇਵਾ ਕਰਦੇ ਹਾਂ। ਜੁਝਾਰ ਕੈਡਿਟ ਵਜੋਂ ਆਪਣੀਆਂ ਜੜ੍ਹਾਂ ਨੂੰ ਨਹੀਂ ਭੁੱਲੇ ਹਨ। ਉਹ ਗੈਰ-ਸਹੁੰ ਚੁੱਕਣ ਵਾਲੇ ਕਰਮਚਾਰੀਆਂ ਲਈ ਇੱਕ ਸਲਾਹਕਾਰ ਪ੍ਰੋਗਰਾਮ ਵਿਕਸਤ ਕਰਨ ਦੀ ਪ੍ਰਕਿਰਿਆ ਵਿੱਚ ਹੈ।

ਦੱਸਣ ਯੋਗ ਹੈ ਕਿ ਬੇ ਏਰੀਆ ਵਿੱਚ ਹੋਰ ਸਿੱਖ ਅਫਸਰ ਵੀ ਰਹੇ ਹਨ, ਪਰ ਦਸ ਜਾਂ ਪੰਦਰਾਂ ਸਾਲਾਂ ਵਿੱਚ ਪਹਿਲਾ ਦਸਤਾਰਧਾਰੀ ਅਫਸਰ ਹੋਣਾ ਸਿੱਖ ਕੌਮ ਲਈ ਆਦਰਸ਼ ਬਣ ਜਾਵੇਗਾ। ਜੁਝਾਰ ਸਿੰਘ ਨੇ ਕਿਹਾ ਕਿ , ਉਸਨੂੰ ਆਪਣੇ ਪੁਲਿਸ ਅਫਸਰ ਬੈਜ ਦੇ ਨਾਲ ਸਿੱਖ ਧਰਮ ਦੇ ਕਕਾਰ ਪਹਿਨਣ ’ਤੇ ਮਾਣ ਹੈ ਤੇ ਇਹ ਇਕ ਸਕੂਨ ਭਰਿਆ ਅਹਿਸਾਸ ਹੈ, ਇਹ ਇੱਕ ਸੁਪਨਾ ਸਾਕਾਰ ਹੋਇਆ ਹੈ। ਸਿੱਖ ਅਮਰੀਕਨ ਲੀਗਲ ਡਿਫੈਂਸ ਐਂਡ ਐਜੂਕੇਸ਼ਨ ਫੰਡ ਦੇ ਅਨੁਸਾਰ, ਵਾਸ਼ਿੰਗਟਨ ਮੈਟਰੋਪੋਲੀਟਨ ਪੁਲਿਸ ਡਿਪਾਰਟਮੈਂਟ, (ਬਾਕੀ ਸਫ਼ਾ 29 ’ਤੇ)

# ਲੋਕ ਸਾਹਿਤ ਸੰਗਮ ਦਾ ਸਾਹਿਤਕ ਸਮਾਗਮ ਹੋਇਆ ਸੰਪੰਨ



ਰਾਜਪੁਰਾ/ਪ੍ਰਮਿੰਦਰ ਸਿੰਘ ਪ੍ਰਵਾਨਾ/ਡਾ. ਅਮਨ: ਲੋਕ ਸਾਹਿਤ ਸੰਗਮ ਰਾਜਪੁਰਾ ਦਾ ਸਾਹਿਤ ਸਮਾਗਮ ਗੁਰਵਿੰਦਰ ਸਿੰਘ ਅਮਨ ਦੀ ਪ੍ਰਧਾਨਗੀ ਹੇਠ ਹੋਇਆ। ਪ੍ਰਧਾਨਗੀ ਮੰਡਲ ਵਿੱਚ ਵਿਸ਼ੇਸ਼ ਮਹਿਮਾਣ ਗੁਰਦਰਸ਼ਨ ਸਿੰਘ ਗਸੀਲ ਤੇ ਬਲਵਿੰਦਰ ਸਿੰਘ ਭੱਟੀ ਸਨ। ਪ੍ਰੋਗਰਾਮ ਦਾ ਆਰੰਭ ਅਵਤਾਰ ਪੁਆਰਾ ਦੀ ਗਜ਼ਲ ‘ ਪੂਰੇ ਦਿਨ ’ਤੇ ਪੈ ਮੌਸਮ ਦੀ ਮਾਰ ਗਈ, ਫੇਰ ਦਿਹਾੜੀ ਕਿਰਤੀ ਦੀ ਬੇਕਾਰ ਗਈ’ ਨਾਲ ਹੋਇਆ। ਰਣਜੀਤ ਸਿੰਘ ਫਤਹਿਗੜ੍ਹ ਸਾਹਿਬ ਨੇ ‘ਤੇਰੇ ਆਪਣੇ ਬੇਗਾਨੇ’ ਸੁਣਾ ਕੇ ਹੋਰ ਵੀ ਰੰਗ ਭਰਿਆ। ਭੀਮ ਸੈਨ ਝੂਲੇਲਾਲ ਨੇ ਸਰਾਇਕੀ ਜਬਾਨ ਵਿੱਚ ਆਪਣਾ ਕਲਾਮ ਸੁਣਾਇਆ। ਸੁਨੀਤਾ ਦੇਸ ਰਾਜ ਨੇ ‘ਛੋਟੀ ਜਿਹੀ ਪਿਆਰੀ ਕੁੜੀ’ ਸੁਣਾ ਕੇ ਵਾਹ ਵਾਹ ਖੱਟੀ।

(ਬਾਕੀ ਸਫ਼ਾ 30 ’ਤੇ)

# 'ਸਿੱਖ ਬੱਚਿਆਂ ਦਾ ਦਿਨ' ਇੱਕ ਅਨੂਠੀ ਛਾਪ ਛੱਡ ਗਿਆ, ਗੁਰਦੁਆਰਾ ਸਾਹਿਬ ਫਰੀਮੌਂਟ ਦਾ ਨਿਵੇਕਲਾ ਉੱਦਮ



ਫਰੀਮੌਂਟ (ਪ੍ਰਮਿੰਦਰ ਸਿੰਘ ਪ੍ਰਵਾਨਾ) : ਲੱਗਭੱਗ ਪਿਛਲੇ 20 ਸਾਲਾਂ ਤੋਂ ਮਨਾਇਆ ਜਾ ਰਿਹਾ ਸਿੱਖ ਬੱਚਿਆਂ ਦਾ ਦਿਨ ਇਸ ਵਾਰ ਵੀ ਗੁਰਦੁਆਰਾ ਸਾਹਿਬ ਫਰੀਮੌਂਟ ਵਿਖੇ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਜਿਸ ਵਿੱਚ ਸੈਂਕੜੇ ਬੱਚਿਆਂ ਨੇ ਵੱਖ- ਵੱਖ ਮੁਕਾਬਲਿਆਂ ਵਿੱਚ ਹਿਸਾ ਲਿਆ। ਤਿੰਨ ਸਾਲ ਤੋਂ ਉਨੀ ਸਾਲ ਦੀ ਉਮਰ ਦੇ ਵੱਖ- ਵੱਖ ਸ਼ਹਿਰਾਂ ਤੋਂ ਆਏ ਬੱਚੇ ਜਿਵੇਂ ਟਰੇਸੀ, ਮਨਟੀਕਾ, ਟਰਲਕ, ਫਰਿਜਨੋ, ਸਟਾਕਟਨ, ਐਲਸ ਬਰਾਂਟੇ, ਸੈਨਹੋਜ਼ੇ, ਸੈਂਟਾ, ਕਲਾਰਾ ਅਤੇ ਬੇ ਏਰੀਏ ਦੇ ਸਮੂਹ ਸ਼ਹਿਰਾਂ ਦੇ ਬੱਚਿਆਂ ਨੇ ਆ ਕੇ ਹਿੱਸਾ ਲਿਆ। ਪ੍ਰਭਾਵ ਫੇਰੀ ਦੇ ਰੂਪ ਵਿੱਚ ਗੁਰਦੁਆਰਾ ਸਾਹਿਬ ਦੀ ਪ੍ਰਕਰਮਾ ਗੁਰੂ ਘਰ ਦੇ ਪਿਆਰਿਆਂ ਨੇ ਕਰਕੇ ਇਸ ਦਿਵਸ ਦੀ ਆਰੰਭਤਾ ਕੀਤੀ। ਅੱਖਰ ਬੋਧ, ਕਵਿਤਾ ਸ਼ਬਦ ਕੀਰਤਨ ਅਤੇ ਅਰਦਾਸ ਤੋਂ ਬਾਅਦ ਉਲੀਕੇ ਪ੍ਰੋਗਰਾਮ ਸਿਖਰ 'ਤੇ ਪਹੁੰਚੇ। ਸਾਰੇ ਪ੍ਰੋਗਰਾਮਾਂ ਨੂੰ ਵੱਖ ਵੱਖ ਹਿਸਿਆਂ ਵਿੱਚ ਵੰਡਿਆ ਗਿਆ ਜਿਵੇਂ ਸਾਖੀ ਸੁਨਾਉਣਾ, ਦਸਤਾਰ ਸਜਾਉਣਾਂ, ਪ੍ਰਸ਼ਾਦਾ ਤਿਆਰ ਕਰਨਾ, ਤੰਤੀ ਸਾਜ, ਤਬਲਾ, ਸਿੱਖ ਕਲਾ ਚਿੱਤਰਕਾਰੀ, ਗੁਰਬਾਣੀ ਕੰਠ, ਘੋੜ ਸਵਾਰੀ, ਤੀਰ ਅੰਦਾਜੀ, ਗਤਕਾ ਖੇਡਣਾ ਆਦਿ ਸ਼ਾਮਲ ਸਨ। ਮੁਕਾਬਲਿਆਂ ਦਾ ਮਿਆਰੀ ਅੰਦਾਜਾ ਵੇਖਣ ਅਤੇ ਸੁਨਣ ਤੇ ਹੀ ਬਣਦਾ ਸੀ। ਪ੍ਰਤੀਯੋਗਤਾ ਨੂੰ ਪ੍ਰਖਣ ਲਈ ਹਰ ਖੇਤਰ ਦੇ ਮਾਹਰ ਜੱਜਾਂ ਨੇ ਬਹੁਤ ਹੀ ਉਚ ਦਰਜ਼ੇ ਦੀ ਸੇਵਾ ਨਿਭਾਈ। ਕਵਿਤਾ ਦੇ ਜੱਜ ਸਨ ਸਾਹਿਤਕਾਰ ਪ੍ਰਮਿੰਦਰ ਸਿੰਘ ਪ੍ਰਵਾਨਾ, ਜਸਦੀਪ ਸਿੰਘ ਫਰੀਮੌਂਟ ਅਤੇ

(ਬਾਕੀ ਸਫ਼ਾ 29 'ਤੇ)

# ਗਦਰੀ ਬਾਬਿਆਂ ਦੇ ਇਤਿਹਾਸਕ ਅਸਥਾਨ ਸਟਾਕਟਨ, ਕੈਲੀਫੋਰਨੀਆ 'ਚ ਸਜਾਇਆ ਗਿਆ ਵਿਸ਼ਾਲ ਨਗਰ ਕੀਰਤਨ

## ਅੰਮ੍ਰਿਤ ਸੰਚਾਰ ਤੇ ਵਿਸ਼ੇਸ਼ ਕੀਰਤਨ ਦਰਬਾਰ ਹੋਇਆ










ਸੈਕਰਾਮੈਂਟੋ, ਕੈਲੀਫੋਰਨੀਆ: (ਹੁਸਨ ਲੜੋਆ ਬੰਗਾ) ਖਾਲਸਾ ਪੰਥ ਦੀ ਸਾਜਨਾ ਦਿਵਸ ਮੌਕੇ ਅਤੇ ਵਿਸਾਖੀ ਦੇ ਦਿਹਾੜੇ 'ਤੇ ਗੁਰਦੁਆਰਾ ਸਾਹਿਬ ਸਟਾਕਟਨ ਵਿਖੇ 24 ਵਾਂ ਮਹਾਨ ਨਗਰ ਕੀਰਤਨ ਸਜਾਇਆ ਗਿਆ। ਜਿਸ ਵਿੱਚ ਇਲਾਕੇ ਦੀਆਂ ਹਜ਼ਾਰਾਂ ਸੰਗਤਾਂ ਨੇ ਸ਼ਮੂਲੀਅਤ ਕੀਤੀ। ਗੁਰਦੁਆਰਾ ਸਾਹਿਬ ਵਿੱਚ ਕਰੀਬ ਦੋ ਹਫਤਿਆਂ ਤੋਂ ਪੰਜਾਬ 'ਚੋਂ ਆਏ ਅਲੱਗ ਅਲੱਗ ਕਵੀਸ਼ਰੀ, ਕੀਰਤਨ ਤੇ ਕਥਾਵਾਚਕ ਜੱਥਿਆਂ ਭਾਈ ਪਿੰਦਰਪਾਲ ਸਿੰਘ (ਕਥਾਵਾਚਕ), ਭਾਈ ਹਰਜਿੰਦਰ ਸਿੰਘ, ਭਾਈ ਸਰਬਜੀਤ ਸਿੰਘ ਰੰਗੀਲਾ, ਭਾਈ ਹਰਪ੍ਰੀਤ ਸਿੰਘ, ਭਾਈ ਗੁਰਸੇਵਕ ਸਿੰਘ, ਭਾਈ ਜਗਮੋਹਨ ਸਿੰਘ, ਭਾਈ ਮਹਿਲ ਸਿੰਘ, ਸ੍ਰੀ ਨਗਰ ਵਾਲਿਆਂ ਨੇ ਪਹੁੰਚ ਕੇ ਸੰਗਤਾਂ ਨੂੰ ਗੁਰਬਾਣੀ ਨਾਲ ਨਿਹਾਲ ਕੀਤਾ।ਅੰਮ੍ਰਿਤ ਸੰਚਾਰ ਸ਼ਨੀਵਾਰ ਨੂੰ ਕੀਤਾ ਗਿਆ।ਐਤਵਾਰ ਸਵੇਰ ਦੇ ਦੀਵਾਨਾਂ ਵਿੱਚ ਵੱਖ ਵੱਖ ਬੁਲਾਰਿਆਂ ਨੇ ਸਿੱਖਾਂ ਨੂੰ ਆ ਰਹੀਆਂ ਦਰਪੇਸ਼ ਮੁਸ਼ਕਿਲਾਂ ਤੇ ਪੰਜਾਬ ਵਿੱਚ ਫੜੇ ਗਏ ਸਿੱਖ ਨੌਜੁਆਨਾਂ ਤੇ ਸਰਕਾਰ ਵਲੋਂ ਐਨ ਐਸ ਏ ਤਹਿਤ ਕੇਸ ਦਰਜ ਕਰਨ ਦੀ ਸਮੂਹਿਕ ਨਿੰਦਾ ਕੀਤੀ। ਇਨ੍ਹਾਂ ਸਿੱਖ ਬੁਲਾਰਿਆਂ ਵਿੱਚ ਡਾ. ਅਮਰਜੀਤ ਸਿੰਘ ਵਾਸ਼ਿੰਗਟਨ, ਡਾ. ਪ੍ਰਿਤਪਾਲ ਸਿੰਘ, ਸੁਖਮਿੰਦਰ ਸਿੰਘ ਮੇਅਰ ਲੇਥਰੋਪ ਤੋਂ ਇਲਾਵਾ ਵੱਖ ਵੱਖ ਅਮਰੀਕਨ ਆਗੂਆਂ ਨੇ ਵੀ ਸੰਬੋਧਨ ਕੀਤਾ ਤੇ ਵਿਸਾਖੀ 'ਤੇ ਸਿੱਖਾਂ ਨੂੰ ਮੁਬਾਰਕਬਾਦ ਦਿੱਤੀ।

ਐਤਵਾਰ ਦੁਪਹਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਵਿੱਚ ਨਗਰ ਕੀਰਤਨ ਆਰੰਭ ਹੋਇਆ ਤੇ ਆਪਣੇ ਮਿਥੇ ਹੋਏ ਰੂਟ ਮੁਤਾਬਿਕ ਚਾਰ ਘੰਟੇ ਦੀ ਯਾਤਰਾ ਉਪਰੰਤ ਗੁਰਦੁਆਰਾ ਸਾਹਿਬ ਵਿਖੇ ਪਹੁੰਚ ਕੇ ਸੰਪੂਰਨ ਹੋਇਆ। ਨਗਰ ਕੀਰਤਨ ਵਿੱਚ ਕਰੀਬ 14 ਹਜ਼ਾਰ ਤੋਂ ਉਪਰ ਸੰਗਤਾਂ ਨੇ ਸ਼ਮੂਲੀਅਤ ਕੀਤੀ ਤੇ ਵੱਖ ਵੱਖ ਹੋਰ ਫਲੋਟ ਵੀ ਨਗਰ ਕੀਰਤਨ ਵਿੱਚ ਸ਼ਾਮਿਲ ਹੋਏ। ਇਸ ਮੌਕੇ ਗੁਰਦੁਆਰਾ ਪ੍ਰਬੰਧਕਾਂ ਵੱਲੋਂ ਪੁਲਿਸ ਸਿਕਿਊਰਟੀ ਅਤੇ ਪ੍ਰਾਈਵੇਟ ਸਿਕਿਊਰਟੀ ਦਾ ਭਾਰੀ ਪ੍ਰਬੰਧ ਕੀਤਾ ਗਿਆ ਸੀ। ਇਥੇ ਪੁਖਤਾ ਪ੍ਰਬੰਧ ਇਸ ਲਈ ਵੀ ਕੀਤਾ ਗਿਆ ਸੀ ਕਿਉਂਕਿ ਬੀਤੇ ਦਿਨੀਂ ਸੈਕਰਮੈਂਟੋ ਵਿੱਚ ਨਗਰ ਕੀਰਤਨ ਦੌਰਾਨ ਕੁੱਝ ਸ਼ਰਾਰਤੀ ਅਨਸਰਾਂ ਵਲੋਂ ਗੋਲਾਬਾਰੀ ਕੀਤੀ ਗਈ ਸੀ। ਇਸ ਨਗਰ ਕੀਰਤਨ ਦੌਰਾਨ ਐਤਕਾਂ ਸਮੂਹ ਇਲਾਕਾ ਨਿਵਾਸੀ ਸੰਗਤਾਂ ਅਤੇ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਨੇ ਸ਼ਮੂਲੀਅਤ ਕੀਤੀ।

ਇਸ ਮੌਕੇ ਪ੍ਰਬੰਧਕ ਕਮੇਟੀ ਵਲੋਂ ਅਮਰੀਕਨ ਤੇ ਸਿੱਖ ਆਗੂਆਂ ਨੂੰ ਪਲੈਕ ਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰਬੰਧਕ ਕਮੇਟੀ ਵੱਲੋਂ ਜਿਥੇ ਸਕਿਉਰਿਟੀ ਪੱਖੋਂ ਉਚੇਚੇ ਪ੍ਰਬੰਧ ਸਨ, ਉਥੇ ਵੱਖ ਵੱਖ ਲੰਗਰਾਂ ਦੇ ਸਥਾਨਾਂ ਤੇ ਹੋਰ ਸੰਗਤਾਂ ਦੀ ਆਵਾਜਾਈ ਲਈ ਖਾਸ ਪ੍ਰਬੰਧ ਕੀਤੇ ਹੋਏ ਸਨ।

# ਸਿਰਫ਼ ਸੁਰਖ਼ੀਆਂ 'ਚ ਰਿਹੈ ਸਰਬੱਤ ਖ਼ਾਲਸਾ

## ਸਰਬੱਤ ਖ਼ਾਲਸਾ ਸੱਦਣ ਲਈ ਇੱਕ ਜੁੱਟ ਨਹੀਂ ਹੋ ਸਕੀਆਂ ਪੰਥਕ ਧਿਰਾਂ

ਵਿਸਾਖੀ ਤੋਂ ਕੁਝ ਦਿਨ ਪਹਿਲਾਂ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਤੋਂ 'ਸਰਬੱਤ ਖ਼ਾਲਸਾ' ਬੁਲਾਉਣ ਦੀ ਮੰਗ ਨੇ 'ਸਰਬੱਤ ਖ਼ਾਲਸਾ' ਨੂੰ ਸੁਰਖੀਆਂ ਵਿੱਚ ਲਿਆ ਦਿਤਾ ਸੀ ਅਤੇ ਵਿਸਾਖੀ ਮੌਕੇ 'ਸਰਬੱਤ ਖ਼ਾਲਸਾ' ਬੁਲਾਉਣ ਜਾਂ ਨਾ ਬੁਲਾਉਣ ਸਬੰਧੀ ਕਿਆਸ ਅਰਾਈਆਂ ਦਾ ਦੌਰ ਵੀ ਸ਼ੁਰੂ ਹੋ ਗਿਆ ਸੀ। ਜਿਸ ਕਰਕੇ ਸਾਰੇ ਸਿੱਖ ਪੰਥ ਦੀਆਂ ਨਜ਼ਰਾਂ ਵਿਸਾਖੀ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਮਨਾਏ ਗਏ 'ਵਿਸਾਖੀ ਜੋੜ ਮੇਲ' 'ਤੇ ਲੱਗੀਆਂ ਹੋਈਆਂ ਸਨ। ਵਿਸਾਖੀ ਦਾ ਪਵਿੱਤਰ ਤਿਉਹਾਰ ਆਉਣ ਤੋਂ ਪਹਿਲਾਂ ਹੀ 'ਸ੍ਰੀ ਅਕਾਲ ਤਖ਼ਤ ਸਾਹਿਬ ਜੀ' ਦੇ ਜਥੇਦਾਰ ਇਹ ਸਪਸ਼ਟ ਕਰ ਚੁੱਕੇ ਸਨ ਕਿ 'ਸਰਬੱਤ ਖ਼ਾਲਸਾ' ਨਹੀਂ ਬੁਲਾਇਆ ਜਾਵੇਗਾ ਪਰ ਫਿਰ ਵੀ ਪੰਥਕ ਧਿਰਾਂ ਨੂੰ ਆਸ ਸੀ ਕਿ ਸ਼ਾਇਦ ਵਿਸਾਖੀ ਮੌਕੇ 'ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ', ਗਿਆਨੀ ਹਰਪ੍ਰੀਤ ਸਿੰਘ ਸ਼ਾਇਦ 'ਸਰਬੱਤ ਖ਼ਾਲਸਾ' ਬੁਲਾ ਲੈਣ ਜਾਂ ਫਿਰ ਕੌਮ ਲਈ ਕੋਈ ਨਵਾਂ ਪ੍ਰੋਗਰਾਮ ਪੇਸ਼ ਕਰਨ ਪਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਵਿਸਾਖੀ ਮੌਕੇ 'ਸਰਬੱਤ ਖ਼ਾਲਸਾ' ਨਾ ਬੁਲਾ ਕੇ ਹੁਣ ਨੇੜ ਭਵਿੱਖ ਵਿੱਚ 'ਸਰਬੱਤ ਖ਼ਾਲਸਾ' ਬੁਲਾਉਣ ਦੀ ਆਸ ਨਹੀਂ ਦਿਖਾਈ ਦਿੰਦੀ। ਜਦੋਂ ਅੰਮ੍ਰਿਤਪਾਲ ਸਿੰਘ ਨੇ 'ਸਰਬੱਤ ਖ਼ਾਲਸਾ' ਬੁਲਾਉਣ ਦੀ ਮੰਗ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਕੀਤੀ ਸੀ, ਉਦੋਂ ਤੋਂ ਹੀ 'ਸਰਬੱਤ ਖ਼ਾਲਸਾ' ਸੁਰਖੀਆਂ ਵਿੱਚ ਆ ਗਿਆ ਸੀ ਅਤੇ 'ਸਰਬੱਤ ਖ਼ਾਲਸਾ' ਬੁਲਾਉਣ ਸਬੰਧੀ ਵੱਖ ਵੱਖ ਪੰਥਕ ਧਿਰਾਂ ਵਿੱਚ ਵਖਰੇਂਵਾਂ ਵੀ ਉਭਰ ਆਇਆ ਸੀ। ਜਿਥੇ ਕੁਝ ਪੰਥਕ ਧਿਰਾਂ 'ਸਰਬੱਤ ਖ਼ਾਲਸਾ' ਬੁਲਾਉਣ ਦੇ ਹੱਕ ਵਿੱਚ ਸਨ, ਉਥੇ ਕੁਝ ਪੰਥਕ ਧਿਰਾਂ ਕਹਿ ਰਹੀਆਂ ਸਨ ਕਿ 'ਸਰਬੱਤ ਖ਼ਾਲਸਾ' ਬੁਲਾਉਣ ਦਾ ਅਜੇ ਢੁੱਕਵਾਂ ਸਮਾਂ ਨਹੀਂ ਹੈ। ਇਸਦੇ ਬਾਵਜੂਦ ਪੂਰੇ ਪੰਥ ਦੀਆਂ ਨਜ਼ਰਾਂ ਵਿਸਾਖੀ ਦੇ ਤਿਉਹਾਰ ਵੱਲ ਲੱਗੀਆਂ ਹੋਈਆਂ ਸਨ ਅਤੇ ਹਰ ਕੋਈ ਇਹ ਵੇਖਣਾ ਚਾਹੁੰਦਾ ਸੀ ਕਿ ਵਿਸਾਖੀ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ 'ਸਰਬੱਤ ਖ਼ਾਲਸਾ' ਬੁਲਾਉਂਦੇ ਹਨ ਜਾਂ ਨਹੀਂ।

'ਸਰਬੱਤ ਖ਼ਾਲਸਾ' ਬੁਲਾਉਣ ਦੀ ਸ਼ੁਰੂਆਤ, 'ਸਰਬੱਤ ਖ਼ਾਲਸਾ' ਦੇ ਇਤਿਹਾਸ ਅਤੇ ਹੁਣ ਤਕ ਹੋਏ 'ਸਰਬੱਤ ਖ਼ਾਲਸਾ' ਬਾਰੇ ਕਾਫੀ ਕੁਝ ਲਿਖਿਆ ਜਾ ਚੁਕਿਆ ਹੈ। ਇਸਦੇ ਬਾਵਜੂਦ ਵੱਡੀ ਗਿਣਤੀ ਸਿੱਖ ਇਸ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਵੱਲ ਵੇਖ ਰਹੇ ਸਨ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ 'ਸਰਬੱਤ ਖ਼ਾਲਸਾ' ਬੁਲਾਉਂਦੇ ਹਨ ਜਾਂ ਨਹੀਂ। ਗਿਆਨੀ ਹਰਪ੍ਰੀਤ ਸਿੰਘ ਵੱਲੋਂ ਵਿਸਾਖੀ ਮੌਕੇ 'ਸਰਬੱਤ ਖ਼ਾਲਸਾ' ਨਾ ਬੁਲਾਉਣ ਕਾਰਨ ਹੁਣ 'ਸਰਬੱਤ ਖ਼ਾਲਸਾ' ਬੁਲਾਉਣ ਦੀਆਂ ਕਿਆਸ ਅਰਾਈਆਂ ਵੀ ਖ਼ਤਮ ਹੋ ਗਈਆਂ ਹਨ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਭਾਵੇਂ ਵਿਸਾਖੀ ਮੌਕੇ 'ਸਰਬੱਤ ਖ਼ਾਲਸਾ' ਨਹੀਂ ਬੁਲਾਇਆ ਗਿਆ ਪਰ ਇਸਦੇ ਬਾਵਜੂਦ ਪੂਰਾ ਸਿੱਖ ਪੰਥ ਯੋਗ ਅਗਵਾਈ ਲਈ ਇਸ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਵੱਲ ਆਸ ਭਰੀਆਂ ਅੱਖਾਂ ਨਾਲ ਵੇਖ ਰਿਹਾ ਹੈ। ਇਸ ਸਮੇਂ ਦੀ ਸਿੱਖ ਸਿਆਸਤ ਵਿੱਚ ਆਏ ਖਲਾਅ ਕਾਰਨ ਵੀ ਸਿੱਖ ਪੰਥ ਇਹ ਮਹਿਸੂਸ ਕਰ ਰਿਹਾ ਹੈ ਕਿ ਸਿੱਖਾਂ ਨੂੰ ਧਾਰਮਿਕ, ਆਰਥਿਕ ਅਤੇ ਸਿਆਸੀ ਤੌਰ 'ਤੇ ਮਜ਼ਬੂਤ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਸਾਹਿਬ ਨੂੰ ਆਪਣੀ ਅਹਿਮ ਭੂਮਿਕਾ ਨਿਭਾਉਣੀ ਚਾਹੀਦੀ ਹੈ। ਸਿੱਖਾਂ ਲਈ 'ਸ੍ਰੀ ਅਕਾਲ ਤਖ਼ਤ ਸਾਹਿਬ' ਸਰਵਉੱਚ ਹਨ ਅਤੇ 'ਸ੍ਰੀ ਅਕਾਲ ਤਖ਼ਤ ਸਾਹਿਬ ਜੀ' ਦਾ ਹਰ ਹੁਕਮ ਮੰਨਣਾ ਹਰ ਸਿੱਖ ਆਪਣਾ ਫ਼ਰਜ਼ ਸਮਝਦਾ ਹੈ।



### ਤਖ਼ਤ ਦਮਦਮਾ ਸਾਹਿਬ ਵਿਖੇ ਲੱਖਾਂ ਸੰਗਤਾਂ ਹੋਈਆਂ ਨਤਮਸਤਕ

ਖਾਲਸਾ ਸਾਜਨਾ ਦਿਵਸ 'ਵਿਸਾਖੀ' ਮੌਕੇ ਸਿੱਖ ਕੌਮ ਦੇ ਚੌਥੇ ਤਖਤ, ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਜੋੜ ਮੇਲੇ ਮੌਕੇ ਲੱਖਾਂ ਦੀ ਤਾਦਾਦ ਵਿੱਚ ਸੰਗਤਾਂ ਪਾਵਨ ਸਰੋਵਰਾਂ 'ਚ ਇਸ਼ਨਾਨ ਕਰਨ ਉਪਰੰਤ ਤਖਤ ਸਾਹਿਬ ਅਤੇ ਹੋਰਨਾਂ ਇਤਿਹਾਸਿਕ ਗੁਰਦੁਆਰਾ ਸਾਹਿਬਾਨ 'ਚ ਨਤਮਸਤਕ ਹੋਈਆਂ, ਪਰ ਪੁਲਿਸ ਦੇ ਭਾਰੀ ਸੁਰੱਖਿਆ ਪ੍ਰਬੰਧਾਂ ਦਾ ਅਸਰ ਵੀ ਮੇਲੇ 'ਤੇ ਦਿਖਾਈ ਦਿੱਤਾ ਅਤੇ ਸੰਗਤਾਂ ਦੀ ਆਮਦ ਪਿਛਲੇ ਜੋੜ ਮੇਲਿਆਂ ਨਾਲੋਂ ਘੱਟ ਦਿਖਾਈ ਦਿੱਤੀ। ਤਖਤ ਸਾਹਿਬ ਵਿਖੇ ਹੋਏ ਮੁੱਖ ਸਮਾਗਮਾਂ ਦੌਰਾਨ ਧਾਰਮਿਕ ਦੀਵਾਨ ਸਜਾਏ ਗਏ। ਸਮਾਗਮਾਂ 'ਚ ਸ਼ਿਰਕਤ ਕਰਦਿਆਂ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜਥੇਦਾਰ ਤਖਤ ਸ੍ਰੀ ਦਮਦਮਾ ਸਾਹਿਬ, ਕਾਰਜਕਾਰੀ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੇ ਤਖਤ ਸਾਹਿਬ ਦੀ ਫਸੀਲ ਤੋਂ ਸਿੱਖ ਕੌਮ ਦੇ ਨਾਂ ਆਪਣਾ ਸੰਦੇਸ਼ ਦਿੱਤਾ ਅਤੇ ਸੰਗਤਾਂ ਨੂੰ ਤਖਤ ਸਾਹਿਬ ਵਿਖੇ ਸ਼ੁਸੋਭਿਤ ਗੁਰੂ ਸਾਹਿਬਾਨ ਦੇ ਪਾਵਨ ਸ਼ਸ਼ਤਰਾਂ ਦੇ ਦਰਸ਼ਨ ਦੀਦਾਰੇ ਕਰਵਾਏ।



### ਪੰਜਾਬ 'ਚ ਗੜਬੜੀ ਵਾਲਾ ਮਾਹੌਲ ਸਿਰਜਿਆ ਜਾ ਰਿਹੈ: ਗਿ. ਹਰਪ੍ਰੀਤ ਸਿੰਘ

ਖਾਲਸਾ ਸਾਜਨਾ ਦਿਵਸ ਵਿਸਾਖੀ ਜੋੜ ਮੇਲੇ ਮੌਕੇ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਦੀਵਾਨਾਂ ਦੀ ਸਮਾਪਤੀ ਸਮੇਂ ਸਿੱਖ ਕੌਮ ਦੇ ਨਾਂ ਆਪਣੇ ਸੰਦੇਸ਼ ਵਿੱਚ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਪੰਜਾਬ ਵਿੱਚ ਗੜਬੜੀ ਵਾਲਾ ਮਾਹੌਲ ਸਿਰਜਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਨਾ ਤਾਂ ਕਦੇ ਦੋ ਭਾਈਚਾਰਿਆਂ 'ਚ ਦੰਗਾ-ਫਸਾਦ ਜਾਂ ਖੂਨ-ਖਰਾਬਾ ਹੋਇਆ ਅਤੇ ਨਾ ਹੀ ਲੋਕਾਂ ਦਾ ਸਰਕਾਰ ਨਾਲ ਕੋਈ ਟਕਰਾਅ ਹੋਇਆ। ਫਿਰ ਵੀ ਇਹ ਦਰਸਾ ਦਿੱਤਾ ਗਿਆ ਕਿ ਪੰਜਾਬ ਵਿੱਚ ਹਾਲਾਤ ਵਿਗੜ ਗਏ ਹਨ।

ਤਖ਼ਤ ਦਮਦਮਾ ਸਾਹਿਬ ਦੀ ਫਸੀਲ ਤੋਂ ਆਪਣੇ ਸੰਬੋਧਨ ਵਿੱਚ ਸਿੰਘ ਸਾਹਿਬ ਨੇ ਕਿਹਾ ਕਿ ਚਾਹੇ ਹੋਰਨਾਂ ਕਈ ਸੂਬਿਆਂ ਵਿੱਚ ਦੋ ਫਿਰਕਿਆਂ 'ਚ ਟਕਰਾਅ ਹੋਏ, ਪਰ ਉੱਥੇ ਕੋਈ ਗੜਬੜ ਨਹੀਂ ਦਿਖਾਈ ਗਈ। ਉਨ੍ਹਾਂ ਵਿਸਾਖੀ ਜੋੜ ਮੇਲੇ ਮੌਕੇ ਪੰਜਾਬ ਪੁਲਿਸ ਦੇ ਬੰਦੋਬਸਤ 'ਤੇ ਨਾਰਾਜ਼ਗੀ ਪ੍ਰਗਟ ਕਰਦਿਆਂ ਕਿਹਾ ਕਿ ਅੱਗੇ ਜਦੋਂ ਜੋੜ ਮੇਲਿਆਂ 'ਤੇ ਦੇਸ਼ ਵਿਦੇਸ਼ 'ਚੋਂ ਸੰਗਤ ਆਉਂਦੀ ਸੀ ਤਾਂ ਉਨ੍ਹਾਂ ਦੇ ਸਵਾਗਤ ਲਈ ਸਵਾਗਤੀ ਗੇਟ ਲੱਗਦੇ ਸਨ ਅਤੇ ਵੱਖ ਵੱਖ ਪਦਾਰਥਾਂ ਦੇ ਲੰਗਰ ਲਗਾਏ ਜਾਂਦੇ ਸਨ ਪਰ ਐਤਕੀਂ ਪਹਿਲੀ ਵਾਰ ਸੰਗਤ ਦੀ ਤਲਾਸ਼ੀ ਲਈ ਗਈ। ਉਨ੍ਹਾਂ ਖਦਸ਼ਾ ਜ਼ਾਹਿਰ ਕਰਦਿਆਂ ਕਿਹਾ ਕਿ ਇਸ ਦੇ ਪਿੱਛੇ ਸਰਕਾਰ ਦੀ ਕੋਈ ਮਜਬੂਰੀ ਹੋ ਸਕਦੀ ਹੈ। ਲੇਕਿਨ ਫਿਰ ਵੀ ਸੰਗਤ ਵਧਾਈ ਦੀ ਹੱਕਦਾਰ ਹੈ ਕਿ ਸਰਕਾਰੀ ਬੰਦਿਸ਼ਾਂ ਦੇ ਬਾਵਜੂਦ ਉਨ੍ਹਾਂ ਜੋੜ ਮੇਲੇ ਵਿੱਚ ਹਾਜ਼ਰੀ ਭਰੀ। ਸਿੰਘ ਸਾਹਿਬ ਨੇ ਮਹਾਰਾਸ਼ਟਰ ਵਿੱਚ ਘਰਾਂ ਵਿੱਚ ਕ੍ਰਿਪਾਨਾਂ ਰੱਖਣ ਕਰ ਕੇ ਕੁਝ ਸਿੱਖਾਂ 'ਤੇ ਮਾਮਲੇ ਦਰਜ ਹੋਣ ਦੀ ਨਿਖੇਧੀ ਕੀਤੀ।

# ਸਿਮਰਨ ਟਰਾਂਸਪੋਰਟ ਵਾਲੇ ਅਟਵਾਲ ਬ੍ਰਦਰਜ਼ ਵੱਲੋਂ ਪਿੰਡ ਓਟਾਲਾ ਵਿਖੇ ਆਪਣੇ ਬਜ਼ੁਰਗ ਦਰਸ਼ਨ ਸਿੰਘ ਅਟਵਾਲ ਦੀ ਆਤਮਿਕ ਸ਼ਾਂਤੀ ਲਈ ਧਾਰਮਿਕ ਸਮਾਗਮ ਦਾ ਆਯੋਜਨ

## ਵੱਖ-ਵੱਖ ਸ਼ਖਸੀਅਤਾਂ ਨੇ ਸਾਬਕਾ ਸਰਪੰਚ ਦਰਸ਼ਨ ਸਿੰਘ ਅਟਵਾਲ ਨੂੰ ਦਿਤੀ ਸ਼ਰਧਾਂਜਲੀ

ਨਵਾਂਸ਼ਹਿਰ: ਪੰਜਾਬੀ ਦੁਨੀਆਂ ਦੇ ਕਿਸੇ ਵੀ ਮੁਲਕ ਵਿੱਚ ਚਲੇ ਜਾਣ ਪਰ ਉਹ ਆਪਣੇ ਪਰਿਵਾਰ ਨੂੰ ਹਮੇਸ਼ਾ ਯਾਦ ਰੱਖਦੇ ਹਨ। ਇਸ ਤੋਂ ਇਲਾਵਾ ਪੰਜਾਬੀਆਂ ਵੱਲੋਂ ਆਪਣੇ ਬਜ਼ੁਰਗਾਂ ਦੀ ਯਾਦ ਵਿੱਚ ਧਾਰਮਿਕ ਸਮਾਗਮ ਵੀ ਕਰਵਾਏ ਜਾਂਦੇ ਹਨ। ਇਸੇ ਤਰ੍ਹਾਂ ਦਾ ਧਾਰਮਿਕ ਸਮਾਗਮ ਪਿੰਡ ਓਟਾਲਾ ਵਿਖੇ ਸਾਬਕਾ ਸਰਪੰਚ ਦਰਸ਼ਨ ਸਿੰਘ ਅਟਵਾਲ ਦੇ ਸਪੁੱਤਰਾਂ ਵੱਲੋਂ ਕਰਵਾਇਆ ਗਿਆ। ਪਿਛਲੇ ਦਿਨੀਂ ਓਟਾਲਾਂ ਦੇ ਸਾਬਕਾ ਸਰਪੰਚ ਦਰਸ਼ਨ ਸਿੰਘ ਅਟਵਾਲ ਸਾਨੂੰ ਸਦੀਵੀ ਵਿਛੋੜਾ ਦੇ ਗਏ ਸਨ। ਉਨ੍ਹਾਂ ਦੀ ਆਤਮਿਕ ਸ਼ਾਂਤੀ ਦੇ ਲਈ ਸਹਿਜ ਪਾਠ ਦੇ ਭੋਗ ਪਾਏ ਗਏ। ਅਮਰੀਕਾ ਅਤੇ ਇੰਗਲੈਂਡ ਤੋਂ ਪਹੁੰਚੇ ਅਟਵਾਲ ਪਰਿਵਾਰ ਦੇ ਸਪੁੱਤਰਾਂ ਬਲਵੀਰ ਸਿੰਘ, ਦਿਲਾਵਰ ਸਿੰਘ, ਸਤਨਾਮ





ਸਿੰਘ, ਅਮਰੀਕ ਸਿੰਘ, ਲਖਵੀਰ ਸਿੰਘ ਅਤੇ ਰਣਪ੍ਰੀਤ ਸਿੰਘ ਨੇ ਇਸ ਦੌਰਾਨ ਸ਼ਰਧਾਂਜਲੀ ਦੀ ਸੇਵਾ ਆਪਣੇ ਹੱਥੀਂ ਨਿਭਾਈ। ਸਵਰਗੀ ਦਰਸ਼ਨ ਸਿੰਘ ਅਟਵਾਲ ਦੇ ਛੋਟੇ ਭਰਾ ਪੰਥਕ ਵਿਦਵਾਨ ਭਾਈ ਪਿਆਰਾ ਸਿੰਘ ਵੀ ਯੂ. ਕੇ. ਤੋਂ ਪਹੁੰਚੇ। ਇਲਾਹੀ ਬਾਣੀ ਦੇ ਭੋਗ ਉਪਰੰਤ ਭਾਈ ਸੁਖਦੀਪ ਸਿੰਘ ਅਤੇ ਭਾਈ ਹਰਦੀਪ ਸਿੰਘ ਦੁਪਾਲ ਪੁਰ ਦੇ ਰਾਗੀ ਜਥਿਆਂ ਨੇ ਵੈਰਾਗ ਮਈ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਮਨਦੀਪ ਸਿੰਘ ਜੌਇੰਟ ਸਕੱਤਰ ਯੂਥ ਵਿੰਗ 'ਆਪ', ਰਾਣਾ ਕੁਲਦੀਪ ਸਿੰਘ ਜਾਡਲਾ, ਭਾਈ ਬਚਿੱਤਰ ਸਿੰਘ ਵਿਰਕ ਯੂ.ਐੱਸ.ਏ., ਰਾਣਾ ਬਲਵੀਰ ਸਿੰਘ ਸੀ. ਪੀ. ਐੱਮ., ਅੰਗਦ ਸਿੰਘ ਸਾਬਕਾ ਐੱਮ. ਐੱਲ. ਏ., ਸੁਖਵਿੰਦਰ ਸੁੱਖੀ ਵਿਧਾਨਕਾਰ ਨਵਾਂ ਸ਼ਹਿਰ ਆਦਿ ਆਗੂਆਂ ਨੇ ਵੀ ਸਵਰਗੀ ਦਰਸ਼ਨ ਸਿੰਘ ਅਟਵਾਲ ਨੂੰ ਪ੍ਰੇਮ ਨਾਲ਼ ਸ਼ਰਧਾ ਦੇ ਫੁੱਲ ਭੇਂਟ ਕੀਤੇ। ਤਰਲੋਚਨ ਸਿੰਘ ਦੁਪਾਲ ਪੁਰ ਵੱਲੋਂ ਸਟੇਜ ਸਕੱਤਰ ਦੇ ਫਰਜ਼ ਬਾਖ਼ੂਬੀ ਨਿਭਾਏ ਗਏ। ਨਾਲ਼ ਹੀ ਅਟਵਾਲ ਪਰਿਵਾਰ ਵੱਲੋਂ ਗੁਰੂਦੁਆਰਾ ਸਿੰਘ ਸਭਾ ਦੇ ਗ੍ਰੰਥੀ ਭਾਈ ਹਰਮੇਸ਼ ਸਿੰਘ ਦੀ ਇੱਕੀ ਹਜ਼ਾਰ ਰੁਪਏ ਨਾਲ ਮਾਇਕ ਮਦਦ ਕੀਤੀ ਗਈ। ਭਾਈ ਪਿਆਰਾ ਸਿੰਘ ਨੇ ਪਹੁੰਚੀ ਸੰਗਤ ਦਾ ਭਾਵਪੂਰਤ ਸ਼ਬਦਾਂ ਰਾਹੀਂ ਧੰਨਵਾਦ ਕੀਤਾ ਅਤੇ ਇਸ ਤੋਂ ਬਾਅਦ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਅਸੀਂ ਦਰਸ਼ਨ ਸਿੰਘ ਅਟਵਾਲ ਨੂੰ ਪ੍ਰੇਮਭਾਵ ਨਾਲ ਯਾਦ ਕਰਦੇ ਹਾਂ ਅਤੇ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹਾਂ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh   Manager: Pardeep Singh   Sub: Editor: Balwinderpal Singh, Dr. Sarbjeet Kaur Jang   Online Interview Host: Balraj Pannu

Proof Editor: Prabhjot Kaur   Designer: Anil Kumar   Content Composer: S. Jagmohan Singh   US Distributor: Amritsar Times Inc.   Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# ਗ਼ੈਰ ਸਿੱਖ ਲੋਕਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਦੀ ਮਰਿਆਦਾ ਬਾਰੇ ਜਾਣਕਾਰੀ ਦੇਣੀ ਜ਼ਰੂਰੀ

**➢ ਰੂਹਾਨੀਅਤ ਦੇ ਕੇਂਦਰ 'ਚ ਜ਼ਰੂਰੀ ਹੈ ਮਰਿਆਦਾ ਦਾ ਪਾਲਣ ➢ਸ੍ਰੀ ਦਰਬਾਰ ਸਾਹਿਬ ਨੂੰ ਵਿਵਾਦਾਂ ਤੋਂ ਦੂਰ ਰੱਖਣ ਦੀ ਲੋੜ**

*** ਗੁਰੂ ਘਰ, ਮੰਦਿਰ ਅਤੇ ਮਸਜਿਦ ਸਮੇਤ ਹਰ ਧਾਰਮਿਕ ਸਥਾਨ 'ਤੇ ਜ਼ਰੂਰੀ ਹੁੰਦਾ ਹੈ ਮਰਿਆਦਾ ਦਾ ਪਾਲਣ**

ਅੰਮ੍ਰਿਤਸਰ/ਏ.ਟੀ.ਨਿਊਜ਼ :-ਸਿੱਖ ਧਰਮ ਵਿੱਚ ਸ੍ਰੀ ਹਰਿਮੰਦਰ ਸਾਹਿਬ ( ਸ੍ਰੀ ਦਰਬਾਰ ਸਾਹਿਬ) ਦਾ ਰੁਤਬਾ ਬਹੁਤ ਉੱਚਾ ਅਤੇ ਸੁੱਚਾ ਹੈ। ਗੁਰੂ ਸਾਹਿਬਾਨ ਨੇ ਇਸ ਪਵਿੱਤਰ ਅਸਥਾਨ ਦੇ ਦਰ ਸਾਰੇ ਧਰਮਾਂ ਦੇ ਲੋਕਾਂ ਲਈ ਖੁੱਲੇ ਰੱਖੇ, ਇਹ ਰੀਤ ਅਜੇ ਵੀ ਜ਼ਾਰੀ ਹੈ ਪਰ ਪਿਛਲੇ ਕੁਝ ਸਮੇਂ ਤੋਂ ਵੇਖਿਆ ਜਾ ਰਿਹਾ ਹੈ ਕਿ ਕੁਝ ਲੋਕ ਸਸਤੀ ਸ਼ੋਹਰਤ ਖੱਟਣ ਲਈ ਜਾਂ ਸੁਰਖੀਆਂ ਵਿੱਚ ਆਉਣ ਲਈ ਜਾਂ ਕਿਸੇ ਗੁਪਤ ਸਾਜਿਸ਼ ਤਹਿਤ ਸ੍ਰੀ ਦਰਬਾਰ ਸਾਹਿਬ ਬਾਰੇ ਕੋਈ ਨਾ ਕੋਈ ਵਿਵਾਦ ਪੈਦਾ ਕਰਨ ਦਾ ਯਤਨ ਕਰਦੇ ਹਨ। ਅੱਜ ਕੱਲ੍ਹ ਇਕ ਲੜਕੀ ਵੱਲੋਂ ਆਪਣੇ ਮੂੰਹ 'ਤੇ ਤਿਰੰਗੇ ਝੰਡੇ ਦਾ ਸਟਿੱਕਰ ਲਗਾ ਕੇ ਜਾਣ ਅਤੇ ਗੁਰੂ ਘਰ ਦੇ ਸੇਵਾਦਾਰ ਵੱਲੋਂ ਉਸ ਨੂੰ ਇਸ ਤਰੀਕੇ ਨਾਲ ਗੁਰੂ ਘਰ ਦੇ ਅੰਦਰ ਜਾਣ ਤੋਂ ਰੋਕਣ ਅਤੇ ਮਰਿਆਦਾ ਦਾ ਪਾਲਣ ਕਰਨ ਲਈ ਕਹਿਣ ਦਾ ਮਾਮਲਾ ਚੱਲ ਰਿਹਾ ਹੈ। ਸ਼ੋਸ਼ਲ ਮੀਡੀਆ 'ਤੇ ਵਾਇਰਲ ਵੀਡੀਓ ਅਨੁਸਾਰ ਇੱਕ ਕੁੜੀ ਅਟਾਰੀ ਵਿਖੇ ਰੀਟਰੀਟ ਰਸਮ ਨੂੰ ਦੇਖਣ ਤੋਂ ਬਾਅਦ ਹਰਿਮੰਦਰ ਸਾਹਿਬ ਮੱਥਾ ਟੇਕਣ ਆਉਂਦੀ ਹੈ, ਉਸ ਦੇ ਚਿਹਰੇ 'ਤੇ ਤਿਰੰਗੇ ਵਾਲਾ ਸਟਿੱਕਰ ਲਗਾ ਹੋਇਆ ਹੈ। ਦਰਬਾਰ ਸਾਹਿਬ ਵਿਖੇ ਖੜਾ ਸੇਵਾਦਾਰ ਉਸ ਕੁੜੀ ਨੂੰ ਰੋਕਦਾ ਹੈ ਅਤੇ ਇਹ ਕੁੜੀ ਆਪਣੇ ਕਿਸੇ ਸਮਰਥਕ ਨੂੰ ਨਾਲ ਲੈ ਕੇ ਆਉਂਦੀ ਹੈ। ਇਹ ਵਿਅਕਤੀ ਸੇਵਾਦਾਰ ਨੂੰ ਪੁੱਛਦਾ ਹੈ ਕਿ ਉਸ ਨੇ ਇਸ ਕੁੜੀ ਨੂੰ ਅੰਦਰ ਜਾਣ ਤੋਂ ਕਿਉਂ ਰੋਕਿਆ ਹੈ ਤਾਂ ਉਹ ਕੁੜੀ ਦੇ ਚਿਹਰੇ 'ਤੇ ਤਿਰੰਗੇ ਦੇ ਨਿਸ਼ਾਨ 'ਤੇ ਇਤਰਾਜ਼ ਕਰਦਾ ਹੈ। ਇਹ ਵਿਅਕਤੀ ਉਸ ਨੂੰ ਪੁੱਛਦਾ ਹੈ ਕਿ ਕੀ ਇਹ ਭਾਰਤ ਨਹੀਂ ਹੈ ਤਾਂ ਸੇਵਾਦਾਰ ਕਹਿੰਦਾ ਹੈ ਕਿ ਇਹ ਪੰਜਾਬ ਹੈ, ਜਿਸ ਤੋਂ ਇਸ ਮਾਮਲੇ ਵਿੱਚ ਤਕਰਾਰ ਹੁੰਦੀ ਹੈ ਅਤੇ ਇਹ ਮਾਮਲਾ ਵੱਧ ਜਾਂਦਾ ਹੈ। ਇਸ ਲੜਕੀ ਦੇ ਸਾਥੀ ਵੱਲੋਂ ਇਸ ਸਬੰਧੀ ਵੀਡੀਓ ਬਣਾ ਕੇ ਵਾਇਰਲ ਕਰ ਦਿਤੀ ਗਈ।

**ਸਿੱਖਾਂ ਵਿਰੁੱਧ ਪ੍ਰਚਾਰ :**

ਇਸ ਲੜਕੀ ਦੇ ਸਾਥੀ ਵੱਲੋਂ ਇਸ ਸਬੰਧੀ ਵੀਡੀਓ ਬਣਾ ਕੇ ਵਾਇਰਲ ਕਰ ਦੇਣ ਤੋਂ ਬਾਅਦ ਭਾਰਤ ਦੇ ਰਾਸ਼ਟਰੀ ਮੀਡੀਆ ਨੂੰ ਸਿੱਖਾਂ ਨੂੰ ਬਦਨਾਮ ਕਰਨ ਦਾ ਇਕ ਹੋਰ ਮੌਕਾ ਮਿਲ ਗਿਆ। ਭਾਰਤੀ ਟੀ. ਵੀ. ਨਿਊਜ਼ ਚੈਨਲਾਂ 'ਤੇ ਵਾਰ ਵਾਰ ਇਹ ਦਿਖਾਇਆ ਗਿਆ ਕਿ ਪੰਜਾਬ ਇੰਡੀਆ ਨਹੀਂ ਹੈ ਅਤੇ ਭਾਰਤ ਦੇ ਰਾਸ਼ਟਰੀ ਮੀਡੀਆ ਵੱਲੋਂ ਇਹ ਪ੍ਰਚਾਰਿਆ ਗਿਆ ਕਿ ਸ੍ਰੀ ਦਰਬਾਰ ਸਾਹਿਬ 'ਤੇ ਖਾਲਿਸਤਾਨੀਆਂ ਦਾ ਕਬਜ਼ਾ ਹੈ। ਇਕ ਨਿਊਜ਼ ਚੈਨਲ ਵੱਲੋਂ ਤਾਂ ਸ੍ਰੀ ਦਰਬਾਰ ਸਾਹਿਬ ਵਿੱਚ ਝੂਲਦੇ ਖਾਲਸਾਈ ਝੰਡਿਆਂ ਨੂੰ ਹੀ ਖਾਲਿਸਤਾਨੀ ਝੰਡੇ ਕਹਿ ਦਿਤਾ ਗਿਆ।

ਇਸੇ ਤਰਾਂ ਸ਼ੋਸਲ ਮੀਡੀਆ 'ਤੇ ਇਸ ਘਟਨਾਂ ਦੀ ਵੀਡੀਓ ਨੂੰ ਆਧਾਰ ਬਣਾ ਕੇ ਅਨੇਕਾਂ ਲੋਕਾਂ ਵੱਲੋਂ ਸਿੱਖਾਂ ਖਿਲਾਫ਼ ਭੰਡੀ ਪ੍ਰਚਾਰ ਕੀਤਾ ਗਿਆ ਅਤੇ ਅਜੇ ਵੀ ਕੀਤਾ ਜਾ ਰਿਹਾ ਹੈ। ਸ਼ੋਸਲ ਮੀਡੀਆ 'ਤੇ ਕਈ ਵਿਅਕਤੀ ਇਹ ਵੀ ਕਹਿ ਰਹੇ ਹਨ ਕਿ ਪੰਜਾਬ ਦੇ ਹਾਲਾਤ ਬਹੁਤ ਖਰਾਬ ਹੋ ਗਏ ਹਨ ਅਤੇ ਪੰਜਾਬ ਨੂੰ ਵਿਦੇਸ਼ੀ ਤਾਕਤਾਂ ਖਾਲਿਸਤਾਨ ਬਣਨ ਵੱਲ ਧੱਕ ਰਹੀਆਂ ਹਨ। ਸੇਵਾਦਾਰ ਦਾ ਪੱਖ : ਇੱਕ ਵੀਡੀਓ ਰਾਹੀਂ ਸਬੰਧਿਤ ਸੇਵਾਦਾਰ ਸਰਬਜੀਤ ਸਿੰਘ ਵੱਲੋਂ ਸਪਸ਼ਟ ਕੀਤਾ ਗਿਆ, ਕਿ ਉਸ ਲੜਕੀ ਨੇ ਛੋਟੀ ਸਕਰਟ

(ਬਾਕੀ ਸ.ਫਾ 29 'ਤੇ)





## ਲੜਕੀ ਦੇ ਪਿਤਾ ਨੇ ਵਾਇਰਲ ਹੋਈ ਵੀਡੀਓ ਸਬੰਧੀ ਮੰਗੀ ਮੁਆਫ਼ੀ

ਇਸ ਦੌਰਾਨ ਵਾਇਰਲ ਹੋਈ ਵੀਡੀਓ 'ਚ ਦਿਖ ਰਹੀ ਲੜਕੀ ਦੇ ਪਿਤਾ ਰਾਜੀਵ ਮਹਿਤਾ ਨੇ ਇਕ ਟੀ.ਵੀ. ਪ੍ਰੋਗਰਾਮ ਦੌਰਾਨ ਸਮੂਹ ਸਾਧ ਸੰਗਤ ਅਤੇ ਦੇਸ਼ ਵਾਸੀਆਂ ਤੋਂ ਮੁਆਫ਼ੀ ਮੰਗਦੇ ਹੋਏ ਕਿਹਾ ਕਿ ਉਨ੍ਹਾਂ ਦਾ ਜਾਂ ਉਨ੍ਹਾਂ ਦੀ ਲੜਕੀ ਦਾ ਕਿਸੇ ਵੀ ਪ੍ਰਤੀ ਨਿਰਾਦਰ ਕਰਨ ਦਾ ਕੋਈ ਇਰਾਦਾ ਨਹੀਂ ਸੀ। ਹੁਣ ਤੱਕ ਜੋ ਵੀ ਹੋਇਆ ਉਹ ਇਸ ਲਈ ਸਭ ਤੋਂ ਮੁਆਫ਼ੀ ਮੰਗਦੇ ਹਨ ਅਤੇ ਅਪੀਲ ਕਰਦੇ ਹਨ ਕਿ ਇਸ ਵਿਵਾਦ ਨੂੰ ਜ਼ਿਆਦਾ ਤੂਲ ਨਾ ਦਿੱਤਾ ਜਾਵੇ ਅਤੇ ਆਪਸੀ ਭਾਈਚਾਰਾ ਤੇ ਮਿਲਵਰਤਣ ਕਾਇਮ ਰੱਖਿਆ ਜਾਵੇ।

## ਗੁਰੂਘਰ ਦੇ ਦਰਸ਼ਨਾਂ ਸਮੇਂ ਮਰਿਆਦਾ ਦਾ ਧਿਆਨ ਰੱਖਣਾ ਜ਼ਰੂਰੀ: ਐਡਵੋਕੇਟ ਹਰਜਿੰਦਰ ਸਿੰਘ ਧਾਮੀ



ਅੰਮ੍ਰਿਤਸਰ : ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਚਿਹਰੇ 'ਤੇ ਤਿਰੰਗੇ ਦਾ ਟੈਟੂ ਬਣਾ ਕੇ ਦਾਖਲ ਹੋਣ ਤੇ ਪਹਿਰਾਵਾ ਠੀਕ ਨਾ ਹੋਣ ਨੂੰ ਲੈ ਕੇ ਇਕ ਲੜਕੀ ਤੇ ਘੰਟਾ ਘਰ ਗੇਟ 'ਤੇ ਤਾਇਨਾਤ ਸੇਵਾਦਾਰ ਦੀ ਅੰਦਰ ਦਾਖ਼ਲੇ ਨੂੰ ਲੈ ਕੇ ਹੋਈ ਬਹਿਸ ਦੀ ਵੀਡੀਓ ਵਾਇਰਲ ਹੋਣ 'ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਗੁਰੂਘਰ ਦੇ ਦਰਸ਼ਨ ਕਰਨ ਸਮੇਂ ਮਰਿਆਦਾ ਦਾ ਧਿਆਨ ਰੱਖਣਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਇਸ 'ਤੇ ਸਿਆਸਤ ਨਾ ਕੀਤੀ ਜਾਵੇ।

ਉਹਨਾਂ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸਰਬ ਸਾਂਝਾ ਸਥਾਨ ਹੈ। ਦਰਸ਼ਨ ਕਰਨ ਸਮੇਂ ਵੀ ਇਕ ਹੀ ਕਤਾਰ 'ਚ ਸਾਰੀ ਸੰਗਤ ਖੜ੍ਹੀ ਹੁੰਦੀ ਹੈ। ਬਰਾਬਰ ਪ੍ਰਸ਼ਾਦ ਵਰਤਾਇਆ ਜਾਂਦਾ ਹੈ। ਲੰਗਰ 'ਚ ਵੀ ਸੰਗਤ ਸਾਂਝੀ ਪੰਗਤ 'ਚ ਬੈਠ ਕੇ ਪ੍ਰਸ਼ਾਦਾ ਛਕਦੀ ਹੈ। ਇਕ ਸਾਜਿਸ਼ ਤਹਿਤ ਗੁਰੂਘਰ ਦੀ ਬਦਨਾਮੀ ਕਰਨ ਤੋਂ ਪਹਿਲਾਂ ਕਈ ਵਾਰ ਸੋਚਣਾ ਚਾਹੀਦਾ ਹੈ। ਮਰਿਆਦਾ ਦੀ ਉਲੰਘਣਾ ਕਰਨ ਦੀ ਇਜ਼ਾਜਤ ਕਿਸੇ ਨੂੰ ਵੀ ਨਹੀਂ ਦਿੱਤੀ ਜਾ ਸਕਦੀ।

## ਗੁਰਦੁਆਰਿਆਂ ਵਿੱਚ ਜਾਣ ਸਮੇਂ ਸਿੱਖ ਰਹਿਤ ਮਰਿਆਦਾ ਦੇ ਲਿਖਤੀ ਨਿਯਮ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 12 ਅਕਤੂਬਰ 1936 ਨੂੰ ਸਿੱਖਾਂ ਲਈ ਰਹਿਤ ਅਤੇ ਪੰਥ ਦੀਆਂ ਰਹੁ ਰੀਤਾਂ ਨਾਲ ਸਬੰਧਤ ਨਿਯਮਾਂ ਨੂੰ ਅਪਣਾਇਆ ਗਿਆ ਸੀ ਜਿਸ ਨੂੰ ਸਿੱਖ ਰਹਿਤ ਮਰਿਆਦਾ ਕਿਹਾ ਜਾਂਦਾ ਹੈ। ਇਸ ਵਿੱਚ ਪੰਜਾਂ ਤਖ਼ਤਾ ਅਤੇ ਗੁਰਦੁਆਰਿਆਂ ਵਿੱਚ ਗੁਰੂ ਗ੍ਰੰਥ ਸਾਹਿਬ ਅਤੇ ਗੁਰਮਤਿ ਮਰਿਯਾਦਾ ਦੇ ਸਨਮਾਨ ਦਾ ਵਿਸਥਾਰਤ ਵੇਰਵਾ ਦਿੱਤਾ ਗਿਆ ਹੈ।

ਸ਼੍ਰੋਮਣੀ ਕਮੇਟੀ ਦੀ ਅਧਿਕਾਰਤ ਵੈੱਬਸਾਇਟ ਉੱਤੇ ਪੰਜਾਬੀ ਅਤੇ ਅੰਗਰੇਜ਼ੀ ਵਿੱਚ ਉਪਲੱਬਧ ਮਰਿਯਾਦਾ ਦੇ ਪੰਨਾ ਨੰਬਰ 15 ਉੱਤੇ ਗੁਰਦੁਆਰਿਆਂ ਵਿੱਚ ਜਾਣ ਲਈ ਨਿਯਮ ਦਿੱਤੇ ਗਏ ਹਨ।

*ਗੁਰਦੁਆਰੇ ਦੇ ਅੰਦਰ ਜਾਣ ਲੱਗਿਆਂ ਜੋੜੇ ਬਾਹਰ ਲਾਹ ਕੇ, ਸੁਥਰਾ ਹੋਕੇ ਜਾਣਾ ਚਾਹੀਏ, ਜੇ ਪੈਰ ਮੈਲ਼ੇ ਜਾਂ ਗੰਦੇ ਹੋਣ ਤਾਂ ਜਲ਼ ਨਾਲ ਧੋ ਲੈਣੇ ਚਾਹੀਏ, ਸ੍ਰੀ ਗੁਰੂ ਗ੍ਰੰਥ ਸਾਹਿਬ ਅਥਵਾ ਗੁਰਦੁਆਰੇ ਨੂੰ ਸੱਜੇ ਹੱਥ ਰੱਖ ਕੇ ਪਰਿਕਰਮਾ ਕਰਨੀ ਚਾਹੀਏ।

*ਗੁਰਦਆਰੇ ਅੰਦਰ ਦਰਸ਼ਨਾਂ ਲ਼ਈ ਜਾਣ ਲ਼ਈ ਕਿਸੇ ਦੇਸ਼, ਮਜ਼੍ਹਬ, ਜਾਤਿ ਵਾਲੇ ਨੂੰ ਮਨ੍ਹਾਹੀ ਨਹੀਂ, ਪਰ ਉਸ ਪਾਸ ਸਿੱਖ ਧਰਮ ਵਿੱਚ ਵਿਵਰਜਿਤ ਤਮਾਕੂ ਆਦਿ ਕੋਈ ਚੀਜ਼ ਨਹੀਂ ਹੋਣੀ ਚਾਹੀਦੀ।

* ਗੁਰਦੁਆਰੇ ਦੇ ਅੰਦਰ ਜਾ ਕੇ ਸਿੱਖ ਦਾ ਪਹਿਲਾ ਕਰਮ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਣਾ ਹੈ, ਉਪ੍ਰੰਤ ਗੁਰੂ ਰੂਪ ਸਾਧਿ ਸੰਗਤ ਦੇ ਦਰਸ਼ਨ ਕਰਕੇ 'ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ' ਬੁਲਾਈ ਜਾਵੇ।

*ਸੰਗਤ ਵਿੱਚ ਬੈਠਣ ਲਈ ਵੀ ਸਿੱਖ-ਅਸਿੱਖ, ਛੂਤ-ਛਾਤ, ਜਾਤ-ਪਾਤ, ਊਚ-ਨੀਚ ਦਾ ਭਰਮ ਜਾਂ ਵਿਤਕਰਾ ਨਹੀਂ ਕਰਨਾ।

*ਕਿਸੇ ਮਨੁੱਖ ਦਾ ਸਤਿਗੁਰਾਂ ਦੇ ਪ੍ਰਕਾਸ਼ ਸਮੇਂ ਜਾਂ ਸੰਗਤ ਵਿੱਚ ਗਦੈਲਾ, ਆਸਣ, ਕੁਰਸੀ, ਚੌਕੀ, ਮੰਜਾ ਆਦਿ ਲਾ ਕੇ ਬੈਠਣਾ ਜਾਂ ਕਿਸੇ ਹੋਰ ਵਿਤਕਰੇ ਨਾਲ ਬੈਠਣਾ ਮਨਮੱਤ ਹੈ।

* ਸੰਗਤ ਵਿੱਚ ਜਾਂ ਸਤਿਗੁਰਾਂ ਦੇ ਪ੍ਰਕਾਸ਼ ਸਮੇਂ ਕਿਸੇ ਨੂੰ ਨੰਗੇ ਸਿਰ ਨਹੀਂ ਬੈਠਣਾ ਚਾਹੀਦਾ। ਸੰਗਤ ਵਿੱਚ ਸਿੱਖ ਇਸਤਰੀਆਂ ਲਈ ਪਰਦਾ ਕਰਨਾ ਜਾਂ ਘੁੰਡ ਕੱਢਣਾ ਗੁਰਮਿਤ ਦੇ ਵਿਰੁੱਧ ਹੈ।

## ਸਿੱਖ ਵਿਦਵਾਨਾਂ ਦੇ ਵਿਚਾਰ

ਸਿੱਖ ਧਰਮ ਨਾਲ ਸਬੰਧਤ ਵਿਦਵਾਨਾਂ ਦਾ ਕਹਿਣਾ ਹੈ ਕਿ ਭਾਵੇਂ ਕਿ ਦਰਬਾਰ ਸਾਹਿਬ ਵਿੱਚ ਜਾਣ ਬਾਰੇ ਕੋਈ ਖਾਸ ਲਿਖਤ ਨਿਯਮ ਨਹੀਂ ਹਨ ਪਰ ਸਮੇਂ-ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸਜੀਪੀਸੀ) ਵੱਲੋਂ ਨਿਯਮ ਬਣਾਏ ਜਾਂਦੇ ਹਨ।

ਹਾਲਾਂਕਿ ਕਿ ਕਿਸੇ ਵੀ ਧਰਮ ਜਾਂ ਦੇਸ਼ ਨਾਲ ਸਬੰਧਤ ਲੋਕਾਂ ਦੇ ਹਰਿਮੰਦਰ ਸਾਹਿਬ ਵਿੱਚ ਮੱਥਾ ਟੇਕਣ ਉਪਰ ਕੋਈ ਪਾਬੰਦੀ ਨਹੀਂ ਪਰ ਇਸ ਲਈ ਔਰਤਾਂ ਅਤੇ ਮਰਦਾਂ ਦਾ ਸੱਭਿਅਕ ਪਹਿਰਾਵਾ ਹੋਣਾ, ਪਰਿਕਰਮਾ ਅੰਦਰ ਸ਼ਾਂਤੀ ਭੰਗ ਨਾ ਹੋਣ ਦੇਣਾ ਅਤੇ ਹੋਰ ਸ਼ਰਧਾਲੂਆਂ ਦੀ ਬਿਰਤੀ ਨਾ ਤੋੜਨਾ ਮਰਿਆਦਾ ਮੰਨਿਆ ਜਾਂਦਾ ਹੈ। ਉਹ ਕਹਿੰਦੇ ਹਨ ਕਿ ਸਮੇਂ-ਸਮੇਂ 'ਤੇ ਸ਼੍ਰੋਮਣੀ ਕਮੇਟੀ ਵੱਲੋਂ ਕਈ ਨਿਯਮ ਲਾਗੂ ਕੀਤੇ ਗਏ ਹਨ।

ਮਿਸਾਲ ਦੇ ਤੌਰ 'ਤੇ ਜਦੋਂ ਤੋਂ ਸਮਾਰਟ ਫੋਨ ਦੀ ਵਰਤੋਂ ਵਧੀ ਹੈ, ਉਸ ਸਮੇਂ ਤੋਂ ਦਰਬਾਰ ਸਾਹਿਬ ਦੀ ਪਰਿਕਰਮਾ ਵਿੱਚ ਵੀਡੀਓਗ੍ਰਾਫੀ ਕਰਨ ਉਪਰ ਪਾਬੰਦੀ ਲਗਾ ਦਿੱਤੀ ਗਈ ਹੈ।

ਅਸਲ ਵਿੱਚ ਦਰਬਾਰ ਸਾਹਿਬ ਦੀ ਪਰਿਕਰਮਾ ਅੰਦਰ ਅਜਿਹਾ ਮਾਹੌਲ ਕਾਇਮ ਰੱਖਣਾ ਹੈ ਜਿਸ ਵਿੱਚ ਹਰ ਵਿਅਕਤੀ ਸਹਿਜ ਵਿੱਚ ਰਹੇ ਅਤੇ ਕੋਈ ਉੱਚਾ ਨੀਵਾਂ ਜਾਂ ਵੱਖਰਾ ਨਾ ਦਿਸੇ।

**ਵੱਖ-ਵੱਖ ਸ਼ਰਧਾਲੂਆਂ ਦੇ ਵਿਚਾਰ : ਇਸ ਘਟਨਾ ਸਬੰਧੀ ਸਿੱਖ ਸ਼ਰਧਾਲੂ ਵੀ ਸ਼ੋਸ਼ਲ ਮੀਡੀਆ 'ਤੇ ਆਪਣੇ ਵਿਚਾਰ ਪੇਸ਼ ਕਰ ਰਹੇ ਹਨ। ਵੱਖ-ਵੱਖ ਸਿੱਖ ਸ਼ਰਧਾਲੂਆਂ ਦਾ ਕਹਿਣਾ ਹੈ ਕਿ**

"ਸ਼ਰਧਾਲੂ ਬਣ ਕੇ ਆਓ, ਗੁਰੂ ਘਰ ਦੇ ਸਾਰੇ ਦਰ ਖੁੱਲੇ ਹਨ, ਇਹ ਜਗ੍ਹਾ ਕੋਈ ਸੈਰਗਾਹ ਨਹੀਂ। ਇਥੇ ਕੋਈ ਬਦਮਾਸ਼ੀ ਜਾਂ ਬਦਤਮੀਜੀ ਨਹੀਂ ਚੱਲੇਗੀ। ਮਰਿਆਦਾ ਭੰਗ ਕਰਨ ਵਾਲੇ ਰੋਕਿਆ ਵੀ ਜਾਵੇਗਾ ਅਤੇ ਟੋਕਿਆ ਵੀ ਜਾਵੇਗਾ। "

* "ਸਟੇਡੀਅਮ ਅਤੇ ਗੁਰੂ ਘਰ ਵਿੱਚ ਫਰਕ ਹੁੰਦਾ ਹੈ। ਗੁਰੂ ਘਰ ਵਿੱਚ ਮਰਿਆਦਾ ਦਾ ਪਾਲਣ ਜ਼ਰੂਰੀ ਹੁੰਦਾ ਹੈ। "

* "ਹਰ ਧਾਰਮਿਕ ਸਥਾਨ 'ਤੇ ਜਾਣ ਸਮੇਂ ਉਥੋਂ ਦੀ ਮਰਿਆਦਾ ਦਾ ਪਾਲਣ ਕਰਨਾ ਜ਼ਰੂਰੀ ਹੁੰਦਾ ਹੈ, ਫਿਰ ਸ੍ਰੀ ਦਰਬਾਰ ਸਾਹਿਬ ਅਤੇ ਸਿੱਖਾਂ ਦੀ ਬਦਨਾਮੀ ਕਿਉਂ ਕੀਤੀ ਜਾ ਰਹੀ ਹੈ। "

" ਗੁਰੂ ਘਰ ਵਿੱਚ ਆਉਣ ਵਾਲੇ ਲੋਕਾਂ ਅਤੇ ਕਿਸੇ ਵੀ ਧਾਰਮਿਕ ਸਥਾਨ 'ਤੇ ਜਾਣ ਵਾਲੇ ਲੋਕਾਂ ਅੰਦਰ ਸ਼ਹਿਣਸ਼ੀਲਤਾ ਹੋਣੀ ਜ਼ਰੂਰੀ ਹੁੰਦੀ ਹੈ ਪਰ ਸ਼ਹਿਣਸ਼ੀਲਤਾ ਤੋਂ ਸੱਖਣੇ ਲੋਕ ਹੀ ਅਜਿਹੇ ਵਿਵਾਦ ਪੈਦਾ ਕਰਦੇ ਹਨ।"

# ਬੱਚਿਆਂ ਨੂੰ ਸਿੱਖੀ ਸਿਧਾਂਤਾਂ ਨਾਲ ਜੋੜਨ ਲਈ ਦਿੱਲੀ ਗੁਰਦੁਆਰਾ ਕਮੇਟੀ ਕਰਵਾਇਗੀ ਗੁਰਮਤਿ ਕੁਇਜ਼

### 27 ਅਤੇ 28 ਅਪ੍ਰੈਲ ਨੂੰ ਭਾਈ ਲੱਖੀ ਸ਼ਾਹ ਵਣਜਾਰਾ ਹਾਲ ਵਿਚ ਹੋਵੇਗਾ ਕੁਇਜ਼ ਮੁਕਾਬਲਾ

ਨਵੀਂ ਦਿੱਲੀ : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਅਤੇ ਜਰਨਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਵਿਦਿਆਰਥੀਆਂ ਨੂੰ ਸਿੱਖ ਇਤਿਹਾਸ ਅਤੇ ਗੁਰਬਾਣੀ ਸਿਧਾਂਤਾਂ ਦੀ ਅਮੋਲਕ ਜਾਣਕਾਰੀ ਦੇਣ ਦੇ ਮੰਤਵ ਨਾਲ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400 ਵੇਂ ਪ੍ਰਕਾਸ਼ ਪੂਰਬ ਅਤੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ 300 ਵੇਂ ਜਨਮ ਦਿਹਾੜੇ ਨੂੰ ਸਮਰਪਿਤ ਇੰਟਰ ਜੀ. ਐਚ. ਪੀ. ਐਸ. ਗੁਰਮਤਿ ਕੁਇਜ਼ ਮੁਕਾਬਲੇ ਕਰਵਾਉਣ ਦਾ ਫ਼ੈਸਲਾ ਕੀਤਾ ਹੈ।

ਇਹ ਗੁਰਮਤਿ ਕੁਇਜ਼ ਆਉਣ ਵਾਲੀ 27 ਅਤੇ 28 ਅਪ੍ਰੈਲ 2023 ਨੂੰ ਬਹੁਤ ਵੱਡੇ ਪੱਧਰ ਉੱਤੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਪਾਵਨ ਇਤਿਹਾਸਿਕ ਅਸਥਾਨ ਗੁਰਦੁਆਰਾ ਰਕਾਬ ਗੰਜ ਸਾਹਿਬ ਦੇ ਲੱਖੀ ਸ਼ਾਹ ਵਣਜਾਰਾ ਹਾਲ ਵਿੱਚ ਹੋਵੇਗਾ। ਇਹ ਗੁਰਮਤਿ ਕੁਇਜ਼ ਦੋ ਭਾਗਾਂ ਵਿੱਚ ਕਰਵਾਈ ਜਾਏਗੀ। ਪਹਿਲੇ ਭਾਗ ਵਿੱਚ 27 ਅਪ੍ਰੈਲ 2023 ਨੂੰ ਕਵਾਟਰ ਫਾਈਨਲ ਮੁਕਾਬਲੇ ਕਰਵਾਏ ਜਾਣਗੇ। ਜਿਸ ਵਿੱਚ ਪਹਿਲੇ ਅਤੇ ਦੂਜੇ ਸਥਾਨ ਤੇ ਆਉਣ ਵਾਲੀਆਂ ਟੀਮਾਂ ਫਾਈਨਲ ਮੁਕਾਬਲੇ ਵਿਚ ਭਾਗ ਲੈਣਗੀਆਂ।

ਫਾਈਨਲ ਕੁਇਜ਼ ਮੁਕਾਬਲੇ 28 ਅਪ੍ਰੈਲ 2023 ਨੂੰ ਕਰਵਾਏ ਜਾਣਗੇ। ਫਾਈਨਲ ਕੁਇਜ਼ ਰਾਊਂਡ ਵਿਚ ਪਹਿਲੇ, ਦੂਜੇ ਅਤੇ ਤੀਜੇ ਸਥਾਨ ਤੇ ਆਉਣ ਵਾਲੀਆਂ ਟੀਮਾਂ ਨੂੰ ਨਗਦ ਇਨਾਮ ਅਤੇ ਸਕੂਲਾਂ ਨੂੰ ਟਰਾਫ਼ੀ ਦੇ ਕੇ ਸਨਮਾਨਿਤ ਕੀਤਾ ਜਾਵੇਗਾ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੁਇਜ਼ ਮੁਕਾਬਲੇ ਕਰਵਾਉਣ ਦੀ ਸਾਰੀ ਜ਼ਿੰਮੇਵਾਰੀ ਸਿੱਖ ਹਿਸਟਰੀ ਐਂਡ ਗੁਰਬਾਣੀ ਫ਼ੋਰਮ ਨੂੰ ਦਿੱਤੀ ਗਈ ਹੈ। ਫ਼ੋਰਮ ਦੇ ਡਾਇਰੈਕਟਰ

(ਬਾਕੀ ਸ.ਫਾ 29 'ਤੇ)

# ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ ਵਿਚ ਪੰਚ-ਪ੍ਰਧਾਨੀ ਰਿਵਾਇਤ ਦੀ ਬਹਾਲੀ ਜ਼ਰੂਰੀ: ਭਾਈ ਦਲਜੀਤ ਸਿੰਘ

## ਮਾਨਾਂਵਾਲੇ ਵਿਖੇ ਪੰਥ ਸੇਵਕਾਂ ਦੀ ਇਕੱਤਰਤਾ 'ਚ ਸਥਾਨਕ ਸੰਗਤਾਂ ਦੇ ਗਠਨ, ਪੰਥਕ ਰਿਵਾਇਤ ਤੇ ਗੁਰਮਤੇ ਦੀ ਬਹਾਲੀ ਬਾਰੇ ਚਰਚਾ ਹੋਈ





ਚੰਡੀਗੜ੍ਹ/ਏ.ਟੀ.ਨਿਊਜ਼ :- ਪੰਥ ਸੇਵਕ ਸਖਸ਼ੀਅਤਾਂ ਵੱਲੋਂ ਆਉਂਦੇ ਮੀਰੀ ਪੀਰੀ ਦਿਵਸ ਉੱਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਦਿੱਤੇ 'ਵਿਸ਼ਵ ਸਿੱਖ ਇਕੱਤਰਤਾ' ਦੇ ਸੱਦੇ ਤਹਿਤ ਸਥਾਨਕ ਗੁਰ-ਸੰਗਤ, ਖਾਲਸਾ ਪੰਥ ਦੇ ਜਥਿਆਂ, ਸੰਪਰਦਾਵਾਂ, ਸਖਸੀਅਤਾਂ ਅਤੇ ਪੰਥ ਸੇਵਕਾਂ ਨਾਲ ਤਾਲਮੇਲ ਤੇ ਮੁਲਾਕਾਤਾਂ ਦੇ ਸਿਲਸਿਲੇ ਤਹਿਤ ਮਾਨਾਂਵਾਲੇ ਨੇੜੇ ਪਿੰਡ ਮਿਹੋਕੇ ਦੇ ਗੁਰਦੁਆਰਾ ਸ਼ਹੀਦਾਂ ਵਿਖੇ ਇਕ ਇਕੱਤਰਤਾ ਹੋਈ। ਇਸ ਇਕੱਤਰਤਾ ਵਿੱਚ ਖਾਲਸਾ ਪੰਥ ਤੇ ਗੁਰ-ਸੰਗਤ ਦੀ ਸੇਵਾ ਵਿੱਚ ਸਰਗਰਮ ਜਥਿਆਂ ਦੇ ਨੁਮਾਇੰਦਿਆਂ ਤੇ ਸਮਾਜ ਵਿੱਚ ਸਰਗਰਮ ਸਖਸ਼ੀਅਤਾਂ ਨੇ ਹਿੱਸਾ ਲਿਆ।

ਇਸ ਇਕੱਤਰਤਾ ਵਿੱਚ ਪੰਥ ਸੇਵਕ ਭਾਈ ਦਲਜੀਤ ਸਿੰਘ ਬਿੱਟੂ, ਭਾਈ ਨਰਾਇਣ ਸਿੰਘ ਚੋੜਾ, ਸਤਨਾਮ ਸਿੰਘ ਖੰਡੇਵਾਲਾ ਅਤੇ ਭਾਈ ਸਤਨਾਮ ਸਿੰਘ ਝੰਜੀਆਂ ਨੇ ਕਿਹਾ ਕਿ ਇਸ ਵੇਲੇ ਜਦੋਂ ਸੰਸਾਰ, ਦੱਖਣੀ ਏਸ਼ੀਆ ਦੇ ਖਿੱਤੇ ਤੇ ਹਿੰਦੁਸਤਾਨ ਦੇ ਹਾਲਾਤ ਅਸਥਿਰਤਾ ਵੱਲ ਜਾ ਰਹੇ ਹਨ ਤਾਂ ਇਸ ਦਾ ਅਸਰ ਪੰਜਾਬ ਅਤੇ ਸਿੱਖਾਂ ਉੱਤੇ ਵੀ ਪੈ ਰਿਹਾ ਹੈ। ਦਿੱਲੀ ਦਰਬਾਰ (ਹਿੰਦ ਸਟੇਟ) ਸਿੱਖਾਂ ਵਿੱਚ ਆਏ ਵਰਤਮਾਨ ਖਿੰਡਾਓ ਨੂੰ ਹੋਰ ਵਧਾ ਰਿਹਾ ਹੈ।

ਉਹਨਾਂ ਕਿਹਾ ਕਿ ਸਦੀ ਪਹਿਲਾਂ ਸੰਘਰਸ਼ ਵਿੱਚੋਂ ਨਿੱਕਲੀਆਂ ਸਿੱਖ ਸੰਸਥਾਵਾਂ ਦਿੱਲੀ ਦਰਬਾਰ ਦੀ ਰਾਜਸੀ ਅਧੀਨਗੀ ਹੇਠ ਆ ਜਾਣ ਦੇ ਨਾਲ-ਨਾਲ ਕਈ ਹੋਰ ਅੰਦਰੂਨੀ ਕਮਜ਼ੋਰੀਆਂ ਦਾ ਵੀ ਸ਼ਿਕਾਰ ਹੋ ਚੁੱਕੀਆਂ ਹਨ। ਇਸ ਕਾਰਨ ਇਹ ਸਿੱਖਾਂ ਵਿੱਚ ਆਪਣੀ ਮਾਨਤਾ ਅਤੇ ਅਸਰ ਰਸੂਖ ਗਵਾਈ ਜਾ ਰਹੀਆਂ ਹਨ। ਵਰਤਮਾਨ ਗੈਰ ਸਿਧਾਂਤਕ ਪ੍ਰਬੰਧ ਕਾਰਨ ਖਾਲਸਾ ਪੰਥ ਦੇ ਕੇਂਦਰੀ ਧੁਰੇ ਵਜੋਂ ਅਗਵਾਈ ਕਰਨ ਵਾਲੇ ਸਰਵਉੱਚ ਤੇ ਸਰਵਪ੍ਰਵਾਨਤ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਨੂੰ ਵੱਡੀ ਆਂਚ ਆਈ ਹੈ।

ਉਹਨਾਂ ਕਿਹਾ ਕਿ ਅਸੀਂ ਪਿਛਲੇ ਛੇ ਮਹੀਨਿਆਂ ਦੌਰਾਨ ਸਿੱਖ ਸੰਪਰਦਾਵਾਂ, ਸੰਸਥਾਵਾਂ, ਪੰਥਕ ਸਖ਼ਸ਼ੀਅਤਾਂ, ਵਿਚਾਰਵਾਨਾਂ, ਵਿਦਵਾਨਾਂ, ਨੌਜੁਆਨਾਂ ਅਤੇ ਪ੍ਰਚਾਰਕਾਂ ਨਾਲ ਸੰਵਾਦ ਕੀਤਾ ਹੈ। ਇਸ ਦੀ ਅਗਲੀ ਕੜੀ ਤਹਿਤ 28 ਜੂਨ 2023 ਨੂੰ ਮੀਰੀ-ਪੀਰੀ ਦਿਵਸ 'ਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਵਿਸ਼ਵ ਸਿੱਖ ਇਕੱਤਰਤਾ ਸੱਦੀ ਜਾਵੇਗੀ, ਜਿਸ ਵਿੱਚ ਸ਼ਮੂਲੀਅਤ ਲਈ ਦੇਸ-ਵਿਦੇਸ ਤੋਂ ਸਿੱਖ ਸੰਪਰਦਾਵਾਂ, ਸੰਸਥਾਵਾਂ ਦੇ ਨੁਮਾਇੰਦਿਆਂ ਨੂੰ ਸੱਦਾ ਦਿਤਾ ਜਾਵੇਗਾ। ਵਿਸ਼ਵ ਸਿੱਖ ਇਕੱਤਰਤਾ ਵਿੱਚ ਸਾਡੀ ਕੋਸ਼ਿਸ਼ ਰਹੇਗੀ ਕਿ ਸ੍ਰੀ ਅਕਾਲ ਤਖਤ ਸਾਹਿਬ ਨੂੰ ਵੋਟ ਰਾਜਨੀਤੀ ਵਾਲੀਆਂ ਪਾਰਟੀਆਂ ਦੇ ਪ੍ਰਭਾਵ ਤੋਂ ਮੁਕਤ ਕਰਨ ਅਤੇ ਇਸ ਦੀ ਸੇਵਾ ਸੰਭਾਲ ਪੰਥਕ ਰਿਵਾਇਤਾਂ ਅਨੁਸਾਰ ਕਰਨ ਬਾਰੇ ਸਾਂਝਾ ਫੈਸਲਾ ਲਿਆ ਜਾਵੇ।

ਇਸ ਮੌਕੇ ਪੰਥ ਸੇਵਕ ਸਖਸ਼ੀਅਤਾਂ ਨੇ ਇਲਾਕੇ ਵਿੱਚ ਗੁਰਮਤਿ ਪ੍ਰਚਾਰ ਹਿਤ ਕਾਰਜ ਕਰ ਰਹੇ ਗਿਆਨੀ ਸਿਮਰਨਦੀਪ ਸਿੰਘ ਦੇ ਜਥੇ ਨੂੰ ਵਿਸ਼ਵ ਸਿੱਖ ਇਕੱਤਰਤਾ ਦਾ ਸੱਦਾ ਦਿੱਤਾ। ਇਸ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਭਾਈ ਅਰਸ਼ਦੀਪ ਸਿੰਘ, ਜਗਤਾਰ ਸਿੰਘ, ਜੁਗਰਾਜ ਸਿੰਘ, ਨਿਰੰਜਣ ਸਿੰਘ, ਮਨਦੀਪ ਸਿੰਘ, ਬਲਜਿੰਦਰ ਸਿੰਘ, ਕਰਨਦੀਪ ਸਿੰਘ, ਕੁਲਵੰਤ ਸਿੰਘ, ਮਲਕੀਤ ਸਿੰਘ ਬਸੰਤਕੋਟ ਅਤੇ ਪੰਥ ਸੇਵਕ ਜਥਾ ਮਾਝਾ ਦੇ ਸੇਵਾਦਾਰ ਭਾਈ ਸੁਖਦੀਪ ਸਿੰਘ ਮੀਕੇ ਵੀ ਹਾਜ਼ਰ ਸਨ।

# ਸ਼੍ਰੋਮਣੀ ਕਮੇਟੀ ਚੋਣਾਂ ਲਈ ਵੋਟਾਂ ਬਣਾਉਣ ਦੀ ਪ੍ਰਕਿਰਿਆ ਜਲਦ ਹੋ ਸਕਦੀ ਹੈ ਸ਼ੁਰੂ

## ਗੁਰਦੁਆਰਾ ਚੋਣ ਕਮਿਸ਼ਨਰ ਕੇਂਦਰੀ ਕਮਿਸ਼ਨ ਤੋਂ ਪ੍ਰਵਾਨਗੀ ਲਈ ਲਿਖ ਰਹੇ ਨੇ ਪੱਤਰ

ਚੰਡੀਗੜ੍ਹ/ਏ.ਟੀ.ਨਿਊਜ਼ :- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਹਾਊਸ ਦੀਆਂ ਚੋਣਾਂ ਲਈ ਵੋਟਾਂ ਬਣਾਉਣ ਦੀ ਪ੍ਰਕਿਰਿਆ ਛੇਤੀ ਸ਼ੁਰੂ ਹੋ ਸਕਦੀ ਹੈ। ਗੁਰਦੁਆਰਾ ਚੋਣ ਕਮਿਸ਼ਨਰ ਜਸਟਿਸ ਐਸ.ਐਸ.ਸਾਰੋਂ ਨੇ ਦੱਸਿਆ ਕਿ ਉਹ ਕੇਂਦਰੀ ਕਮਿਸ਼ਨ ਤੋਂ ਪ੍ਰਵਾਨਗੀ ਲਈ ਪੱਤਰ ਲਿਖ ਰਹੇ ਹਨ ਅਤੇ ਹਰੀ ਝੰਡੀ ਮਿਲਣ 'ਤੇ ਡਿਪਟੀ ਕਮਿਸ਼ਨਰਾਂ ਨੂੰ ਨਵੀਆਂ ਵੋਟਾਂ ਬਣਾਉਣ ਦੀ ਪ੍ਰਕਿਰਿਆ ਸ਼ੁਰੂ ਕਰਨ ਲਈ ਕਿਹਾ ਜਾਵੇਗਾ। ਜਸਟਿਸ ਸਾਰੋਂ ਨੇ ਕਿਹਾ ਕਿ ਸੁਪਰੀਮ ਕੋਰਟ ਵੱਲੋਂ ਹਰਿਆਣਾ ਨੂੰ ਵੱਖਰੀ ਗੁਰਦੁਆਰਾ ਕਮੇਟੀ ਲਈ ਮਾਨਤਾ ਦੇਣ ਤੋਂ ਬਾਅਦ ਹੁਣ ਕਮਿਸ਼ਨ ਕੇਵਲ ਪੰਜਾਬ, ਹਿਮਾਚਲ ਤੇ ਚੰਡੀਗੜ੍ਹ ਕੇਂਦਰੀ ਪ੍ਰਦੇਸ਼ 'ਚ ਚੋਣ ਕਰਵਾਏਗਾ। ਹਰਿਆਣਾ ਕਮੇਟੀ ਦੇ ਵੱਖ ਹੋ ਜਾਣ ਕਾਰਨ ਹੁਣ ਉੱਥੇ ਚੋਣਾਂ ਪੰਜਾਬ ਨਾਲ ਨਹੀਂ ਹੋਣਗੀਆਂ। ਸ੍ਰ. ਸਾਰੋਂ ਨੇ ਸਪਸ਼ਟ ਕੀਤਾ ਕਿ ਗੁਰਦੁਆਰਾ ਚੋਣਾਂ ਲਈ ਪ੍ਰਕਿਰਿਆ ਭਾਰਤ ਸਰਕਾਰ ਵੱਲੋਂ ਹਰੀ ਝੰਡੀ ਮਿਲਣ ਤੋਂ ਬਾਅਦ ਹੀ ਸ਼ੁਰੂ ਹੋ ਸਕੇਗੀ। ਵਰਨਣਯੋਗ ਹੈ ਕਿ ਭਾਰਤ ਸਰਕਾਰ ਵੱਲੋਂ ਗੁਰਦੁਆਰਾ ਚੋਣ ਕਮਿਸ਼ਨਰ ਵਜੋਂ (ਬਾਕੀ ਸਫ਼ਾ 29 'ਤੇ)

# ਤਮਿਲ ਸਿੱਖ ਕਲਚਰਲ ਬ੍ਰਦਰਹੁੱਡ ਐਂਡ ਐਜੂਕੇਸ਼ਨਲ ਫਾਊਂਡੇਸ਼ਨ ਵੱਲੋਂ ਸਿੱਖੀ ਪ੍ਰਚਾਰ ਲਈ ਵਿੱਤੀ ਸਹਾਇਤਾ ਦੀ ਮੰਗ



TAMIL SIKH CULTURAL BROTHERHOOD AND EDUCATIONAL FOUNDATION




ਚੰਡੀਗੜ੍ਹ/ਏ.ਟੀ.ਨਿਊਜ਼ :- ਤਮਿਲ ਸਿੱਖ ਸੱਭਿਆਚਾਰਕ ਭਾਈਚਾਰੇ ਅਤੇ ਵਿਦਿਅਕ ਫਾਊਂਡੇਸ਼ਨ ਵੱਲੋਂ ਸਿੱਖੀ ਪ੍ਰਚਾਰ ਹਿੱਤ 'ਚ ਵਿੱਤੀ ਸਹਾਇਤਾ ਦੀ ਕੀਤੀ ਮੰਗ ਗਈ। ਉਹਨਾਂ ਨੇ ਇਕ ਪੱਤਰ ਜਾਰੀ ਕਰਦੇ ਹੋਏ ਪਹਿਲਾਂ ਖਾਲਸੇ ਦੇ ਜਨਮ ਦਿਹਾੜੇ ਮੌਕੇ ਮੁਬਾਰਕਾਂ ਦਿੱਤੀਆਂ। ਇਸ ਦੇ ਨਾਲ ਹੀ ਸਿੱਖ ਕਲਚਰਲ ਬ੍ਰਦਰਹੁੱਡ ਐਂਡ ਐਜੂਕੇਸ਼ਨਲ ਫਾਊਂਡੇਸ਼ਨ ਦੇ ਚੇਅਰਮੈਨ ਸੇਲਵਾ ਸਿੰਘ ਨੇ ਸਮੂਹ ਸਿੱਖ ਭਾਈਚਾਰੇ ਅਪੀਲ ਕੀਤੀ ਕਿ ਉਹਨਾਂ ਦੀ ਸੰਸਥਾ ਨੇ ਖਾਲਸੇ ਦੇ ਜਨਮ ਦਿਹਾੜੇ ਦੇ ਸਬੰਧ ਵਿੱਚ ਖਾਲਸਾ ਸਾਜਨਾ ਦਿਵਸ ਨੂੰ ਸ਼ਾਨੋ-ਸ਼ੌਕਤ ਨਾਲ ਮਨਾਉਣ ਦਾ ਫੈਸਲਾ ਕੀਤਾ ਹੈ। ਜਿਸ ਲਈ ਉਹਨਾਂ ਨੂੰ ਵਿੱਤੀ ਸਹਾਇਤਾ ਦੀ ਲੋੜ ਹੈ।

ਉਹਨਾਂ ਨੇ ਅੱਗੇ ਕਿਹਾ ਕਿ ਅਸੀਂ ਤਾਮਿਲਨਾਡੂ ਵਿੱਚ Caste Annihilation Dining Programme ਆਯੋਜਿਤ ਕਰਨ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਸੰਦੇਸ਼ਾਂ ਬਾਰੇ ਪ੍ਰਚਾਰ ਕਰਨ ਲਈ ਇੱਕ ਮਹੀਨੇ ਦਾ ਪ੍ਰੋਗਰਾਮ ਆਯੋਜਿਤ ਕਰਨ ਦੀ ਯੋਜਨਾ ਬਣਾ ਰਹੇ ਹਾਂ, ਇਸੇ ਤਰ੍ਹਾਂ ਅਸੀਂ ਦੱਬੇ-ਕੁਚਲੇ ਪਿੰਡਾਂ ਦੇ ਲੋਕਾਂ ਵਿੱਚ ਫਿਲਮ 'ਸ਼ੂਦਰ ਤੋਂ ਖਾਲਸਾ' ਦਿਖਾਉਣ ਦਾ ਵੀ ਫੈਸਲਾ ਕੀਤਾ ਹੈ। ਕਾਲਜ ਜਾਣ ਵਾਲੇ ਵਿਦਿਆਰਥੀਆਂ ਅਤੇ ਵਿਦਵਾਨਾਂ ਲਈ ਤਾਮਿਲ ਅਨੁਵਾਦ ਕਿਤਾਬ "Captivating the Simple hearted " ਨੂੰ ਵੀ ਪਬਲਿਸ਼ ਕੀਤਾ ਜਾਵੇਗਾ। ਇਸ ਲਈ ਕਿਰਪਾ ਕਰਕੇ ਸਾਡੀ ਸੰਸਥਾ ਦੇ ਚਾਲੂ ਖਾਤਾ ਨੰਬਰ 'ਤੇ ਆਪਣੀ ਥੋੜ੍ਹੀ ਜਿਹੀ ਵਿੱਤੀ ਸਹਾਇਤਾ ਪਾ ਕੇ ਖ਼ਾਲਸੇ ਦੇ ਇਸ ਪ੍ਰੋਗਰਾਮ ਨੂੰ ਸਫਲ ਬਣਾਓ।

# ਸੜਕ ਹਾਦਸੇ ਵਿੱਚ ਹਜ਼ੂਰੀ ਰਾਗੀ ਭਾਈ ਰਵਿੰਦਰ ਸਿੰਘ ਹੋਏ ਗੰਭੀਰ ਜ਼ਖ਼ਮੀ



ਚੌਕ ਮਹਿਤਾ/ਏ.ਟੀ.ਨਿਊਜ਼ :-ਬੀਤੇ ਦਿਨ ਮਹਿਤਾ ਚੌਕ ਦੇ ਨੇੜੇ ਅੱਡਾ ਬੁੱਟਰ ਕੋਲ ਇਕ ਸੜਕ ਹਾਦਸੇ ਵਿੱਚ ਭਾਈ ਰਵਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਨੂੰ ਗੰਭੀਰ ਸੱਟਾਂ ਲੱਗਣ ਦਾ ਸਮਾਚਾਰ ਮਿਲਿਆ ਹੈ। ਬੁੱਟਰ ਚੌਂਕੀ ਦੇ ਇੰਚਾਰਜ ਨਿਸ਼ਾਨ ਸਿੰਘ ਵੱਲੋਂ ਮਿਲੀ ਜਾਣਕਾਰੀ ਅਨੁਸਾਰ ਜਲੰਧਰ ਵੱਲੋਂ ਆ ਰਹੀ ਇਕ ਇਨੋਵਾ ਕਾਰ ਅਤੇ ਮੋਟਰਸਾਈਕਲ ਦੀ ਆਹਮਣੇ-ਸਾਹਮਣੇ ਦੀ ਟੱਕਰ ਹੋ ਗਈ, ਮੋਟਰਸਾਈਕਲ ਸਵਾਰ ਪ੍ਰਵਾਸੀ ਮਜ਼ਦੂਰ ਰਾਜੂ ਦੀ ਤਾਂ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਉਸ ਦੇ ਪਿੱਛੇ ਬੈਠੀ ਔਰਤ ਪ੍ਰੀਤਮ ਕੌਰ ਪਤਨੀ ਸਲਵਿੰਦਰ ਸਿੰਘ ਪਿੰਡ ਬੁੱਟਰ ਸਿਵੀਆਂ ਦੀ ਹਸਪਤਾਲ ਲਿਜਾਂਦਿਆਂ ਰਸਤੇ ਵਿੱਚ ਮੌਤ ਹੋ ਗਈ। ਦੂਸਰੇ ਪਾਸੇ ਕਾਰ ਜੋ ਕਿ ਬੁਰੀ ਤਰ੍ਹਾਂ ਹਾਦਸਾਗ੍ਰਸਤ ਹੋ ਗਈ ਸੀ, ਵਿੱਚ ਬੈਠੇ ਭਾਈ ਰਵਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਇਕ ਬਾਂਹ ਟੁੱਟ ਗਈ ਅਤੇ ਹੋਰ ਵੀ ਗੰਭੀਰ ਸੱਟਾਂ ਲੱਗੀਆਂ।

Allstate
You're in good hands.

ALL STATE INSURANCE

ਕਿਸੇ ਕਿਸਮ ਦੀ ਇਨਸ਼ੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ

AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
- ਕਾਰ ਟਰਾਂਸਫਰ/ਸਟਿੱਕਰ
- ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
- ਲਾਈਵ ਸਕੈਨ/ਫਿੰਗਰ ਪ੍ਰਿੰਟ
- ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
- ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us



# ਪੁਲਵਾਮਾ ਦੀ ਘਟਨਾ ’ਤੇ ਉੱਠੇ ਸਵਾਲਾਂ ਬਾਰੇ ਮੋਦੀ ਸਰਕਾਰ ਚੁੱਪ ਕਿਉਂ ?

## ਸੀ.ਆਰ.ਪੀ.ਐਫ. ਨੇ ਪੁਲਵਾਮਾ ਦੁਖਾਂਤ ਤੋਂ ਪਹਿਲਾਂ ਹਵਾਈ ਜਹਾਜ਼ਾਂ ਦੀ ਮੰਗ ਕੀਤੀ ਸੀ ਅਤੇ ਕੇਂਦਰ ਨੇ ਇਸ ਬੇਨਤੀ ਨੂੰ ਠੁਕਰਾ ਦਿੱਤਾ ਸੀ : ਸੱਤਿਆ ਪਾਲ ਮਲਿਕ

ਲੇਖਕ : ਜਗਦੀਪ ਐਸ. ਛੋਕਰ

ਸੱਤਿਆ ਪਾਲ ਮਲਿਕ ਦੀ ਇੰਟਰਵਿਊ ਇਸ ਗੱਲ ਦਾ ਸਹੀ ਅੰਦਾਜ਼ਾ ਦਿੰਦੀ ਹੈ ਕਿ ਮਲਿਕ ਨੂੰ ਕਿਸ ਬਾਰੇ ਚੁੱਪ ਰਹਿਣ ਲਈ ਕਿਹਾ ਜਾ ਰਿਹਾ ਸੀ, ਪਰ ਵੱਡੀ ਚਿੰਤਾ ਦੀ ਗੱਲ ਇਹ ਹੈ ਕਿ ਕਿਸਨੇ ਉਸਨੂੰ ਚੁੱਪ ਰਹਿਣ ਲਈ ਕਿਹਾ ਅਤੇ ਉਸਦੇ ਚੁੱਪ ਰਹਿਣ ਅਤੇ ਚੁੱਪ ਨਾ ਰਹਿਣ ਦੇ ਕੀ ਪ੍ਰਭਾਵ ਹੋ ਸਕਦੇ ਹਨ। ਚਿੰਤਾ ਇਸ ਲਈ ਪੈਦਾ ਹੁੰਦੀ ਹੈ ਕਿਉਂਕਿ ਪ੍ਰਭਾਵ ਬਹੁਤ ਵਿਆਪਕ ਹੋ ਸਕਦਾ ਹੈ, ਰਾਸ਼ਟਰੀ ਸੁਰੱਖਿਆ ਤੋਂ ਸਾਡੇ ਲੋਕਤੰਤਰ ਦੀ ਸਥਿਤੀ ਤੱਕ ਸਰਕਾਰਾਂ ਕਿ ਕਰਦੀਆਂ ਹਨ।

ਸੱਤਿਆ ਪਾਲ ਮਲਿਕ ਨੇ ਸਪੱਸ਼ਟ ਸ਼ਬਦਾਂ ਵਿੱਚ ਬਿਆਨ ਕੀਤਾ ਕਿ, ਉਨ੍ਹਾਂ ਨੇ ਗ੍ਰਿਹਿ ਮੰਤਰਾਲੇ ਤੋਂ ਜਹਾਜ਼ ਮੰਗਿਆ ਤਾਂ ਗ੍ਰਿਹਿ ਮੰਤਰਾਲੇ ਨੇ ਇਨਕਾਰ ਕਰ ਦਿੱਤਾ ਅਤੇ ਮੈਂ ਸ਼ਾਮ ਨੂੰ ਪ੍ਰਧਾਨ ਮੰਤਰੀ ਨੂੰ ਦੱਸਿਆ ਕਿ ਇਹ ਸਾਡੀ ਗਲਤੀ ਕਾਰਨ ਹੋਇਆ ਹੈ। ਜੇਕਰ ਅਸੀਂ ਜਹਾਜ਼ ਦੇ ਦਿੰਦੇ ਤਾਂ ਅਜਿਹਾ ਨਾ ਹੁੰਦਾ। ਜਿਸ ’ਤੇ ਉਸ ਨੇ ਮੈਨੂੰ ਕਿਹਾ ਕਿ ਮੈਨੂੰ ਹੁਣ ਚੁੱਪ ਰਹਿਣਾ ਚਾਹੀਦਾ ਹੈ।

ਕਰਨ ਥਾਪਰ ਨੂੰ ਸੱਤਿਆ ਪਾਲ ਮਲਿਕ ਦੀ ਇੰਟਰਵਿਊ ਕਰਦੇ ਹੋਏ ਦੇਖਦਿਆਂ ਚੁੱਪ ਦੀ ਤਾਕਤ ਮਨ ਵਿਚ ਆ ਗਈ। ਇਹ ਇੰਨਾ ਨਹੀਂ ਸੀ ਕਿ ਮਲਿਕ ਕਿਸ ਬਾਰੇ ਚੁੱਪ ਸੀ, ਪਰ ਇਸ ਬਾਰੇ ਜ਼ਿਆਦਾ ਸੀ ਜਿਸ ਬਾਰੇ ਉਸਨੂੰ ਚੁੱਪ ਰਹਿਣ ਲਈ ਕਿਹਾ ਗਿਆ ਸੀ ! ਫਰਵਰੀ 2019 ਵਿੱਚ ਪੁਲਵਾਮਾ ਵਿੱਚ ਵਾਪਰੀ ਭਿਆਨਕ ਘਟਨਾ ਬਾਰੇ ਬੋਲਦੇ ਹੋਏ, ਮਲਿਕ ਨੇ ਕਿਹਾ ਕਿ ਜਦੋਂ ਉਸਨੇ ਪ੍ਰਧਾਨ ਮੰਤਰੀ ਨੂੰ ਦੱਸਿਆ ਕਿ ਇਹ ਘਟਨਾ ਸਾਡੇ (ਗ੍ਰਿਹਿ ਮੰਤਰਾਲੇ ਦੇ) ਲੋਕਾਂ ਨੂੰ



ਲਿਜਾਣ ਲਈ ਸੀਆਰਪੀਐਫ ਜਹਾਜ਼ ਮੁਹੱਈਆ ਨਾ ਕਰਨ ਦੇ ਫੈਸਲੇ ਵਿੱਚ ਅਸਫਲਤਾ ਕਾਰਨ ਵਾਪਰੀ ਹੈ, ਤਾਂ ਉਹ ਸੀ. ਪ੍ਰਧਾਨ ਮੰਤਰੀ ਨੇ ਕਿਹਾ, ਇਹ ਸਭ ਨਾ ਕਹੋ, ਇਹ ਕੁਝ ਹੋਰ ਹੈ।

ਮਹਾਂਭਾਰਤ ਵੱਲ ਮੁੜਦੇ ਹੋਏ, ਸਥਿਤੀ, ਸੰਖੇਪ ਵਿੱਚ, ਇਹ ਹੈ ਕਿ ਮਹਾਂਕਾਵਿ ਯੁੱਧ ਦੌਰਾਨ, ਪਾਂਡਵਾਂ ਨੂੰ ਦਰੋਣਾਚਾਰੀਆ ਦਾ ਮੁਕਾਬਲਾ ਕਰਨਾ ਮੁਸ਼ਕਲ ਹੋ ਰਿਹਾ ਸੀ ਜੋ ਕੌਰਵਾਂ ਦੇ ਪੱਖ ਵਿੱਚ ਲੜ ਰਹੇ ਸਨ। ਇਹ ਰਣਨੀਤੀ ਬਣਾਈ ਗਈ ਸੀ ਕਿ ਜੇਕਰ ਉਸਨੂੰ ਦੱਸਿਆ ਗਿਆ ਕਿ ਉਸਦੇ ਪੁੱਤਰ, ਅਸ਼ਵਥਾਮਾ ਦੀ ਮੌਤ ਹੋ ਗਈ ਹੈ, ਤਾਂ ਉਹ (ਦ੍ਰੋਣ) ਹੌਂਸਲਾ ਹਾਰ ਜਾਵੇਗਾ ਅਤੇ ਲੜਾਈ ਛੱਡ ਦੇਵੇਗਾ। ਅਸ਼ਵਥਾਮਾ ਨੂੰ ਮਾਰਨਾ ਆਸਾਨ ਨਹੀਂ ਸੀ, ਇਸ ਲਈ ਭੀਮ ਨੇ ਅਸ਼ਵਥਾਮਾ ਨਾਮਕ ਹਾਥੀ ਨੂੰ ਮਾਰ ਦਿੱਤਾ ਅਤੇ ਦ੍ਰੋਣ ਨੂੰ ਇਹ ਦੱਸ ਦਿੱਤਾ ਗਿਆ ਕਿ ਅਸ਼ਵਥਾਮਾ ਦੀ ਮੌਤ ਹੋ ਗਈ ਹੈ। ਇਸ ਵਿੱਚ ਵਿਸ਼ਵਾਸ ਨਾ ਕਰਦੇ ਹੋਏ ਅਤੇ ਕੇਵਲ ਯੁਧਿਸ਼ਟਰ ਵਿੱਚ ਵਿਸ਼ਵਾਸ ਰੱਖਦੇ ਹੋਏ (ਜੋ ਕਦੇ ਝੂਠ ਨਹੀਂ ਬੋਲਦਾ) ਦ੍ਰੋਣ ਨੇ ਯੁਧਿਸ਼ਟਰ ਨੂੰ ਪੁੱਛਿਆ ਕਿ ਕੀ ਅਸ਼ਵਥਾਮਾ ਦੀ ਮੌਤ ਹੋ ਗਈ ਸੀ। ਇਹ ਉਦੋਂ ਹੁੰਦਾ ਹੈ ਜਦੋਂ ਯੁਧਿਸ਼ਟਰ ਨੇ ਇਸ ਮਸ਼ਹੂਰ ਕਥਨ ਨਾਲ ਪ੍ਰਤੀਕਰਮ ਦਿੱਤਾ ਸੀ ਅਸ਼ਵਥਾਮਾ ਹਤਾ: ਹਾ ਇਤਿ, ਨਰੋਵਾ ਕੁੰਜਰੋਵਾ ? ਦੰਤਕਥਾ ਇਹ ਹੈ ਕਿ ਜਦੋਂ ਉਸਨੇ ਨਰੋਵਾ ਕੁੰਜਰੋਵਾ ਕਿਹਾ, ਤਾਂ ਕ੍ਰਿਸ਼ਨ ਨੇ ਆਪਣਾ ਸ਼ੰਖ ਉੱਚੀ ਉੱਚੀ ਵਜਾ ਦਿੱਤਾ ਤਾਂ ਜੋ ਦ੍ਰੋਣ ਯੁਧਿਸ਼ਟਰ ਦੇ ਕਥਨ ਦਾ ਆਖਰੀ ਹਿੱਸਾ ਨਾ ਸੁਣ ਸਕੇ, ਅਤੇ ਇਹ ਸੋਚ ਕੇ ਕਿ ਇਹ ਉਸਦਾ ਪੁੱਤਰ ਸੀ ਜੋ ਮਰ ਗਿਆ ਹੈ, ਉਸਨੇ ਆਪਣੇ ਹਥਿਆਰ ਸੁੱਟ ਦਿੱਤੇ ਅਤੇ ਮਾਰਿਆ ਗਿਆ।

ਉਪਰੋਕਤ ਦੇ ਮੁਕਾਬਲੇ, ਚੁੱਪ ਦੀ ਸ਼ਕਤੀ ਇੱਕ ਬਹੁਤ ਹੀ ਪੁਰਾਣੀ ਉਦਾਹਰਣ, 2 ਮਾਰਚ, 2023 ਦੇ ਸੁਪਰੀਮ ਕੋਰਟ ਦੇ ਇੱਕ ਫੈਸਲੇ ਵਿੱਚ, ਜਿਸਨੂੰ ਮੁੱਖ ਚੋਣ ਕਮਿਸ਼ਨਰ ਦੀ ਨਿਯੁਕਤੀ ਕਿਹਾ ਗਿਆ ਹੈ, ਵਿੱਚ ਇੱਕ ਬਹੁਤ ਹੀ ਤਾਜ਼ਾ ਉਦਾਹਰਣ ਮਿਲਦਾ ਹੈ। ਕਮਿਸ਼ਨਰ ਕੇਸ (ਅਨੂਪ ਬਰਨਵਾਲ ਬਨਾਮ ਯੂਨੀਅਨ ਆਫ ਇੰਡੀਆ, 2015 ਦਾ WP(3) 104) ਸੁਪਰੀਮ ਕੋਰਟ, ਫੈਸਲੇ ਦੇ ਪੈਰੇ 211 ਅਤੇ 212 ਵਿੱਚ, ਸੰਵਿਧਾਨਕ ਚੁੱਪ ਜਾਂ ਮੁਅੱਤਲ ਦੇ ਸਿਧਾਂਤ ਦੀ ਵਿਆਖਿਆ ਕਰਦਾ ਹੈ। ਨਿਮਨਲਿਖਤ ਹਵਾਲਾ ਸਿਧਾਂਤ ਦੇ ਸਾਰ ਨੂੰ ਗ੍ਰਹਿਣ ਕਰਦਾ ਹੈ, ਜੋ ਅਣਲਿਖਤ ਅਤੇ ਅਨਿਯਮਿਤ ਰਹਿੰਦਾ ਹੈ, ਉਹ ਸੰਵਿਧਾਨ ਦੇ ਕਾਰਜਸ਼ੀਲ ਚਰਿੱਤਰ ਅਤੇ ਸੰਜਮ ਦੀ ਗੁਣਵੱਤਾ ਲਈ ਓਨਾ ਹੀ ਜ਼ਿੰਮੇਵਾਰ ਹੋ ਸਕਦਾ ਹੈ (ਬਾਕੀ ਸਫ਼ਾ 29 ’ਤੇ)

## ਭਾਜਪਾ ਨੇ ਮਲਿਕ ’ਤੇ ਪਲਟਵਾਰ ਕੀਤਾ

ਦੂਜੇ ਪਾਸੇ ਭਾਜਪਾ ਨੇ ਵੀ ਸੱਤਿਆਪਾਲ ਮਲਿਕ ’ਤੇ ਜਵਾਬੀ ਕਾਰਵਾਈ ਕੀਤੀ ਹੈ। ਭਾਜਪਾ ਨੇਤਾ ਅਮਿਤ ਮਾਲਵੀਆ ਨੇ ਸਤਿਆਪਾਲ ਮਲਿਕ ਦੇ ਕਈ ਪੁਰਾਣੇ ਇੰਟਰਵਿਊ ਸ਼ੇਅਰ ਕੀਤੇ ਹਨ। ਜਿੱਥੇ ਉਹ ਆਪਣੇ ਬਿਆਨ ਤੋਂ ਪਲਟਦੇ ਨਜ਼ਰ ਆ ਰਹੇ ਹਨ। ਅਜਿਹੇ ’ਚ ਭਾਜਪਾ ਹੁਣ ਸੱਤਿਆਪਾਲ ਮਲਿਕ ਦੀ ਭਰੋਸੇਯੋਗਤਾ ’ਤੇ ਸਵਾਲ ਉਠਾ ਰਹੀ ਹੈ। ਅਮਿਤ ਮਾਲਵੀਆ ਨੇ ਟਵੀਟ ਕੀਤਾ ਅਤੇ ਲਿਖਿਆ ਕਿ ਕੋਈ ਵੀ ਉਸ ਨੂੰ ਗੰਭੀਰਤਾ ਨਾਲ ਨਹੀਂ ਲੈਂਦਾ, ਭਾਵੇਂ ਉਹ ਆਪਣੇ ਦੋਸ਼ਾਂ ਨੂੰ ਵਾਪਸ ਲੈ ਲੈਂਦਾ ਹੈ। ਇਹ ਉਸਦੀ ਭਰੋਸੇਯੋਗਤਾ ’ਤੇ ਵੱਡਾ ਸਵਾਲ ਹੈ।

## ਕਾਂਗਰਸ ਦੇ ਸਵਾਲ

ਸੱਤਿਆਪਾਲ ਮਲਿਕ ਦੇ ਇਸ ਇੰਟਰਵਿਊ ਤੋਂ ਬਾਅਦ ਕਾਂਗਰਸ ਨੇ ਇੱਕ ਵਾਰ ਫਿਰ ਮੋਦੀ ਸਰਕਾਰ ’ਤੇ ਹਮਲਾ ਬੋਲਿਆ ਹੈ। ਕਾਂਗਰਸ ਨੇ ਪੁਲਵਾਮਾ ਹਮਲੇ ਨੂੰ ਲੈ ਕੇ ਕੇਂਦਰ ਸਰਕਾਰ ਤੋਂ ਕਈ ਸਵਾਲ ਪੁੱਛੇ ਹਨ। ਉਹ ਸਵਾਲ ਹਨ–

–ਮੋਦੀ ਸਰਕਾਰ ਨੇ ਸੀ ਆਰ ਪੀ ਐਫ ਜਵਾਨਾਂ ਨੂੰ ਜਹਾਜ਼ ਕਿਉਂ ਨਹੀਂ ਦਿੱਤੇ ?
– ਜੈਸ਼ ਦੀ ਖੁਫੀਆ ਜਾਣਕਾਰੀ ਅਤੇ ਧਮਕੀ ਨੂੰ ਨਜ਼ਰਅੰਦਾਜ਼ ਕਿਉਂ ਕੀਤਾ ?
–ਅੱਤਵਾਦੀਆਂ ਨੂੰ ਵੱਡੀ ਮਾਤਰਾ ’ਚ ਆਰਡੀ ਐਕਸ ਕਿਵੇਂ ਮਿਲਿਆ ? –ਪੁਲਵਾਮਾ ਹਮਲੇ ਦੀ ਜਾਂਚ ਕਿੱਥੋਂ ਤੱਕ ਪਹੁੰਚੀ ਹੈ ?
–ਐਨ ਐਸ ਏ ਅਜੀਤ ਡੋਭਾਲ ਅਤੇ ਤਤਕਾਲੀ ਗ੍ਰਿਹਿ ਮੰਤਰੀ ਰਾਜਨਾਥ ਸਿੰਘ ’ਤੇ ਕੀ ਜ਼ਿੰਮੇਵਾਰੀ ਤੈਅ ਕੀਤੀ ਗਈ ਸੀ ?
–ਪੁਲਵਾਮਾ ਹਮਲੇ ਤੋਂ ਬਾਅਦ ਪ੍ਰਧਾਨ ਮੰਤਰੀ ਮੋਦੀ ਨੇ ‘ਚੁੱਪ’ ਰਹਿਣ ਦੀ ਧਮਕੀ ਕਿਉਂ ਦਿੱਤੀ ?

## ਕੌਣ ਹੈ ਸੱਤਿਆ ਪਾਲ ਮਲਿਕ ?

ਵਿਕੀਪੀਡੀਆ ਦੇ ਅਨੁਸਾਰ, ਮਲਿਕ ਦਾ ਜਨਮ ਪੱਛਮੀ ਉੱਤਰ ਪ੍ਰਦੇਸ਼ ਦੇ ਇੱਕ ਪਿੰਡ ਵਿੱਚ ਹੋਇਆ ਸੀ ਅਤੇ ਉਸਨੇ ਮੇਰਠ ਕਾਲਜ, ਮੇਰਠ ਦੇ ਵਿਦਿਆਰਥੀ ਯੂਨੀਅਨ ਦੇ ਪ੍ਰਧਾਨ ਵਜੋਂ 1968–69 ਵਿੱਚ ਆਪਣੇ ਰਾਜਨੀਤਿਕ ਕੈਰੀਅਰ ਦੀ ਸ਼ੁਰੂਆਤ ਕੀਤੀ, ਜਿੱਥੋਂ ਉਸਨੇ ਆਪਣੀ ਬੀ.ਐਸ.ਸੀ. ਅਤੇ ਐਲ.ਐਲ.ਬੀ. ਡਿਗਰੀ ਪ੍ਰਾਪਤ ਕੀਤੀ, ਉਹ ਪਹਿਲਾ ਜਨਤਕ ਦਫਤਰ ਜਿਸ ਲਈ ਉਹ 1974 ਵਿੱਚ ਉੱਤਰ ਪ੍ਰਦੇਸ਼ ਦੇ ਬਾਗਪਤ ਹਲਕੇ ਤੋਂ ਯੂਪੀ ਵਿਧਾਨ ਸਭਾ ਦੇ ਮੈਂਬਰ ਵਜੋਂ ਚੁਣਿਆ ਗਿਆ ਸੀ ਜਦੋਂ ਉਸਨੇ ਚਰਨ ਸਿੰਘ ਦੀ ਪਾਰਟੀ, ਭਾਰਤੀ ਕ੍ਰਾਂਤੀ ਦਲ ਦੇ ਮੈਂਬਰ ਵਜੋਂ ਚੋਣ ਲੜੀ ਸੀ। ਬਾਅਦ ਵਿਚ ਜਦੋਂ 1974 ਵਿੱਚ ਭਾਰਤੀ ਲੋਕ ਦਲ ਦਾ ਗਠਨ ਹੋਇਆ ਤਾਂ ਉਹ ਇਸ ਦੇ ਜਨਰਲ ਸਕੱਤਰ ਬਣੇ।ਉਸਨੇ 1980 ਵਿੱਚ ਯੂਪੀ ਤੋਂ ਰਾਜ ਸਭਾ ਦੇ ਮੈਂਬਰ ਵਜੋਂ ਰਾਸ਼ਟਰੀ ਰਾਜਨੀਤੀ ਵਿੱਚ ਪ੍ਰਵੇਸ਼ ਕੀਤਾ ਅਤੇ 1989 ਤੱਕ ਰਾਜ ਸਭਾ ਵਿੱਚ ਰਹੇ। 1989 ਤੋਂ 1991 ਤੱਕ, ਉਹ ਜਨਤਾ ਦਲ ਦੀ ਟਿਕਟ ’ਤੇ ਚੁਣੇ ਗਏ ਲੋਕ ਸਭਾ ਦੇ ਮੈਂਬਰ ਰਹੇ। ਉਸਨੇ ਸਮਾਜਵਾਦੀ ਪਾਰਟੀ ਦੀ ਟਿਕਟ ’ਤੇ ਅਲੀਗੜ੍ਹ ਹਲਕੇ ਤੋਂ 1996 ਦੀ ਲੋਕ ਸਭਾ ਚੋਣ ਲੜੀ ਪਰ ਹਾਰ ਗਏ, ਸਿਰਫ 40,789 ਵੋਟਾਂ ਨਾਲ ਚੌਥੇ ਸਥਾਨ ’ਤੇ ਰਹੇ। 2012 ਵਿੱਚ, ਉਨ੍ਹਾਂ ਨੂੰ ਭਾਜਪਾ ਦਾ ਰਾਸ਼ਟਰੀ ਉਪ ਪ੍ਰਧਾਨ ਨਿਯੁਕਤ ਕੀਤਾ ਗਿਆ ਸੀ।

ਉਹ 30 ਸਤੰਬਰ, 2017 ਤੋਂ 21 ਅਗਸਤ, 2018 ਤੱਕ ਬਿਹਾਰ ਦੇ ਰਾਜਪਾਲ, 23 ਅਗਸਤ, 2018 ਤੋਂ 30 ਅਕਤੂਬਰ, 2019 ਤੱਕ ਜੰਮੂ ਅਤੇ ਕਸ਼ਮੀਰ ਦੇ ਰਾਜਪਾਲ, 03 ਨਵੰਬਰ, 2019 ਤੋਂ 18 ਅਗਸਤ, 2020 ਤੱਕ ਗੋਆ ਦੇ ਰਾਜਪਾਲ ਰਹੇ ਅਤੇ 18 ਅਗਸਤ, 2020 ਤੋਂ 03 ਅਕਤੂਬਰ, 2022 ਤੱਕ ਮੇਘਾਲਿਆ ਦਾ। ਇਹ ਉਸ ਨੂੰ ਪੰਜ ਸਾਲਾਂ ਦੇ ਮਿਆਰੀ ਕਾਰਜਕਾਲ ਦੌਰਾਨ ਚਾਰ ਵੱਖ-ਵੱਖ ਰਾਜਾਂ ਦੇ ਗਵਰਨਰ ਰਹਿਣ ਲਈ, ਰਾਜਪਾਲਾਂ ਵਿੱਚ ਵਿਲੱਖਣ ਨਹੀਂ ਤਾਂ ਵਿਸ਼ੇਸ਼ ਬਣਾਉਂਦਾ ਹੈ।

## ਕੀ ਹਨ ਸਤਿਆ ਪਾਲ ਮਲਿਕ ਦੇ ਦਾਅਵੇ ?

ਜੰਮੂ-ਕਸ਼ਮੀਰ ਦੇ ਸਾਬਕਾ ਰਾਜਪਾਲ ਸੱਤਿਆ ਪਾਲ ਮਲਿਕ ਨੇ ਦਾਅਵਾ ਕੀਤਾ ਕਿ ਸੀਆਰਪੀਐਫ ਨੇ ਆਪਣੇ ਜਵਾਨਾਂ ਨੂੰ ਲਿਜਾਣ ਲਈ ਇੱਕ ਜਹਾਜ਼ ਮੰਗਿਆ ਸੀ, ਕਿਉਂਕਿ ਇੰਨਾ ਵੱਡਾ ਕਾਫਲਾ ਕਦੇ ਵੀ ਸੜਕ ਰਾਹੀਂ ਨਹੀਂ ਜਾਂਦਾ। ਮਲਿਕ ਨੇ ਦਾਅਵਾ



ਕੀਤਾ ਕਿ ਸੀਆਰਪੀਐਫ ਨੇ ਗ੍ਰਿਹਿ ਮੰਤਰਾਲੇ ਨੂੰ ਕਿਹਾ ਸੀ, ਪਰ ਉਨ੍ਹਾਂ ਨੇ ਜਹਾਜ਼ ਦੇਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਕਿਹਾ ਕਿ ਜੇਕਰ ਮੈਨੂੰ ਕਿਹਾ ਜਾਂਦਾ ਤਾਂ ਮੈਂ ਉਨ੍ਹਾਂ ਨੂੰ (ਸੀ.ਆਰ.ਪੀ.ਐਫ.) ਜਹਾਜ਼ ਦੇ ਦਿੰਦਾ, ਚਾਹੇ ਕੋਈ ਵੀ ਹੋਵੇ। ਸਿਰਫ਼ ਪੰਜ ਜਹਾਜ਼ਾਂ ਦੀ ਲੋੜ ਸੀ। ਉਸ ਨੂੰ ਜਹਾਜ਼ ਨਹੀਂ ਦਿੱਤਾ ਗਿਆ।

ਸਤਿਆਪਾਲ ਮਲਿਕ ਨੇ ਇੱਕ ਹੋਰ ਵੱਡਾ ਦਾਅਵਾ ਕੀਤਾ । ਉਨ੍ਹਾਂ ਕਿਹਾ ਕਿ ਇਸ ਹਮਲੇ ਤੋਂ ਬਾਅਦ ਜਦੋਂ ਪ੍ਰਧਾਨ ਮੰਤਰੀ ਮੋਦੀ ਨੇ ਮੈਨੂੰ ਜਿਮ ਕਾਰਬੇਟ ਪਾਰਕ ਤੋਂ ਫੋਨ ਕੀਤਾ ਤਾਂ ਮੈਂ ਪ੍ਰਧਾਨ ਮੰਤਰੀ ਨੂੰ ਕਿਹਾ ਕਿ ਇਹ ਸਾਡੀ ਗਲਤੀ ਕਾਰਨ ਹੋਇਆ ਹੈ। ਇਸ ’ਤੇ ਉਸ ਨੇ ਮੈਨੂੰ ਕਿਹਾ ਕਿ ਤੁਸੀਂ ਚੁੱਪ ਰਹੋ ਅਤੇ ਕਿਸੇ ਨੂੰ ਕੁਝ ਨਾ ਕਹੋ।

### ਐਨ.ਐਸ.ਏ. ਅਜੀਤ ਡੋਵਾਲ ਦਾ ਵੀ ਜ਼ਿਕਰ ਕੀਤਾ

ਮਲਿਕ ਨੇ ਆਪਣੇ ਇੰਟਰਵਿਊ ਵਿੱਚ ਐਨਐਸਏ ਅਜੀਤ ਡੋਭਾਲ ਦਾ ਵੀ ਜ਼ਿਕਰ ਕੀਤਾ। ਇਸ ਦੇ ਨਾਲ ਹੀ ਉਨ੍ਹਾਂ ਆਪਣੇ ਮਨ ਦੀ ਗੱਲ ਦੱਸਦੇ ਹੋਏ ਦਾਅਵਾ ਕੀਤਾ ਕਿ ਉਹ ਸਮਝ ਗਏ ਹਨ ਕਿ ਸਰਕਾਰ ਸਾਰਾ ਮਾਮਲਾ ਪਾਕਿਸਤਾਨ ’ਤੇ ਸੁੱਟਣ ਜਾ ਰਹੀ ਹੈ ਤਾਂ ਜੋ 2019 ਦੀਆਂ ਲੋਕ ਸਭਾ ਚੋਣਾਂ ’ਚ ਇਸ ਦਾ ਫਾਇਦਾ ਹੋ ਸਕੇ। ਉਨ੍ਹਾਂ ਕਿਹਾ ਕਿ ਅਜੀਤ ਡੋਭਾਲ ਨੇ ਵੀ ਮੈਨੂੰ ਚੁੱਪ ਰਹਿਣ ਲਈ ਕਿਹਾ । ਮੈਂ ਸਮਝ ਗਿਆ ਕਿ ਮਾਮਲਾ ਪਾਕਿਸਤਾਨ ਵੱਲ ਜਾਣਾ ਸੀ।

## ਪੰਜਾਬ ਦੀ ਸਿਆਸਤ ਬਨਾਮ ਸਿਆਸੀ ਛੁਰਲੀਆਂ

# ਪੰਜਾਬ ਦੀ ਸਿਆਸਤ ਨੂੰ ਚੜ੍ਹਿਆ ਕਾਮੇਡੀ ਦਾ ਰੰਗ




- ਮੁੱਖ ਮੰਤਰੀ ਭਗਵੰਤ ਮਾਨ ਵੀ ਕਦੇ ਵੇਚਦੇ ਸਨ ਮਿੱਠੀਆਂ ਮਿਰਚਾਂ ਤੇ ਕੁਲਫ਼ੀ ਗਰਮਾ ਗਰਮ
- ਸੀਨੀਅਰ ਕਾਂਗਰਸੀ ਆਗੂ ਨਵਜੋਤ ਸਿੰਘ ਸਿੱਧੂ ਵੀ ਅਕਸਰ ਭਾਸ਼ਣ ਦਿੰਦੇ ਹੋਏ ਕਰ ਜਾਂਦੇ ਨੇ ਕਾਮੇਡੀ
- ਸੁਖਬੀਰ ਬਾਦਲ ਦੀਆਂ ਕੁਝ ਗੱਲਾਂ ਸੁਣ ਕੇ ਵੀ ਹੱਸ ਲੈਂਦੇ ਨੇ ਲੋਕ
- ਸਿਆਸੀ ਆਗੂਆਂ ਦੀ ਕਾਮੇਡੀ 'ਚ ਰੁਲ ਜਾਂਦੇ ਨੇ ਲੋਕਾਂ ਦੇ ਵੱਡੇ ਮੁੱਦੇ
- ਆਪਸ ਵਿੱਚ ਪਿੰਡਾਂ ਦੇ ਚੌਰਾਹੇ 'ਚ ਖੜਕੇ ਲੜਦੀਆਂ ਜਨਾਨੀਆਂ ਵਾਂਗ ਸਿਆਸੀ ਆਗੂ ਮਾਰਦੇ ਨੇ ਇੱਕ ਦੂਜੇ ਨੂੰ ਤਾਨੇ ਮਿਹਣੇ

ਪਟਿਆਲਾ/ਏ.ਟੀ.ਨਿਊਜ਼: ਪੰਜਾਬ ਦੀ ਸਿਆਸਤ ਨੂੰ ਅੱਜ ਕੱਲ੍ਹ ਕਾਮੇਡੀ ਦਾ ਰੰਗ ਚੜ੍ਹਿਆ ਹੋਇਆ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪਹਿਲਾਂ ਕਾਮੇਡੀਅਨ ਹੁੰਦੇ ਸਨ, ਜਿਸ ਕਰਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਕਸਰ ਆਪਣੇ ਭਾਸ਼ਣਾਂ ਵਿੱਚ ਕਾਮੇਡੀ ਕਰ ਜਾਂਦੇ ਹਨ ਜਾਂ ਕੋਈ ਚੁਟਕਲਾ ਸੁਣਾ ਕੇ ਲੋਕਾਂ ਨੂੰ ਹਸਾ ਦਿੰਦੇ ਹਨ। ਇਸ ਤੋਂ ਇਲਾਵਾ ਸੀਨੀਅਰ ਕਾਂਗਰਸੀ ਆਗੂ ਨਵਜੋਤ ਸਿੰਘ ਸਿੱਧੂ ਵੀ ਅਕਸਰ ਭਾਸ਼ਣ ਦਿੰਦੇ ਹੋਏ ਅਤੇ ਆਮ ਗਲਬਾਤ ਕਰਦੇ ਹੋਏ ਅਕਸਰ ਕਾਮੇਡੀ ਕਰ ਜਾਂਦੇ ਹਨ। ਨਵਜੋਤ ਸਿੱਧੂ ਵੀ ਕਈ ਕਾਮੇਡੀ ਸੀਰੀਅਲਾਂ ਦਾ ਹਿੱਸਾ ਰਹਿ ਚੁਕੇ ਹਨ ਅਤੇ ਉਹਨਾਂ ਦੀ ਕਾਮੇਡੀ ਵੀ ਕਾਫੀ ਪ੍ਰਸਿੱਧ ਹੈ। ਇਸ ਤੋਂ ਇਲਾਵਾ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੀ ਅਕਸਰ ਭਾਸ਼ਣ ਦਿੰਦੇ ਸਮੇਂ ਕਈ ਵਾਰ ਅਜਿਹੀ ਗਲ ਕਹਿ ਦਿੰਦੇ ਹਨ ਕਿ ਉਹਨਾਂ ਦਾ ਭਾਸ਼ਣ ਸੁਣਨ ਵਾਲੇ ਹੱਸਣ ਲੱਗ ਪੈਂਦੇ ਹਨ। ਇਸ ਤੋਂ ਇਲਾਵਾ ਪੰਜਾਬ ਦੇ ਕੁਝ ਹੋਰ ਸਿਆਸੀ ਆਗੂ ਵੀ ਅਕਸਰ ਆਪਣੇ ਭਾਸ਼ਣਾਂ ਨੂੰ ਕਾਮੇਡੀ ਦੇ ਰੰਗ ਵਿੱਚ ਡੁਬੋ ਕੇ ਲੋਕਾਂ ਨੂੰ ਹਸਾਉਣ ਦਾ ਯਤਨ ਕਰਦੇ ਹਨ।



ਇਹਨਾਂ ਸਿਆਸੀ ਆਗੂਆਂ ਦੀ ਰੈਲੀਆਂ ਵਿੱਚ ਜਿਹੜੇ ਲੋਕ ਆਪਣੇ ਮੁੱਦਿਆਂ ਅਤੇ ਮਸਲਿਆਂ ਦੇ ਹਲ ਲਈ ਆਏ ਹੁੰਦੇ ਹਨ ਜਾਂ ਉਹਨਾਂ ਨੂੰ ਇਹਨਾਂ ਸਿਆਸੀ ਆਗੂਆਂ ਤੋਂ ਕੋਈ ਸੰਜੀਦਾ ਗਲ ਦੀ ਆਸ ਹੁੰਦੀ ਹੈ ਪਰ ਇਹਨਾਂ ਸਿਆਸੀ ਆਗੂਆਂ ਦੀ ਕਾਮੇਡੀ ਵਿੱਚ ਅਕਸਰ ਆਮ ਲੋਕਾਂ ਦੇ ਵੱਡੇ ਮਸਲੇ ਅਤੇ ਮੁੱਦੇ ਰੁਲ ਜਾਂਦੇ ਹਨ ਅਤੇ ਅਕਸਰ ਲੋਕ ਇਹਨਾਂ ਸਿਆਸੀ ਆਗੂਆਂ ਦੀਆਂ ਸਿਆਸੀ ਛੁਰਲੀਆਂ ਸੁਣਕੇ ਹਸ ਲੈਂਦੇ ਹਨ ਅਤੇ ਕੁਝ ਸਮੇਂ ਲਈ ਆਪਣੇ ਮੁੱਦੇ ਤੇ ਮਸਲੇ ਹੀ ਭੁੱਲ ਜਾਂਦੇ ਹਨ। ਇਸ ਤੋਂ ਇਲਾਵਾ ਪਿਛਲੇ ਸਮੇਂ ਦੌਰਾਨ ਪੰਜਾਬ ਦੀ



ਸਿਆਸਤ ਵਿੱਚ ਸਿਆਸੀ ਆਗੂ ਬਲਵੰਤ ਸਿੰਘ ਰਾਮੂੰਵਾਲੀਆ ਵੀ ਅਕਸਰ ਆਪਣੇ ਭਾਸ਼ਣ ਦੌਰਾਨ ਕਈ ਵਾਰ ਅਜਿਹੀਆਂ ਗੱਲਾਂ ਕਹਿ ਦਿੰਦੇ ਸਨ, ਜਿਸ ਕਰਕੇ ਉਹਨਾਂ ਦਾ ਭਾਸ਼ਣ ਸੁਣਨ ਵਾਲੇ ਲੋਕ ਹੱਸ ਪੈਂਦੇ ਸਨ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਸਾਬਕਾ ਕਾਮੇਡੀਅਨ ਹੋਣ ਕਾਰਨ ਉਹਨਾਂ ਦੇ ਭਾਸ਼ਣਾਂ ਵਿੱਚ ਅਚੇਤ ਰੂਪ ਵਿੱਚ ਕਾਮੇਡੀ ਦਾ ਰੰਗ ਆਉਣਾ ਸੁਭਾਵਿਕ ਹੈ। ਉਹ ਵਿਰੋਧੀ ਸਿਆਸੀ ਆਗੂਆਂ ਦੀ ਆਲੋਚਨਾ ਕਰਨ ਵੇਲੇ ਵੀ ਅਕਸਰ ਕਾਮੇਡੀ ਦਾ ਸਹਾਰਾ ਲੈਂਦੇ ਹਨ ਜਾਂ ਫਿਰ ਕੋਈ ਚੁਟਕਲਾ ਚੁਣਾ ਕੇ ਵਿਰੋਧੀ ਸਿਆਸੀ ਆਗੂਆਂ 'ਤੇ ਸਿਆਸੀ ਟਕੋਰ ਕਰਦੇ ਹਨ। ਪੰਜਾਬ ਦੇ ਕਈ ਸਿਆਸੀ ਆਗੂ ਸਿਆਸੀ ਛੁਰਲੀਆਂ ਛੱਡਣ ਵਿੱਚ ਮਾਹਿਰ ਹਨ।

ਪੰਜਾਬ ਦੇ ਕਈ ਸਿਆਸੀ ਆਗੂ ਤਾਂ ਆਪਸ ਵਿੱਚ ਮਿਹਣੋ ਮਿਹਣੀ ਵੀ ਹੁੰਦੇ ਰਹਿੰਦੇ ਹਨ। ਹਾਲ ਤਾਂ ਇਹ ਹੈ ਕਿ ਪੰਜਾਬ ਦੇ ਕਈ ਆਗੂ ਪਿੰਡਾਂ ਦੇ ਚੌਰਾਹੇ ਵਿੱਚ ਖੜ ਕੇ ਲੜਦੀਆਂ ਜਨਾਨੀਆਂ ਵਾਂਗ ਇਕ ਦੂਜੇ ਨੂੰ ਤਾਨੇ ਅਤੇ ਮਿਹਣੇ ਮਾਰਦੇ ਹਨ। ਹਾਲ ਤਾਂ ਉਦੋਂ ਦੇਖਣ ਵਾਲਾ ਹੁੰਦਾ ਹੈ ਜਦੋਂ ਕਿਸੇ ਸਮਾਗਮ 'ਤੇ ਵੱਖ ਵੱਖ ਸਿਆਸੀ ਪਾਰਟੀਆਂ ਦੇ ਆਗੂ ਇੱਕਠੇ ਹੋ ਜਾਂਦੇ ਹਨ ਤਾਂ ਅਕਸਰ ਉਹ ਭਾਸ਼ਣ ਦਿੰਦੇ ਸਮੇਂ ਇਕ ਦੂਜੇ 'ਤੇ ਵਿਅੰਗ ਕਸਦੇ ਰਹਿੰਦੇ ਹਨ। ਜਦੋਂ ਵੀ ਕਿਸੇ ਸਿਆਸੀ ਪਾਰਟੀ ਵੱਲੋਂ ਕੋਈ ਰੈਲੀ ਕੀਤੀ ਜਾਂਦੀ ਹੈ ਤਾਂ ਅਕਸਰ ਆਮ ਲੋਕ ਉਸ ਰੈਲੀ ਵਿੱਚ ਇਸ ਆਸ ਨਾਲ ਪਹੁੰਚਦੇ ਹਨ ਕਿ ਇਹ ਸਿਆਸੀ ਪਾਰਟੀ ਜਾਂ ਸਿਆਸੀ ਆਗੂ ਪੰਜਾਬੀਆਂ ਦੇ ਮਸਲੇ ਹਲ ਕਰਨ ਲਈ ਕੋਈ ਨਵਾਂ ਪ੍ਰੋਗਰਾਮ ਦੇਣਗੇ ਜਾਂ ਨਵਾਂ ਉਪਰਾਲਾ ਕਰਨਗੇ ਪਰ ਅਕਸਰ ਵੇਖਣ ਵਿੱਚ ਆਇਆ ਹੈ ਕਿ ਵੱਡੀ ਗਿਣਤੀ ਸਿਆਸੀ ਪਾਰਟੀਆਂ ਦੀਆਂ ਰੈਲੀਆਂ ਵਿੱਚ ਆਮ ਲੋਕਾਂ ਦੇ ਮੁੱਖ ਮੁੱਦੇ ਅਤੇ ਮਸਲੇ ਹਲ ਕਰਨ ਲਈ ਕੋਈ ਠੋਸ ਉਪਰਾਲਾ ਕਰਨ ਦੀ ਥਾਂ ਸਿਆਸੀ ਆਗੂ ਆਪਣੇ ਵਿਰੋਧੀ ਸਿਆਸੀ ਆਗੂਆਂ ਦੀ ਭੰਡੀ ਪ੍ਰਚਾਰ ਕਰਨ ਨੂੰ ਵਧੇਰੇ ਤਰਜੀਹ ਦਿੰਦੇ ਹਨ। ਇਹਨਾਂ ਸਿਆਸੀ ਆਗੂਆਂ ਦਾ ਸਭ ਤੋਂ ਜਿਆਦਾ ਜੋਰ ਆਪਣੀ ਪਾਰਟੀ ਦੀ ਸ਼ਲਾਘਾ ਕਰਨਾ ਅਤੇ ਵਿਰੋਧੀ ਸਿਆਸੀ ਪਾਰਟੀਆਂ ਦੀ ਆਲੋਚਨਾ ਕਰਨ 'ਤੇ ਲੱਗਾ ਰਹਿੰਦਾ ਹੈ। ਜਿਸ ਕਾਰਨ ਇਹਨਾਂ ਰੈਲੀਆਂ ਵਿੱਚ ਪਹੁੰਚੇ ਆਮ ਲੋਕ ਮਾਯੂਸ ਹੋ ਕੇ ਆਪਣੇ ਘਰਾਂ ਨੂੰ ਮੁੜਦੇ ਹਨ। ਭਾਵੇਂ ਕਿ ਇਹਨਾਂ ਸਿਆਸੀ ਰੈਲੀਆਂ 'ਚ ਸਿਆਸੀ ਆਗੂਆਂ ਵੱਲੋਂ ਅਕਸਰ ਲੋਕਾਂ ਨੂੰ ਖੁਸ਼ ਕਰਨ ਜਾਂ ਹਸਾਉਣ ਲਈ ਜਾਣ ਬੁੱਝ ਕੇ ਆਪਣੇ ਭਾਸ਼ਣਾਂ ਵਿੱਚ ਕੁਝ ਅਜਿਹੀਆਂ ਗੱਲਾਂ ਕਹੀਆਂ ਜਾਂਦੀਆਂ ਹਨ ਤਾਂ ਕਿ ਰੈਲੀ ਵਿੱਚ ਸ਼ਾਮਲ ਲੋਕ ਖੁਸ਼ ਹੋ ਕੇ ਤਾੜੀਆਂ ਮਾਰਨ।

ਇਸ ਤਰਾਂ ਪੰਜਾਬ ਦੀ ਸਿਆਸਤ ਨੂੰ ਇਸ ਸਮੇਂ ਕਾਮੇਡੀ ਦਾ ਰੰਗ ਚੜ੍ਹਿਆ ਹੋਇਆ ਹੈ ਅਤੇ ਇਸ ਕਾਮੇਡੀ ਵਿੱਚ ਪੰਜਾਬ ਦੇ ਲੋਕਾਂ ਦੇ ਮੁੱਖ ਮਸਲੇ ਅਤੇ ਮੁੱਖ ਮੁੱਦੇ ਰੁਲ ਗਏ ਹਨ।



# ਸਿਆਸਤ ਦਾ ਚੱਕਰਵਿਊ: ਸਿਆਸਤਦਾਨਾਂ ਦੀ ਵਧਦੀ ਦੌਲਤ ਪਰ ਸੁੰਗੜ ਰਿਹਾ ਮਨੁੱਖ

## ਵਾਰ-ਵਾਰ ਚੋਣਾਂ ਦਾ ਮੌਸਮ ਆਉਣ ਤੋਂ ਆਮ ਜਨਤਾ ਹੋਈ ਤੰਗ

ਨਵੀਂ ਦਿੱਲੀ/ਏ.ਟੀ.ਨਿਊਜ਼ :ਹਰ ਸਾਲ ਸਿਆਸਤਦਾਨਾਂ ਦੀ ਦੌਲਤ ਵਿੱਚ ਅਥਾਹ ਵਾਧਾ ਹੁੰਦਾ ਹੈ। ਹਰ ਪੰਜ ਸਾਲ ਬਾਅਦ ਉਹ ਚੋਣ ਕਮਿਸ਼ਨ ਨੂੰ ਆਪਣੀ ਜਾਇਦਾਦ ਦੇ ਵੇਰਵੇ ਦਿੰਦੇ ਹਨ ਪਰ ਕਮਿਸ਼ਨ ਇਨ੍ਹਾਂ ਜਾਇਦਾਦਾਂ ਦੇ ਅੰਕੜਿਆਂ ਨੂੰ ਜਨਤਕ ਕਰਨ ਤੋਂ ਇਲਾਵਾ ਹੋਰ ਕੁਝ ਕਰਨ ਤੋਂ ਅਸਮਰੱਥ ਹੈ।

ਜਦੋਂ ਵੋਟਾਂ ਦੀ ਲੋੜ ਹੁੰਦੀ ਹੈ, ਚੋਣਾਂ ਜਿੱਤਣੀਆਂ ਪੈਂਦੀਆਂ ਹਨ ਤਾਂ ਸਿਆਸੀ ਆਗੂ ਵੋਟਰਾਂ ਨਾਲ ਵੱਡੇ-ਵੱਡੇ ਵਾਅਦੇ ਕਰਦੇ ਹਨ। ਜਿਵੇਂ-ਬੰਜਰ ਜ਼ਮੀਨ 'ਤੇ ਫ਼ਸਲਾਂ ਬੀਜੀਆਂ ਜਾਣਗੀਆਂ। ਰੁੱਖ ਲਗਾਉਣ ਨਾਲ ਉਨ੍ਹਾਂ ਦੀਆਂ ਟਾਹਣੀਆਂ 'ਤੇ ਫੁੱਲ ਖਿੜਣਗੇ। ਪਹਾੜਾਂ ਨੂੰ ਸਾਫ਼-ਸੁਥਰਾ ਸਜਾਇਆ ਜਾਵੇਗਾ। ਹਰ ਕਿਸੇ ਦੇ ਸਿਰ ਉੱਤੇ ਨੀਲਾ ਅਸਮਾਨ ਫੈਲਾ ਦੇਵਾਂਗੇ। ਤਾਰਿਆਂ ਨੂੰ ਰੌਸ਼ਨ ਕਰਾਂਗੇ, ਹਵਾਵਾਂ ਨੂੰ ਤੇਜ਼ ਕਰਾਂਗੇ। ਪੱਥਰਾਂ ਨੂੰ ਵੀ ਖੰਭ ਲਾ ਦੇਣਗੇ। ਪਰ ਕੌਣ ਨਹੀਂ ਜਾਣਦਾ ਹੈ ! ਜਿੱਤਣ ਤੋਂ ਬਾਅਦ ਬਹੁਤੇ ਸਿਆਸਤਦਾਨ ਆਪਣੀ ਦੌਲਤ ਵਧਾਉਣ ਤੋਂ ਇਲਾਵਾ ਹੋਰ ਕੁਝ ਨਹੀਂ ਸੋਚਦੇ।




ਚਾਹੀਦਾ ਤਾਂ ਇਹ ਹੈ ਕਿ ਜਿਸ ਕੋਲ ਆਮਦਨ ਤੋਂ ਵੱਧ ਜਾਇਦਾਦ ਹੋਵੇ, ਉਸ ਨੂੰ ਚੋਣ ਲੜਨ ਦੀ ਇਜਾਜ਼ਤ ਨਾ ਦਿੱਤੀ ਜਾਵੇ, ਅਯੋਗ ਠਹਿਰਾਇਆ ਜਾਵੇ। ਦੂਜੇ ਪਾਸੇ, ਜਾਇਦਾਦਾਂ ਦੇ ਘੋਸ਼ਣਾ ਵਿੱਚ ਵੀ ਇਹੋ ਜਿਹੀਆਂ ਗਲਤੀਆਂ ਹਨ। ਫੈਕਟਰੀਆਂ, ਇਮਾਰਤਾਂ, ਕਾਰੋਬਾਰ ਰਿਸ਼ਤੇਦਾਰਾਂ ਅਤੇ ਜਾਣ-ਪਛਾਣ ਵਾਲਿਆਂ ਦੇ ਨਾਂ 'ਤੇ ਹਨ, ਇਸ ਬਾਰੇ ਵੀ ਕਿਸੇ ਏਜੰਸੀ ਨੂੰ ਪਤਾ ਕਰਨਾ ਚਾਹੀਦਾ ਹੈ। ਉਹ ਆਪ ਹੀ ਉਪਰੋਂ ਤਜਵੀਜ਼ਾਂ ਲਿਆ ਕੇ ਆਪਣੀ ਤਨਖਾਹ ਵਧਾ ਲੈਂਦੇ ਹਨ ਅਤੇ ਭੱਤੇ ਵੀ। ਉਨ੍ਹਾਂ ਨੂੰ ਆਪਣੇ ਹਲਕੇ ਵਿੱਚ ਜਾਣ ਲਈ ਭੱਤਾ ਵੀ ਮਿਲਦਾ ਹੈ। ਹਰ ਕੋਈ ਜਾਣਦਾ ਹੈ ਕਿ ਉਹ ਆਪਣੇ ਹਲਕੇ ਵਿੱਚ ਕਿੰਨੇ ਵਾਰ ਜਾਂਦੇ ਹਨ। ਸਿਆਸੀ ਆਗੂਆਂ ਨੂੰ ਆਮ ਆਦਮੀ ਦੀ ਹਾਲਤ ਜਾਣਨ ਵਿਚ ਕੋਈ ਦਿਲਚਸਪੀ ਨਹੀਂ ਹੈ। ਨੇਤਾਵਾਂ ਦੇ ਇਸ ਸੁਭਾਅ ਜਾਂ ਆਦਤ ਨੇ ਆਮ ਆਦਮੀ ਨੂੰ ਚੁੱਪ ਕਰਵਾ ਦਿੱਤਾ ਹੈ। ਉਹ ਚਾਹੁੰਦਾ ਹੈ ਕਿ ਮੇਰੀ ਚੁੱਪ ਸੁਣ ਕੇ ਇਹ ਸਾਰੇ ਆਗੂ ਬੋਲੇ ? ?ਹੋ ਜਾਣ ਤਾਂ ਚੰਗਾ ਹੋਵੇ। ਇਸ ਆਮ ਆਦਮੀ ਵਿੱਚ ਸਹਿਣਸ਼ੀਲਤਾ ਬਹੁਤ ਹੈ। ਕਹਿਣ ਨੂੰ ਤਾਂ ਉਸ ਨੇ ਆਪਣੇ ਪੈਰਾਂ ਵਿੱਚ ਰਸਤਾ ਅਤੇ ਸਿਰ ਉੱਤੇ ਅਸਮਾਨ ਛੱਡ ਦਿੱਤਾ ਹੈ। ਹੋਰ ਕੁਝ ਨਹੀਂ।ਚੋਣਾਂ ਵੇਲੇ ਸਿਆਸੀ ਆਗੂ ਇਲਾਕੇ ਵਿੱਚ ਆਉਣ ਦੇ ਇਸ ਤਰ੍ਹਾਂ ਵਾਅਦੇ ਕਰਦੇ ਹਨ ਜਿਵੇਂ ਉਹ ਪੂਰੇ ਪੰਜ ਸਾਲ ਇੱਥੇ ਹੀ ਰਹਿਣਗੇ ਪਰ ਕੋਈ ਨਹੀਂ ਆਉਂਦਾ। ਹਾਲਤ ਕੋਈ ਨਹੀਂ ਜਾਣਦਾ। ਲੋਕ ਚੁੱਪ ਹੋ ਜਾਂਦੇ ਹਨ। ਇਹ ਸੋਚ ਕੇ ਕਿ ਇਹਨਾਂ ਸਿਆਸਤਦਾਨਾਂ ਕੋਲ ਸਟੀਲ ਦੇ ਬੂਟ ਹਨ। ਆਖ਼ਰਕਾਰ, ਕੀੜੀਆਂ ਦੀ ਰੋਣ ਨੂੰ ਕੌਣ ਦੇਖਦਾ ਅਤੇ ਸੁਣਦਾ ਹੈ ? ਕੁੱਲ ਮਿਲਾ ਕੇ ਆਮ ਆਦਮੀ ਸਿਆਸਤ ਦੇ ਇਸ ਦੁਸ਼ਵਾਰ ਚੱਕਰ ਵਿੱਚ ਸਿਆਸਤਦਾਨਾਂ ਦੀਆਂ ਅਕਸ਼ੋਹਿਨੀ ਫ਼ੌਜਾਂ ਵਿੱਚ ਅਭਿਮੰਨਿਊ ਵਾਂਗ ਘਿਰਿਆ ਹੋਇਆ ਹੈ। ਵਾਰ-ਵਾਰ ਆਉਣ ਵਾਲੇ ਚੋਣ ਮੌਸਮ ਤੋਂ ਉਹ ਤੰਗ ਆ ਚੁੱਕਾ ਹੈ।

**ਦਰਪਣ ਝੂਠ ਨਹੀਂ ਬੋਲਦਾ**

# ਯੋਗੀ ਸਟਾਈਲ ਇਨਸਾਫ਼ : ਮੁੱਖ ਮੰਤਰੀ ਬਣਨ ਤੋਂ ਬਾਅਦ ਹੁਣ ਤੱਕ ਹੋਏ 183 ਪੁਲਿਸ ਮੁਕਾਬਲੇ

## ਰਾਜਨੀਤਕ ਮਾਹਿਰਾਂ ਅਨੁਸਾਰ ਇਹ ਪੁਲਿਸ ਮੁਕਾਬਲੇ ਹਿੰਦੂ-ਮੁਸਲਿਮ ਧਰੁਵੀਕਰਨ ਦੀ ਸਿਆਸਤ

## ਭਾਜਪਾ, ਸਪਾ, ਬਸਪਾ ਅਤੇ ਕਾਂਗਰਸ ਦੇ ਸਮਰਥਕ ਨੇ ਕਈ ਖ਼ਤਰਨਾਕ ਅਪਰਾਧੀ

ਯੂਪੀ ਵਿੱਚ ਪਹਿਲਾਂ ਵੀ ਐਨਕਾਊਂਟਰ ਹੋ ਚੁੱਕੇ ਹਨ। ਯੂਪੀ ਲਈ ਇਹ ਕੋਈ ਨਵੀਂ ਗੱਲ ਨਹੀਂ ਹੈ। ਇੱਕ ਵਾਰੀ ਜਦੋਂ ਵੀਪੀ ਸਿੰਘ ਯੂਪੀ ਵਿੱਚ ਮੁੱਖ ਮੰਤਰੀ ਸਨ ਤਾਂ ਐਨਕਾਊਂਟਰਾਂ ਦੀ ਲਹਿਰ ਚਲੀ ਸੀ, ਜਿਸ ਤਹਿਤ ਸਾਰੇ ਡਾਕੂ ਤੇ ਅਪਰਾਧੀ ਮਾਰੇ ਜਾ ਰਹੇ ਸਨ। ਅਜਿਹੀ ਹੀ ਝਲਕ ਹੁਣ ਯੋਗੀ ਰਾਜ ਵਿੱਚ ਵੀ ਦੇਖਣ ਨੂੰ ਮਿਲ ਰਹੀ ਹੈ ਅਤੇ ਇਸ ਨੂੰ ਯੋਗੀ ਸਟਾਈਲ ਦਾ ਇਨਸਾਫ਼ ਦੱਸਿਆ ਜਾ ਰਿਹਾ ਹੈ। ਜਦੋਂ ਮਾਰਚ 2017 ਵਿੱਚ ਯੋਗੀ ਆਦਿਤਿਆਨਾਥ ਨੇ ਪਹਿਲੀ ਵਾਰ ਸੱਤਾ ਸੰਭਾਲੀ ਸੀ, ਤਾਂ ਗੈਂਗਸਟਰ ਅਤੀਕ ਅਹਿਮਦ ਦੇ 19 ਸਾਲਾ ਪੁੱਤਰ ਅਸਦ ਅਹਿਮਦ ਅਤੇ ਉਸ ਦੇ ਸਹਿਯੋਗੀ ਦਾ ਐਨਕਾਊਂਟਰ ਨੰਬਰ 183 ਹੈ।24 ਫਰਵਰੀ ਨੂੰ ਉਮੇਸ਼ ਪਾਲ ਕਤਲ ਕਾਂਡ ਦੇ ਸਬੰਧ ਵਿੱਚ ਅਪ੍ਰੈਲ ਦੇ ਪਹਿਲੇ 13 ਦਿਨਾਂ ਵਿੱਚ ਇਹ ਤੀਜਾ ਮੁਕਾਬਲਾ ਵੀ ਹੈ। ਯੋਗੀ ਸ਼ੈਲੀ ਦਾ ਨਿਆਂ ਸਿਰਫ਼ ਨੰਬਰਾਂ ਦੀ ਖੇਡ ਨਹੀਂ ਹੈ। ਯੂਪੀ ਦਾ ਇੱਕ ਵੱਡਾ ਵਰਗ ਉਸ ਦੇ ਇਸ ਨਿਆਂ ਨੂੰ ਪਸੰਦ ਕਰ ਰਿਹਾ ਹੈ, ਇਸ ਲਈ ਇਸਦੇ ਵਿਰੋਧੀਆਂ ਦੀ ਗਿਣਤੀ ਵੀ ਘੱਟ ਨਹੀਂ ਹੈ। ਬਹੁਤ ਸਾਰੇ ਰਾਜਨੀਤਕ ਮਾਹਿਰ ਇਸ ਨੂੰ ਹਿੰਦੂ-ਮੁਸਲਿਮ ਧਰੁਵੀਕਰਨ ਤੋਂ ਦੇਖ ਰਹੇ ਹਨ। ਕਿਉਂਕਿ ਭਾਜਪਾ ਇਸ ਸਾਲ ਕਈ ਰਾਜਾਂ ਵਿੱਚ ਚੋਣਾਂ ਦਾ ਸਾਹਮਣਾ ਕਰਨ ਜਾ ਰਹੀ ਹੈ ਅਤੇ 2024 ਦੀਆਂ ਆਮ ਚੋਣਾਂ ਲਈ ਵੀ ਸਿਆਸੀ ਸ਼ਤਰੰਜ ਵਿਛਾਈ ਜਾ ਰਹੀ ਹੈ। ਭਾਜਪਾ ਲਈ ਧਰੁਵੀਕਰਨ ਰਾਹੀਂ ਚੋਣਾਂ ਜਿੱਤਣਾ ਸਭ ਤੋਂ ਆਸਾਨ ਹੈ ਜੋ ਉਸਦਾ ਮਨਪਸੰਦ ਹਥਿਆਰ ਵੀ ਹੈ।




ਹਾਲਾਂਕਿ ਇਸ ਦੇ ਨਾਲ ਹੀ ਇਹ ਸਵਾਲ ਵੀ ਪੁੱਛਿਆ ਜਾ ਰਿਹਾ ਹੈ ਕਿ ਕੀ ਯੂਪੀ ਵਿੱਚ ਅਪਰਾਧੀ, ਮਾਫੀਆ ਸਿਰਫ ਇੱਕ ਖਾਸ ਭਾਈਚਾਰੇ ਦੇ ਲੋਕ ਹਨ। ਸਪਾ ਮੁਖੀ ਅਖਿਲੇਸ਼ ਨੇ ਕਈ ਮੌਕਿਆਂ 'ਤੇ ਕਿਹਾ ਕਿ ਯੂਪੀ ਸਰਕਾਰ ਨੂੰ ਚੋਟੀ ਦੇ 10 ਅਪਰਾਧੀਆਂ ਦੇ ਨਾਵਾਂ ਦਾ ਐਲਾਨ ਕਰਨਾ ਚਾਹੀਦਾ ਹੈ। ਯਾਨੀ ਕਿ ਸੂਚੀ ਦਾ ਐਲਾਨ ਹੋਣ ਤੋਂ ਬਾਅਦ ਉਨ੍ਹਾਂ ਦੇ ਨਾਵਾਂ 'ਤੇ ਕਾਰਵਾਈ ਕੀਤੀ ਜਾਵੇ। ਪਰ ਅਜਿਹੀ ਕੋਈ ਸੂਚੀ ਸਾਹਮਣੇ ਨਹੀਂ ਆਈ। ਹਾਲਾਂਕਿ, ਵਟਸਐਪ ਯੂਨੀਵਰਸਿਟੀ 'ਤੇ ਯਕੀਨੀ ਤੌਰ 'ਤੇ ਇੱਕ ਸੂਚੀ ਦਿਖਾਈ ਦਿੰਦੀ ਹੈ, ਜੋ ਧਰਮ ਨਿਰਪੱਖ ਜਾਪਦੀ ਹੈ। ਇਸ ਵਿੱਚ ਹਰ ਸਮਾਜ ਦੇ ਅਪਰਾਧੀ ਜਾਂ ਮਾਫੀਆ ਦਾ ਨਾਮ ਹੈ। ਜਿਸ ਵਿੱਚ ਹੁਣ ਸਭ ਤੋਂ ਵੱਧ ਲੋਕ ਭਾਜਪਾ ਨਾਲ ਜੁੜੇ ਹੋਏ ਹਨ, ਫਿਰ ਸਪਾ ਦਾ ਨੰਬਰ ਹੈ ਅਤੇ ਉਸ ਤੋਂ ਬਾਅਦ ਬਸਪਾ ਅਤੇ ਕਾਂਗਰਸ ਦੇ ਸਮਰਥਕ ਹਨ।

ਇੰਡੀਅਨ ਐਕਸਪ੍ਰੈਸ ਮੁਤਾਬਕ ਯੋਗੀ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਹੋਏ ਪੂਰੇ ਮੁਕਾਬਲੇ ਦਾ ਲੇਖਾ-ਜੋਖਾ ਯੂਪੀ ਪੁਲਿਸ ਕੋਲ ਹੈ। 19 ਮਾਰਚ, 2017 ਨੂੰ ਮੁੱਖ ਮੰਤਰੀ ਵਜੋਂ ਸਹੁੰ ਚੁੱਕਣ ਤੋਂ ਬਾਅਦ, ਯੋਗੀ ਨੇ ਇਸ ਵਿਵਾਦਪੂਰਨ ਸਟਾਈਲ ਲਈ ਪੁਲਿਸ ਨੂੰ ਸ਼ਕਤੀਆਂ ਦਿੱਤੀਆਂ ਸਨ। ਮੁੱਖ ਮੰਤਰੀ ਦਾ ਅਹੁਦਾ ਸੰਭਾਲਣ ਤੋਂ ਪੰਦਰਾਂ ਦਿਨਾਂ ਵਿੱਚ 31 ਮਾਰਚ ਨੂੰ ਸਹਾਰਨਪੁਰ ਦੇ ਨੰਦਨਪੁਰ ਪਿੰਡ ਵਿੱਚ ਪੁਲਿਸ ਦੁਆਰਾ ਇੱਕ ਕਥਿਤ ਅਪਰਾਧੀ ਗੁਰਮੀਤ ਨੂੰ ਇੱਕ ਮੁਕਾਬਲੇ ਵਿੱਚ ਮਾਰ ਦਿਤਾ ਸੀ।

ਇੰਡੀਅਨ ਐਕਸਪ੍ਰੈਸ ਦੇ ਅਨੁਸਾਰ, ਇਹ ਸਟਾਈਲ ਮੁੱਖ ਮੰਤਰੀ ਯੋਗੀ ਲਈ ਅਪਰਾਧ ਨੂੰ ਨੱਥ ਪਾਉਣ ਲਈ ਇੱਕ ਸ਼ਕਤੀਸ਼ਾਲੀ ਹਥਿਆਰ ਹੈ, ਜੋ ਹੁਣ ਉਸਦੇ ਦੇ ਸ਼ਾਸਨ ਦਾ ਮੁੱਖ ਅਧਾਰ ਬਣ ਗਿਆ ਹੈ। ਉਸ ਨੇ ਇਸ ਨੂੰ ਹੱਲ ਵਜੋਂ ਸਵੀਕਾਰ ਕਰ ਲਿਆ ਹੈ। 3 ਜੂਨ 2017 ਨੂੰ ਇੰਡੀਆ ਟੀਵੀ 'ਆਪ ਕੀ ਅਦਾਲਤ' ਪ੍ਰੋਗਰਾਮ ਦੌਰਾਨ ਯੋਗੀ ਨੇ ਕਿਹਾ ਕਿ ਜੇਕਰ ਅਪਰਾਧੀ ਅਪਰਾਧ ਕਰਦੇ ਹਨ ਤਾਂ ਉਹ ਠੋਕੇ ਜਾਣਗੇ। ਸਪਾ ਮੁਖੀ ਅਖਿਲੇਸ਼ ਯਾਦਵ ਅਤੇ ਵਿਰੋਧੀ ਧਿਰ ਦੇ ਸਾਰੇ ਨੇਤਾਵਾਂ ਨੇ ਉਦੋਂ ਕਿਹਾ ਸੀ ਕਿ ਯੋਗੀ ਠੋਕ ਦੋ ਦੀ ਸ਼ੈਲੀ ਵਿਚ ਰਾਜ ਚਲਾ ਰਹੇ ਹਨ, ਜਿਸ ਨੂੰ ਸਵੀਕਾਰ ਨਹੀਂ ਕੀਤਾ ਜਾ ਸਕਦਾ।

ਯੂਪੀ ਦੇ ਏਡੀਜੀਪੀ (ਕਾਨੂੰਨ ਅਤੇ ਵਿਵਸਥਾ) ਪ੍ਰਸ਼ਾਂਤ ਕੁਮਾਰ ਦਾ ਕਹਿਣਾ ਹੈ - ਅਪਰਾਧ ਅਤੇ ਅਪਰਾਧੀਆਂ ਨੂੰ ਖਤਮ ਕਰਨ ਦੇ ਵਾਅਦੇ ਨੂੰ ਪੂਰਾ ਕਰਦੇ ਹੋਏ, 2017 ਤੋਂ ਬਾਅਦ ਇਹ 183ਵਾਂ ਮੁਕਾਬਲਾ ਹੈ।

ਅਸਦ ਅਹਿਮਦ ਅਤੇ ਗੁਲਾਮ ਹੁਸੈਨ ਨੂੰ ਯੂਪੀ ਪੁਲਿਸ ਦੀ ਟਾਸਕ ਫੋਰਸ ਨੇ ਬੀਤੇ ਹਫਤੇ ਝਾਂਸੀ ਦੇ ਬਡਾਗਾਓਂ ਥਾਣਾ ਖੇਤਰ ਵਿੱਚ ਘੇਰ ਲਿਆ ਸੀ।ਏਡੀਜੀਪੀ ਪ੍ਰਸ਼ਾਂਤ ਕੁਮਾਰ ਨੇ ਕਿਹਾ ਸੀ ਕਿ ਪੁਲਿਸ ਮੁਕਾਬਲਿਆਂ ਵਿੱਚ ਮਾਰੇ ਗਏ ਜਾਂ ਜ਼ਖ਼ਮੀ ਹੋਏ ਕੱਟੜ ਅਪਰਾਧੀ ਹਨ। ਐਸਟੀਐਫ ਅਤੇ ਏਟੀਐਸ ਸਮੇਤ ਸਾਰੀਆਂ ਪੁਲਿਸ ਏਜੰਸੀਆਂ ਮੁੱਖ ਮੰਤਰੀ ਦੇ ਨਿਰਦੇਸ਼ਾਂ ਅਨੁਸਾਰ ਕੰਮ ਕਰ ਰਹੀਆਂ ਹਨ।

183 ਕਤਲਾਂ ਤੋਂ ਇਲਾਵਾ ਸਰਕਾਰੀ ਅੰਕੜੇ ਦੱਸਦੇ ਹਨ ਕਿ 5,046 ਅਪਰਾਧੀ ਪੁਲਿਸ (ਬਾਕੀ ਸਫ਼ਾ 30 'ਤੇ)

## ਟਾਈਮ ਮੈਗਜ਼ੀਨ ਦੀ ਦੁਨੀਆਂ ਦੇ 100 ਪ੍ਰਭਾਵਸ਼ਾਲੀ ਲੋਕਾਂ ਦੀ ਸੂਚੀ ਵਿੱਚ ਇਸ ਵਾਰ ਮੋਦੀ ਸ਼ਾਮਲ ਨਹੀਂ

ਮੋਦੀ ਰਾਜ ਵਿੱਚ ਘੱਟਗਿਣਤੀਆਂ 'ਤੇ ਘੋਰ ਅੱਤਿਆਚਾਰ, ਆਪੋਜ਼ੀਸ਼ਨ ਨੂੰ ਦਬਾਉਣ ਬਾਰੇ ਟਾਈਮ , ਵਾਸ਼ਿੰਗਟਨ ਪੋਸਟ, ਨਿਊਯਾਰਕ ਟਾਈਮਜ਼ ਆਦਿ ਅਖਬਾਰਾਂ ਨੇ ਕੀਤੀ ਆਲੋਚਨਾ




ਅਮਰੀਕਾ ਦਾ ਸੰਸਾਰ ਪ੍ਰਸਿੱਧ 'ਟਾਈਮ' ਮੈਗਜ਼ੀਨ ਹਰ ਸਾਲ ਦੁਨੀਆ ਦੇ 100 ਪ੍ਰਭਾਵਸ਼ਾਲੀ ਲੋਕਾਂ ਦੀ ਸੂਚੀ ਛਾਪਦਾ ਹੈ। ਇਸ ਵਾਰ ਇਸ 'ਚ ਭਾਰਤ ਦੀਆਂ ਦੋ ਫਿਲਮੀ ਹਸਤੀਆਂ ਸ਼ਾਹਰੁਖ ਖਾਨ ਤੇ ਐੱਸ ਐੱਸ ਰਾਜਾਮੌਲੀ ਦੇ ਨਾਂਅ ਸ਼ਾਮਲ ਕੀਤੇ ਗਏ ਹਨ ਪਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਨਹੀਂ, ਜਦਕਿ ਭਾਜਪਾ ਵਾਲੇ ਉਨ੍ਹਾਂ ਨੂੰ ਦੁਨੀਆ ਦੇ ਸਭ ਤੋਂ ਵੱਧ ਪ੍ਰਭਾਵਸ਼ਾਲੀ ਆਗੂ ਵਜੋਂ ਪ੍ਰਚਾਰਦੀ ਹੈ। 2021 ਦੀ ਸੂਚੀ ਵਿੱਚ ਮੋਦੀ ਦਾ ਨਾਂਅ ਸ਼ਾਮਲ ਸੀ। ਉਨ੍ਹਾਂ ਦਾ ਪ੍ਰੋਫਾਈਲ ਪ੍ਰਸਿੱਧ ਪੱਤਰਕਾਰ ਫਰੀਦ ਜ਼ਕਰੀਆ ਨੇ ਲਿਖਿਆ ਸੀ। ਜ਼ਕਰੀਆ ਨੇ ਲਿਖਿਆ ਸੀ ਕਿ ਜਵਾਹਰ ਲਾਲ ਨਹਿਰੂ ਤੇ ਇੰਦਰਾ ਗਾਂਧੀ ਦੇ ਬਾਅਦ ਭਾਰਤੀ ਸਿਆਸਤ ਨੂੰ ਸਭ ਤੋਂ ਵੱਧ ਪ੍ਰਧਾਨ ਮੰਤਰੀ ਮੋਦੀ ਨੇ ਪ੍ਰਭਾਵਤ ਕੀਤਾ ਹੈ। ਜ਼ਕਰੀਆ ਨੇ ਮੋਦੀ ਬਾਰੇ ਇਹ ਵੀ ਲਿਖਿਆ ਸੀ ਕਿ ਮੋਦੀ ਨੇ 2020 ਵਿੱਚ ਕੋਵਿਡ ਨੂੰ ਸਹੀ ਢੰਗ ਨਾਲ ਹੈਂਡਲ ਨਹੀਂ ਕੀਤਾ। ਉਨ੍ਹਾਂ ਦੇ ਕਾਰਜਕਾਲ ਵਿੱਚ ਭਾਰਤ ਧਰਮ-ਨਿਰਪੱਖਤਾ ਤੋਂ ਹਿੰਦੂ ਰਾਸ਼ਟਰਵਾਦ ਵੱਲ ਵਧ ਗਿਆ। ਮੋਦੀ ਨੇ ਭਾਰਤ ਦੇ ਸੋਸ਼ਲਿਸਟ ਅਤੀਤ ਨੂੰ ਪੂੰਜੀਵਾਦੀ ਭਾਰਤ ਵੱਲ ਮੋੜ ਦਿੱਤਾ। ਉਨ੍ਹਾਂ ਭਾਰਤੀ ਮੁਸਲਮਾਨਾਂ ਦੇ ਤਮਾਮ ਅਧਿਕਾਰ ਖਤਮ ਕਰ ਦਿੱਤੇ ਅਤੇ ਐਨ ਜੀ ਓਜ਼ 'ਤੇ ਤਰ੍ਹਾਂ-ਤਰ੍ਹਾਂ ਦੀਆਂ ਪਾਬੰਦੀਆਂ ਲਾ ਦਿੱਤੀਆਂ। ਪ੍ਰੈੱਸ ਦੀ ਆਜ਼ਾਦੀ ਖਤਰੇ ਵਿੱਚ ਪੈ ਗਈ। ਮੋਦੀ ਨੂੰ ਇਹ ਤੈਅ ਕਰਨਾ ਪਵੇਗਾ ਕਿ ਉਹ ਆਪਣੇ ਪਿੱਛੇ ਕਿਹੜਾ ਗੌਰਵਸ਼ਾਲੀ ਅਤੀਤ ਛੱਡ ਕੇ ਜਾਣਗੇ।

ਟਾਈਮ ਮੈਗਜ਼ੀਨ ਦੀ 100 ਪ੍ਰਭਾਵਸ਼ਾਲੀ ਲੋਕਾਂ ਦੀ ਸੂਚੀ ਜਦੋਂ ਆਉਂਦੀ ਹੈ ਤਾਂ ਉਹ ਹੋਰ ਕਿਤੇ ਚਰਚਾ ਵਿੱਚ ਆਵੇ ਜਾਂ ਨਾ, ਭਾਰਤ 'ਚ ਉਸ ਦੀ ਚਰਚਾ ਜ਼ਰੂਰ ਹੁੰਦੀ ਹੈ। 2019 ਦੀ ਸੂਚੀ ਵਿੱਚ ਮੋਦੀ ਦਾ ਨਾਂਅ ਸ਼ਾਮਲ ਨਾ ਕਰਨ 'ਤੇ ਭਾਜਪਾ ਦੀ ਵਿਚਾਰਧਾਰਾ ਨਾਲ ਜੁੜੇ ਮੀਡੀਆ ਅਦਾਰਿਆਂ ਨੇ ਖ਼ੂਬ ਮੁੱਦਾ ਉਛਾਲਿਆ ਸੀ ਤੇ ਮੈਗਜ਼ੀਨ ਦੀ ਨਿੰਦਾ ਤੱਕ ਕਰ ਦਿੱਤੀ ਸੀ। ਹੁਣ ਲਗਾਤਾਰ ਦੋ ਸਾਲ 2022 ਤੇ 2023 ਵਿੱਚ ਮੋਦੀ ਦਾ ਨਾਂਅ ਗਾਇਬ ਹੈ। ਇਸ ਦੌਰਾਨ 'ਟਾਈਮ' ਤੋਂ ਇਲਾਵਾ ਵਾਸ਼ਿੰਗਟਨ ਪੋਸਟ, ਨਿਊ ਯਾਰਕ ਟਾਈਮਜ਼ ਤੇ ਗਾਰਡੀਅਨ ਅਖਬਾਰਾਂ ਨੇ ਭਾਰਤ ਵਿਚ ਮੋਦੀ ਰਾਜ ਵਿਚ ਘੱਟਗਿਣਤੀਆਂ 'ਤੇ ਵਧਦੇ ਅੱਤਿਆਚਾਰ, ਆਪੋਜ਼ੀਸ਼ਨ ਦੀ ਅਵਾਜ਼ ਨੂੰ ਦਬਾਉਣ ਦੀਆਂ ਕੋਸ਼ਿਸ਼ਾਂ ਤੇ ਅਡਾਨੀ ਗਰੁੱਪ ਦੇ ਵਧਦ (ਬਾਕੀ ਸਫ਼ਾ 30 'ਤੇ)

## ਮੋਦੀ ਸਰਕਾਰ ਪਾਕਿਸਤਾਨ ਨਾਲ ਕਰ ਰਹੀ ਹੈ ਵਪਾਰ ਪਰ ਪੰਜਾਬ ਦਾ ਸਰਹੱਦੀ ਮਾਰਗ ਵਪਾਰ ਲਈ ਬੰਦ ਕਿਉਂ ?

ਭਾਰਤ ਵਿੱਚ ਆਮ ਸੱਤਾਧਾਰੀਆਂ ਤੇ ਰਾਸ਼ਟਰਵਾਦੀਆਂ ਵੱਲੋਂ ਫੈਲਾਈ ਜਾ ਰਹੀ ਹੈ ਕਿ ਪਾਕਿਸਤਾਨ ਸਾਡਾ ਦੁਸ਼ਮਣ ਦੇਸ਼ ਹੈ ਤੇ ਉਸ ਨਾਲ ਵਪਾਰ ਵੀ ਨਹੀਂ ਕਰਨਾ ਚਾਹੀਦਾ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੀ ਆਪ ਪਾਰਟੀ ਦੀ ਨੀਤੀ ਹੈ ਕਿ ਆਪਣੇ ਆਪ ਨੂੰ ਭਾਜਪਾ ਨਾਲੋਂ ਵੀ ਵੱਡੇ ਰਾਸ਼ਟਰਵਾਦੀ ਹੋਣ ਦਾ ਦਿਖਾਵਾ ਕਰੋ , ਤਾਂ ਹੀ ਚੋਣਾਂ ਜਿੱਤ ਸਕੀਏ ।ਇਸੇ ਨੀਤੀ ਉਪਰ ਅਮਲ ਕਰਦੇ ਹੋਏ ਪਾਕਿਸਤਾਨ ਨਾਲ ਵਪਾਰ ਦਾ ਸਿੱਧਾ ਤੇ ਤਿੱਖਾ ਵਿਰੋਧ ਕਰਦੇ ਹਨ ਤੇ ਕਹਿੰਦੇ ਹਨ ਕਿ ਜਿਹੜਾ ਦੇਸ਼ ਜ਼ਹਿਰ ਭੇਜਦਾ ਹੋਵੇ, ਅਸੀਂ ਉਸ ਨਾਲ ਵਪਾਰ ਨਹੀਂ ਕਰਾਂਗੇ ਪਰ ਭਾਜਪਾ ਤੇ ਆਪ ਪਾਰਟੀ ਕਿਉਂ ਨਹੀਂ ਸੋਚਦੀ ਕਿ ਚੀਨ ਤਾਂ ਪਾਕਿਸਤਾਨ ਨਾਲੋਂ ਵੀ ਭਾਰਤ ਦਾ ਕਿਤੇ ਵੱਡਾ ਦੁਸ਼ਮਣ ਹੈ। ਬਲਕਿ ਅੰਤਰਰਾਸ਼ਟਰੀ ਸਿਆਸਤ ਦੇ ਚਲਦਿਆਂ ਚੀਨ ਹੀ ਪਾਕਿਸਤਾਨ ਦਾ ਸਭ ਤੋਂ ਵੱਡਾ ਸਮਰਥਕ ਵੀ ਹੈ, ਰਣਨੀਤਕ ਹਿੱਸੇਦਾਰ ਵੀ। ਚੀਨ ਸਰਹੱਦਾਂ 'ਤੇ ਭਾਰਤੀ ਜ਼ਮੀਨ 'ਤੇ ਕਬਜ਼ਾ ਵਧਾਉਣ ਦੀਆਂ ਕੋਸ਼ਿਸ਼ਾਂ ਕਰਦਾ ਹੈ। ਉਸ ਨੇ ਹੁਣੇ ਜਿਹੇ ਭਾਰਤੀ ਇਲਾਕਿਆਂ ਦੇ ਨਾਂਅ ਤੱਕ ਬਦਲ ਦਿਤੇ । ਪਹਿਲਾਂ 2021 ਵਿਚ ਉਸ ਨੇ 15 ਭਾਰਤੀ ਇਲਾਕਿਆਂ ਦੇ ਨਾਂਅ ਬਦਲੇ ਤੇ ਹੁਣ 11 ਇਲਾਕਿਆਂ ਦੇ। ਪਰ ਚੀਨ-ਭਾਰਤ ਵਪਾਰ ਵਿੱਚ ਇਹ ਦੁਸ਼ਮਣੀ ਕਦੇ ਆੜੇ ਨਹੀਂ ਆਈ। ਸਗੋਂ ਹਰ ਸਾਲ ਭਾਰਤ-ਚੀਨ ਵਪਾਰ ਵਧਦਾ ਹੀ ਜਾ ਰਿਹਾ ਹੈ। 2022 ਵਿੱਚ ਭਾਰਤ ਤੇ ਚੀਨ ਵਿਚਕਾਰ 135.98 ਅਰਬ ਅਮਰੀਕੀ ਡਾਲਰ ਦਾ ਵਪਾਰ ਹੋਇਆ, ਜਿਸ ਵਿਚ ਚੀਨ ਤੋਂ ਭਾਰਤ ਨੇ 118.5 ਅਰਬ ਡਾਲਰ ਦਾ ਸਾਮਾਨ ਮੰਗਵਾਇਆ ਅਤੇ ਸਿਰਫ਼ 17.48 ਅਰਬ ਡਾਲਰ ਦਾ ਸਾਮਾਨ ਹੀ ਚੀਨ ਨੂੰ ਭੇਜਿਆ। ਭਾਵੇਂ ਚੀਨ ਨਾਲ ਭਾਰਤ ਦਾ ਵਪਾਰ ਘਾਟਾ 101.02 ਅਰਬ ਡਾਲਰ ਦਾ ਹੋ ਗਿਆ ਹੈ। ਜੋ ਸਿਰਫ਼ ਇਕ ਸਾਲ ਪਹਿਲਾਂ 69.38 ਅਰਬ ਡਾਲਰ ਸੀ। ਇਸ ਦੁਸ਼ਮਣੀ ਦੇ ਬਾਵਜੂਦ ਵਪਾਰ ਕਿਉਂ ਜਾਰੀ ਹੈ ?




ਹੈਰਾਨੀ ਦੀ ਗਲ ਇਹ ਹੈ ਕਿ ਪਾਕਿਸਤਾਨ ਨਾਲ ਭਾਰਤ ਦਾ ਵਪਾਰ ਇਸ ਵੇਲੇ ਬੰਦ ਨਹੀਂ ਹੈ, ਸਗੋਂ ਪਿਛਲੇ 2-3 ਸਾਲਾਂ ਤੋਂ ਇਹ 100 ਫ਼ੀਸਦੀ ਸਾਲਾਨਾ ਦੀ ਦਰ ਨਾਲ ਫਿਰ ਵਧ ਰਿਹਾ ਹੈ। ਪਰ ਇਹ ਪੰਜਾਬ ਦੀ ਸਰ-ਜ਼ਮੀਨ ਦੇ ਰਸਤੇ ਨਹੀਂ ਹੁੰਦਾ। ਭਾਰਤ ਦੀ ਲੋਕ ਸਭਾ ਵਿਚ ਦੇਸ਼ ਦੀ ਵਪਾਰ ਤੇ ਸਨਅਤ ਰਾਜ ਮੰਤਰੀ ਅਨੂਪ੍ਰਿਆ ਪਟੇਲ ਨੇ ਜੋ ਅੰਕੜੇ ਦੱਸੇ ਹਨ,ਉਸ ਅਨੁਸਾਰ 2022 ਵਿਚ ਭਾਰਤ ਤੇ ਪਾਕਿਸਤਾਨ ਵਿਚ 1.35 ਬਿਲੀਅਨ ਡਾਲਰ ਜੋ ਭਾਰਤੀ ਰੁਪਏ ਵਿਚ 110 ਅਰਬ 65 ਕਰੋੜ ਤੋਂ ਵਧੇਰੇ ਬਣਦੇ ਹਨ, ਦਾ ਵਪਾਰ ਭਾਰਤ ਤੇ ਪਾਕਿਸਤਾਨ ਵਿਚਕਾਰ ਹੋਇਆ ਹੈ। ਪਾਕਿਸਤਾਨੀ ਰੁਪਏ ਵਿੱਚ ਇਹ ਰਕਮ 388 ਅਰਬ 63 ਕਰੋੜ ਰੁਪਏ ਬਣਦੀ ਹੈ। ਜ਼ਿਕਰਯੋਗ ਹੈ ਕਿ 2021 ਵਿਚ ਪਾਕਿਸਤਾਨ ਤੇ ਭਾਰਤ ਵਿਚਾਲੇ 576.36 ਮਿਲੀਅਨ ਡਾਲਰ ਭਾਵ 42 ਅਰਬ 33 ਕਰੋੜ ਰੁਪਏ ਦੇ ਕਰੀਬ ਦਾ ਵਪਾਰ ਹੋਇਆ ਸੀ ਤੇ 2020 ਵਿਚ ਇਹ ਸਿਰਫ਼ 329.26 ਮਿਲੀਅਨ ਡਾਲਰ ਭਾਵ ਭਾਰਤੀ ਰੁਪਏ ਵਿਚ 26 ਅਰਬ 98 ਕਰੋੜ ਰੁਪਏ ਦਾ ਹੀ ਸੀ।

ਹੁਣ ਸੋਚਣ ਵਾਲੀ ਗੱਲ ਹੈ ਕਿ ਜੇ ਭਾਰਤ ਦਾ ਵਪਾਰ ਪਾਕਿਸਤਾਨ ਨਾਲ ਜਾਰੀ ਹੈ ਤੇ ਉਹ ਸਮੁੰਦਰੀ ਜਾਂ ਹੋਰ ਬਦਲਵੇਂ ਰਸਤਿਆਂ ਰਾਹੀਂ ਕੀਤਾ ਜਾ ਰਿਹਾ ਹੈ, ਜੋ ਪੰਜਾਬ ਰਾਹੀਂ ਕਰਨ ਨਾਲੋਂ ਕਿਤੇ ਮਹਿੰਗਾ ਵੀ ਪੈਂਦਾ ਹੈ ਤਾਂ ਵੋਟਾਂ ਦੀ ਰਾਜਨੀਤੀ ਦੀ ਨਫ਼ਰਤ ਕਰਕੇ ਪੰਜਾਬ ਦਾ ਨੁਕਸਾਨ ਕਿਉਂ ਕੀਤਾ ਜਾ ਰਿਹਾ ਹੈ ? ਜੇਕਰ ਭਾਰਤ ਪਾਕਿਸਤਾਨ ਦੀ ਸਰਹੱਦ ਵਪਾਰ ਲਈ ਖੁੱਲ੍ਹੇ ਤਾਂ ਪੰਜਾਬ ਦੀ ਕਪਾਹ, ਕਣਕ ਅਤੇ ਸਬਜ਼ੀਆਂ ਨੂੰ ਇਕ ਵੱਡੀ ਮੰਡੀ ਮਿਲਦੀ ਹੈ। ਫਿਰ ਪੰਜਾਬ ਦਾ ਚਾਵਲ ਜਾਂ ਹੋਰ ਸਾਮਾਨ ਹੀ ਨਹੀਂ ਸਗੋਂ ਭਾਰਤ ਦੇ ਬਹੁਤ ਵੱਡੇ ਹਿੱਸੇ ਦਾ ਵਪਾਰ ਵੀ ਪਾਕਿਸਤਾਨ ਦੇ ਜ਼ਮੀਨੀ ਰਸਤੇ ਅਫ਼ਗਾਨਿਸਤਾਨ, ਈਰਾਨ, ਯੂਰੇਸ਼ੀਆ ਦੇ ਦਰਜਨਾਂ ਮੁਲਕਾਂ ਤੋਂ ਮੱਧ ਪੂਰਬ ਤੱਕ ਹੋ ਸਕਦਾ ਹੈ। ਜਿਸ ਨਾਲ ਪੰਜਾਬ ਦਾ ਆਰਥਿਕ (ਬਾਕੀ ਸਫ਼ਾ 30 'ਤੇ)

## ਅਜੀਬੋ .ਗਰੀਬ ਦੁਨੀਆਂ

# ਦੋ ਸੂਬਿਆਂ ’ਚ ਵੰਡਿਆ ਹੈ ਇੱਕ ਰੇਲਵੇ ਸਟੇਸ਼ਨ

- ਨਵਾਪੁਰ ਸਟੇਸ਼ਨ ਦੀ ਟਿਕਟ ਖਿੜਕੀ ਮਹਾਰਾਸ਼ਟਰ ’ਚ ਜਦਕਿ ਸਟੇਸ਼ਨ ਮਾਸਟਰ ਬੈਠਦਾ ਹੈ ਗੁਜਰਾਤ ’ਚ
- ਚਾਰ ਵੱਖ-ਵੱਖ ਭਾਸ਼ਾਵਾਂ ’ਚ ਹੁੰਦੇ ਹਨ ਐਲਾਨ



ਮਹਾਰਾਸ਼ਟਰ/ਏ.ਟੀ.ਨਿਊਜ਼ः ਮਹਾਰਾਸ਼ਟਰ ਦੇ ਨੰਦੂਰਬਾਰ ਜ਼ਿਲ੍ਹੇ ਵਿੱਚ ਨਵਾਪੁਰ ਰੇਲਵੇ ਸਟੇਸ਼ਨ ਦੇਸ਼ ਦਾ ਇੱਕ ਅਜਿਹਾ ਵਿਲੱਖਣ ਰੇਲਵੇ ਸਟੇਸ਼ਨ ਹੈ ਜਿਸਦਾ ਇੱਕ ਹਿੱਸਾ ਗੁਜਰਾਤ ਦੇ ਤਾਪੀ ਜ਼ਿਲ੍ਹੇ ਵਿੱਚ ਅਤੇ ਦੂਜਾ ਹਿੱਸਾ ਮਹਾਰਾਸ਼ਟਰ ਦੇ ਨੰਦੂਰਬਾਰ ਜ਼ਿਲ੍ਹੇ ਵਿੱਚ ਹੈ। ਇਹ ਇਕੋ ਸਮੇਂ ਗੁਜਰਾਤ ਅਤੇ ਮਹਾਰਾਸ਼ਟਰ ਦੀ ਸਰਹੱਦ ਨੂੰ ਛੂਹਣ ਵਾਲਾ ਇਕਲੌਤਾ ਰੇਲਵੇ ਸਟੇਸ਼ਨ ਹੈ।

ਨਵਾਪੁਰ ਰੇਲਵੇ ਸਟੇਸ਼ਨ ਨੂੰ ਦੋ ਰਾਜਾਂ ਵਿੱਚ ਵੰਡਣ ਪਿੱਛੇ ਇੱਕ ਕਹਾਣੀ ਹੈ। ਦਰਅਸਲ, ਜਦੋਂ ਇਹ ਸਟੇਸ਼ਨ ਬਣਾਇਆ ਗਿਆ ਸੀ, ਉਦੋਂ ਮਹਾਰਾਸ਼ਟਰ ਅਤੇ ਗੁਜਰਾਤ ਦੀ ਵੰਡ ਨਹੀਂ ਹੋਈ ਸੀ, ਪਰ 1 ਮਈ 1961 ਨੂੰ ਜਦੋਂ ਮੁੰਬਈ ਪ੍ਰਾਂਤ ਦੀ ਵੰਡ ਹੋਈ ਸੀ, ਤਾਂ ਇਹ ਦੋ ਰਾਜਾਂ, ਮਹਾਰਾਸ਼ਟਰ ਅਤੇ ਗੁਜਰਾਤ ਵਿੱਚ ਵੰਡਿਆ ਗਿਆ ਸੀ ਅਤੇ ਇਸ ਵੰਡ ਵਿੱਚ, ਨਵਾਪੁਰ ਸਟੇਸ਼ਨ ਦੋਵਾਂ ਵਿਚਕਾਰ ਆ ਗਿਆ ਸੀ। ਉਦੋਂ ਤੋਂ ਇਹ ਇੱਕ ਵੱਖਰੀ ਪਛਾਣ ਬਣ ਗਿਆ ਹੈ।

ਨਵਾਪੁਰ ਰੇਲਵੇ ਸਟੇਸ਼ਨ ’ਤੇ ਵੀ ਇੱਕ ਬੈਂਚ ਹੈ, ਜਿਸ ਦਾ ਅੱਧਾ ਮਹਾਰਾਸ਼ਟਰ ਅਤੇ ਅੱਧਾ ਗੁਜਰਾਤ ’ਚ ਹੈ। ਇਸ ਬੈਂਚ ’ਤੇ ਬੈਠਣ ਵਾਲਿਆਂ ਨੂੰ ਇਹ ਧਿਆਨ ਰੱਖਣਾ ਹੋਵੇਗਾ ਕਿ ਉਹ ਕਿਸ ਅਵਸਥਾ ’ਚ ਬੈਠੇ ਹਨ। ਹੁਣ ਇਸ ਸਟੇਸ਼ਨ ’ਤੇ ਸੈਲਫੀ ਪੁਆਇੰਟ ਵੀ ਬਣਾਇਆ ਗਿਆ ਹੈ, ਜਿੱਥੇ ਦੂਰ-ਦੂਰ ਤੋਂ ਲੋਕ ਫੋਟੋਆਂ ਖਿੱਚਣ ਲਈ ਆਉਂਦੇ ਹਨ।

ਇੰਨਾ ਹੀ ਨਹੀਂ ਇਸ ਸਟੇਸ਼ਨ ਦੀ ਟਿਕਟ ਖਿੜਕੀ ਮਹਾਰਾਸ਼ਟਰ ’ਚ ਪੈਂਦੀ ਹੈ, ਜਦਕਿ ਸਟੇਸ਼ਨ ਮਾਸਟਰ ਗੁਜਰਾਤ ’ਚ ਬੈਠਦਾ ਹੈ ਅਤੇ ਇਸ ਸਟੇਸ਼ਨ ’ਤੇ ਚਾਰ ਵੱਖ-ਵੱਖ ਭਾਸ਼ਾਵਾਂ ’ਚ ਐਲਾਨ ਹੁੰਦੇ ਹਨ। ਰੇਲਗੱਡੀ ਦੀ ਜਾਣਕਾਰੀ ਵੀ ਚਾਰ

(ਬਾਕੀ ਸਫ਼ਾ 31 ’ਤੇ)

# ਵਿਸ਼ਵ ਦੀਆਂ ਅਜੀਬੋ-.ਗਰੀਬ ਔਰਤਾਂ ਦੇ ਸ਼ੌਕ ਜੋ ਦਰਜ ਹਨ ਗਿਨੀਜ਼ ਬੁੱਕ ਆ.ਫ ਵਰਲਡ ਵਿੱਚ



ਇਸ ਦੁਨੀਆ ਵਿੱਚ ਬਹੁਤ ਸਾਰੇ ਲੋਕ ਹਨ, ਜੋ ਆਪਣੇ ਅਜੀਬੋ-ਗਰੀਬ ਸ਼ੌਕ ਲਈ ਪੂਰੀ ਦੁਨੀਆ ਵਿੱਚ ਮਸ਼ਹੂਰ ਹਨ, ਉਨ੍ਹਾਂ ਵਿੱਚੋਂ ਜ਼ਿਆਦਾਤਰ ਦੇ ਇਹ ਅਜੀਬ ਸ਼ੌਕ ਗਿਨੀਜ਼ ਬੁੱਕ ਆਫ ਵਰਲਡ ਵਿੱਚ ਦਰਜ ਹਨ। ਅੱਜ ਅਸੀਂ ਤੁਹਾਨੂੰ ਉਨ੍ਹਾਂ ਅਜੀਬ ਔਰਤਾਂ ਬਾਰੇ ਦੱਸਣ ਜਾ ਰਹੇ ਹਾਂ, ਜੋ ਆਪਣੇ ਸ਼ੌਕ ਕਾਰਨ ਕਾਫੀ ਸੁਰਖੀਆਂ ਬਟੋਰ ਚੁੱਕੀਆਂ ਹਨ।



**ਮਨੁੱਖੀ ਬਾਰਬੀ ਗੁੱਡੀ:** ਕੀ ਤੁਸੀਂ ਕਦੇ ਅਜਿਹੀ ਲੜਕੀ ਬਾਰੇ ਸੁਣਿਆ ਹੈ ਜਿਸ ਨੇ ਆਪਣੇ ਸਰੀਰ ਦੇ 40 ਤੋਂ ਵੱਧ ਸਰਜਰੀਆਂ ਕਰਵਾਈਆਂ ਅਤੇ ਆਪਣੇ ਆਪ ਨੂੰ ਮਨੁੱਖੀ ਬਾਰਬੀ ਡੌਲ ਵਰਗਾ ਬਣਾਉਣ ਲਈ ਲੱਖਾਂ ਰੁਪਏ ਖਰਚ ਕੀਤੇ। ਉਸਦਾ ਨਾਮ ਓਫੇਲੀਆ ਵੈਨਿਟੀ ਹੈ। ਜੋ ਹਮੇਸ਼ਾ ਤੋਂ ਬਾਰਬੀ ਵਰਗਾ ਦਿਖਣਾ ਚਾਹੁੰਦੀ ਸੀ, ਜਿਸ ਲਈ ਓਫੇਲੀਆ ਨੇ ਸਾਲ 2009 ’ਚ ਪਹਿਲੀ ਵਾਰ ਆਪਣੇ ਚਿਹਰੇ ’ਤੇ ਕਈ ਇੰਜੈਕਸ਼ਨ ਲਗਵਾਏ, ਜਿਸ ਤੋਂ ਬਾਅਦ ਉਹ ਲਗਾਤਾਰ ਅਜਿਹਾ ਕਰਨ ਲੱਗੀ। ਲਗਭਗ 4 ਸਾਲਾਂ ਦੇ ਅੰਦਰ, ਉਸਨੇ ਆਪਣੇ ਬੁੱਲ੍ਹਾਂ, ਅੱਖਾਂ, ਨੱਕ ਅਤੇ ਚਿਹਰੇ ’ਤੇ ਕਈ ਵਾਰ ਟੀਕਾ ਲਗਾਇਆ ਅਤੇ ਸਰਜਰੀ ਵੀ ਕੀਤੀ।

**ਟੀਆ ਕਲੇਰ ਟੂਮੀ :** ਫਿਟਨੈੱਸ ਦੀ ਗੱਲ ਕਰੀਏ ਤਾਂ ਕੀ ਤੁਸੀਂ ਦੁਨੀਆ ਦੀ ਸਭ ਤੋਂ ਫਿੱਟ ਔਰਤਾਂ ਬਾਰੇ ਜਾਣਦੇ ਹੋ, ਜੇਕਰ ਨਹੀਂ, ਤਾਂ ਆਓ ਤੁਹਾਨੂੰ ਦੱਸਦੇ ਹਾਂ। ਦੁਨੀਆ ਦੀ ਸਭ ਤੋਂ ਫਿੱਟ ਔਰਤ ਦਾ ਨਾਂ ਟੀਆ ਕਲੇਰ ਟੂਮੀ ਹੈ, ਜੋ ਹੁਣ ਤੱਕ ਚਾਰ ਵਾਰ ‘ਕਰਾਸਫਿਟ ਗੇਮਜ਼’ ’ਚ ਆਪਣੀ ਕਾਬਲੀਅਤ ਦਾ ਸਬੂਤ ਦੇ ਚੁੱਕੀ ਹੈ।

**ਲਿੰਸੇ ਲਿਨਬਰਗ :** ਲਿੰਸੇ ਲਿਨਬਰਗ ਦਾ ਵੀ ਇੱਕ ਅਜੀਬ ਸ਼ੌਕ ਹੈ।ਉਸਦਾ ਨਾਮ ਗਿਨੀਜ਼ ਬੁੱਕ ਆਫ ਵਰਲਡ ਰਿਕਾਰਡ ਵਿੱਚ ਦਰਜ ਹੋਇਆ ਹੈ। ਉਸਨੇ ਇੱਕ ਮਿੰਟ ਵਿੱਚ ਆਪਣੇ ਬਾਈਸੈਪ ਨਾਲ 10 ਸੇਬਾਂ ਨੂੰ ਕੁਚਲ ਦਿੱਤਾ।

**ਅਲੀਸ਼ਾ ਯੰਗ :** ਅਲੀਸ਼ਾ ਯੰਗ ਇੱਕ ਅਮਰੀਕੀ ਪਹਿਲਵਾਨ ਹੈ। ਇਹ ਦੁਨੀਆ ਦੀ ਅਜਿਹੀ ਔਰਤ ਹੈ ਜਿਸ ਦੇ ਨਾਂ ਦੁਨੀਆ ਦੀ ਸਭ ਤੋਂ ਮਜ਼ਬੂਤ ??ਸਰੀਰ ਹੋਣ ਦਾ ਰਿਕਾਰਡ ਦਰਜ ਹੈ। ਇੰਨੀ ਛੋਟੀ ਉਮਰ ਵਿੱਚ ਹੀ ਇਸ ਨੇ ਬਾਡੀ ਬਿਲਡਿੰਗ ਦੇ ਕਈ ਮੁਕਾਬਲੇ ਜਿੱਤੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਲਾਸ਼ ਦਾ ਸਾਰਾ ਸਿਹਰਾ ਉਨ੍ਹਾਂ ਦੇ ਪਿਤਾ ਨੂੰ ਜਾਂਦਾ ਹੈ। ਦੱਸ ਦੇਈਏ ਕਿ ਉਨ੍ਹਾਂ ਦੇ ਪਿਤਾ ਵੀ ਆਪਣੇ ਸਮੇਂ ’ਚ ਪਹਿਲਵਾਨ ਸਨ।

**ਨਤਾਲੀਆ ਪਾਰਟੀਕਾ :** ਨਤਾਲੀਆ ਪਾਰਟੀਕਾ ਦੁਨੀਆ ਦੀ ਮਸ਼ਹੂਰ ਟੈਨਿਸ ਖਿਡਾਰਨ ਹੈ, ਉਸ ਦਾ ਨਾਂ ਇਸ ਸੂਚੀ ’ਚ ਹੈ ਕਿਉਂਕਿ ਇਹ ਐਥਲੀਟ ਆਮ ਖਿਡਾਰੀਆਂ ਤੋਂ ਬਿਲਕੁਲ ਵੱਖਰੀ ਹੈ। ਜਨਮ ਤੋਂ ਹੀ, ਨਤਾਲੀਆ ਦਾ ਕੋਈ ਸੱਜਾ ਹੱਥ ਅਤੇ ਕੂਹਣੀ ਨਹੀਂ ਹੈ। ਹੱਥਾਂ ਤੋਂ ਬਿਨਾਂ ਉਹ ਕਈ ਓਲੰਪਿਕ ਖੇਡਾਂ ਵਿੱਚ ਗੋਲਡ ਮੈਡਲ ਜਿੱਤ ਚੁੱਕੀ ਹੈ। ਉਸ ਦਾ ਜਨਮ 1989 ਵਿੱਚ ਹੋਇਆ ਸੀ ਅਤੇ 10 ਸਾਲ ਦੀ ਉਮਰ ਵਿੱਚ ਆਪਣੇ ਬਚਪਨ ਵਿੱਚ ਯਾਨੀ ਬਾਲ ਵਰਗ ਵਿੱਚ ਉਸ ਨੇ ਆਪਣਾ ਪਹਿਲਾ ਖਿਤਾਬ ਜਿੱਤਿਆ ਸੀ। ਹਾਲ ਹੀ ’ਚ ਉਸ ਨੇ ਟੋਕੀਓ ਪੈਰਾਲੰਪਿਕ ’ਚ ਵੀ ਆਪਣੀ ਕਾਬਲੀਅਤ ਦਿਖਾਈ ਸੀ।

**ਫਲੋ ਮੇਲਰ :** ਅਮਰੀਕਾ ਦੀ ਰਹਿਣ ਵਾਲੀ ਫਲੋ ਮੇਲਰ ਦੁਨੀਆ ਦੀ ਸਭ ਤੋਂ ਬਜ਼ੁਰਗ ਐਥਲੀਟ ਹੈ, ਉਸ ਦੀ ਉਮਰ 84 ਸਾਲ ਹੈ। ਪਰ ਉਸਦੀ ਉਮਰ ਦੀ ਪਰਵਾਹ ਕੀਤੇ ਬਿਨਾਂ, ਉਹ ਅਜੇ ਵੀ ਨੌਜਵਾਨਾਂ ਦੇ ਨਾਲ ਦੌੜਦੀ ਅਤੇ ਉੱਚੀ ਛਾਲ ਮਾਰਦੀ ਦਿਖਾਈ ਦਿੰਦੀ ਹੈ। ਪੋਲ ਵਾਲਟ ਵਰਗੇ ਔਖੇ ਈਵੈਂਟ ਵਿੱਚ ਵੀ ਉਸ ਨੇ ਕਈ ਉੱਚੀਆਂ ਛਾਲ ਲਗਾ ਕੇ ਲੋਕਾਂ ਨੂੰ ਹੈਰਾਨ ਕਰ ਦਿੱਤਾ ਹੈ।

DIAMOND TRANSPORTATION
DIAMOND
Transportation Logistics, Inc.
Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ
Good Pay
Dedicated Routs
Weekly Payment
ਇਕ ਹਫ਼ਤੇ ’ਚ ਪੇਮੈਂਟ ਲਵੋ

ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ
209.487.3699
ਹਰਨੇਕ ਸਿੰਘ ਅਟਵਾਲ
209.351.5965
2850 Loomis Rd, Stockton, CA 95205

# ਅੰਤਰਰਾਸ਼ਟਰੀ ਝਰੋਖਾ

## ਨਿਊਜ਼ੀਲੈਂਡ ਵਿਖੇ ਗੁਰਦੁਆਰਾ ਸਾਹਿਬ 'ਚ ਹਿੰਦੂ ਪਰਿਵਾਰ ਵੱਲੋਂ ਸੋਨੇ ਦੇ 2 ਚੌਰ ਸਾਹਿਬ ਭੇਟ

ਨਿਊਜ਼ੀਲੈਂਡ/ਏ.ਟੀ.ਨਿਊਜ਼: ਵਿਸਾਖੀ ਮੌਕੇ ਇਕ ਹਿੰਦੂ ਪਰਿਵਾਰ ਨੇ ਸ਼ਰਧਾ ਭਾਵਨਾ ਦੇ ਤਹਿਤ ਸੋਨੇ ਦੇ 2 ਚੌਰ ਸਾਹਿਬ ਭੇਟ ਕੀਤੇ ਹਨ। ਹਿੰਦੂ ਪਰਿਵਾਰ ਨੇ ਨਿਊਜ਼ੀਲੈਂਡ ਵਿਖੇ ਸਥਿਤ ਟਾਕਾਨਿਨੀ ਗੁਰਦੁਆਰਾ ਕਲਗੀਧਰ ਸਾਹਿਬ ਵਿਖੇ ਇਹ ਸੇਵਾ ਨਿਭਾਈ। ਇਸ ਹਿੰਦੂ ਪਰਿਵਾਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਲਈ ਸੋਨੇ ਦੇ 2 ਚੌਰ ਸਾਹਿਬ ਭੇਟ ਕੀਤੇ, ਜੋ 70-90 ਹਜਾਰ ਡਾਲਰ ਕੀਮਤ ਨਾਲ ਬਣੇ ਹਨ। ਪਰਿਵਾਰ ਵੱਲੋਂ ਹੀ ਸ੍ਰੀ ਅਖੰਡਪਾਠ ਦੀ ਸੇਵਾ ਵੀ



ਕਰਵਾਈ ਗਈ। ਟਾਕਾਨਿਨੀ ਗੁਰਦੁਆਰਾ ਕਲਗੀਧਰ ਸਾਹਿਬ ਨੇ ਇਸ ਸਬੰਧੀ ਜਾਣਕਾਰੀ ਆਪਣੇ ਫੇਸਬੁੱਕ ਪੇਜ 'ਤੇ ਵੀ ਸ਼ੇਅਰ ਕੀਤੀ ਹੈ। ਜਾਣਕਾਰੀ ਮੁਤਾਬਕ ਇੰਦਰਾ ਅਤੇ ਮਨਾਸਾ ਦੋਵੇਂ ਆਪ ਦਰਬਾਰ ਸਾਹਿਬ ਗਏ। ਉਹ ਚੌਰ ਸਾਹਿਬ ਦਾ ਮਾਡਲ ਲੈ ਕੇ ਗੁਜਰਾਤ ਵਿੱਚ ਗਏ ਅਤੇ ਉੱਥੇ ਜਾ ਕੇ ਇਹ ਚੌਰ ਸਾਹਿਬ ਬਣਵਾਏ। ਬੀਤੇ ਦਿਨ ਹੀ ਕਸਟਮ ਨੇ ਇਹਨਾਂ ਨੂੰ ਕਲੀਅਰ ਕੀਤਾ ਤੇ ਅੱਜ ਭੋਗ ਉਪਰੰਤ ਪਰਿਵਾਰ ਨੇ ਗੁਰੂ ਘਰ ਗੁਰੂ ਸਾਹਿਬ ਨੂੰ ਭੇਟ ਕੀਤੇ।

## ਅਮਰੀਕਾ ਦੀ ਜੇਲ੍ਹ 'ਚ ਜ਼ਿੰਦਾ ਵਿਅਕਤੀ ਨੂੰ ਖਾ ਗਏ ਖਟਮਲ



ਅਟਲਾਂਟਾ (ਅਮਰੀਕਾ)/ਏ.ਟੀ.ਨਿਊਜ਼ : ਕੀ ਬੈੱਡਬਗ ਜਾਂ ਖਟਮਲ ਕਦੇ ਵੀ ਇਨਸਾਨਾਂ ਨੂੰ ਜ਼ਿੰਦਾ ਖਾ ਸਕਦੇ ਹਨ ? ਇਸੇ ਤਰ੍ਹਾਂ ਦੀਆਂ ਖ਼ਬਰਾਂ ਅਮਰੀਕਾ ਦੇ ਅਟਲਾਂਟਾ ਵਿੱਚ ਸੁਰਖੀਆਂ ਬਟੋਰ ਰਹੀਆਂ ਹਨ। ਕੌਮਾਂਤਰੀ ਮੀਡੀਆ ਰਿਪੋਰਟਾਂ ਮੁਤਾਬਕ ਅਟਲਾਂਟਾ ਸ਼ਹਿਰ ਵਿੱਚ ਸਥਿਤ ਜੇਲ੍ਹ ਦੀ ਬੈਰਕ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ। ਮ੍ਰਿਤਕ ਵਿਅਕਤੀ ਦੇ ਪਰਿਵਾਰ ਦੇ ਵਕੀਲ ਨੇ ਵੱਡਾ ਦਾਅਵਾ ਕੀਤਾ ਅਤੇ ਦੋਸ਼ ਲਾਇਆ ਕਿ ਜੇਲ੍ਹ ਦੇ ਕੀੜੇ, ਖਾਸ ਤੌਰ 'ਤੇ ਖਟਮਲ ਉਸ ਨੂੰ ਜ਼ਿੰਦਾ ਖਾ ਗਏ ਹਨ। ਇਸ ਨੌਜਵਾਨ ਦਾ ਨਾਂ ਲਾਸ਼ੌਨ ਥਾਮਸਨ ਸੀ, ਜਿਸ ਨੂੰ ਕੁਕਰਮ ਦਾ ਦੋਸ਼ੀ ਠਹਿਰਾਇਆ ਗਿਆ ਸੀ। ਜੱਜਾਂ ਨੇ ਕਿਹਾ ਕਿ ਇਹ ਵਿਅਕਤੀ ਮਾਨਸਿਕ ਤੌਰ 'ਤੇ ਬਿਮਾਰ ਸੀ। ਇਸ ਤੋਂ ਬਾਅਦ ਉਸ ਨੂੰ ਜੇਲ੍ਹ ਦੀ ਮਨੋਰੋਗ ਸ਼ਾਖਾ ਵਿੱਚ ਰੱਖਿਆ ਗਿਆ। ਲਸ਼ੌਨ ਦੇ ਅਟਾਰਨੀ ਮਾਈਕਲ ਡੀ ਹਾਰਪਰ ਨੇ ਵੀ ਲਸ਼ੌਨ ਦੇ ਸਰੀਰ ਦੀਆਂ ਤਸਵੀਰਾਂ ਜਾਰੀ ਕੀਤੀਆਂ, ਜਿਸ (**ਬਾਕੀ ਸਫ਼ਾ 30 'ਤੇ**)

## ਨਾਸਾ ਦੇ ਹੈਲੀਕਾਪਟਰ ਨੇ ਮੰਗਲ 'ਤੇ ਪੂਰੀ ਕੀਤੀ 50ਵੀਂ ਉਡਾਣ

ਨਾਸਾ ਦੇ Ingenuity ਹੈਲੀਕਾਪਟਰ ਨੇ 13 ਅਪ੍ਰੈਲ ਨੂੰ ਮੰਗਲ ਗ੍ਰਹਿ 'ਤੇ ਆਪਣੀ 50ਵੀਂ ਉਡਾਣ ਪੂਰੀ ਕਰਕੇ ਇਤਿਹਾਸਕ ਉਪਲਬਧੀ ਹਾਸਲ ਕੀਤੀ। ਹੈਲੀਕਾਪਟਰ ਨੇ 1,000 ਫੁੱਟ ਤੋਂ ਉੱਪਰ ਉੱਡਿਆ ਅਤੇ ਉਡਾਣ ਦੌਰਾਨ ਲਗਭਗ 60 ਫੁੱਟ ਦੀ ਉਚਾਈ 'ਤੇ ਪਹੁੰਚ ਗਿਆ।ਨਾਸਾ ਦੇ ਪਲੈਨੇਟਰੀ ਸਾਇੰਸ ਡਿਵੀਜ਼ਨ ਦੇ ਡਾਇਰੈਕਟਰ ਲੋਰੀ ਗਲੇਜ਼ ਨੇ ਇਕ ਬਿਆਨ ਵਿੱਚ ਕਿਹਾ ਕਿ ਜਿਸ ਤਰ੍ਹਾਂ ਰਾਈਟ ਭਰਾਵਾਂ ਨੇ 1903 ਵਿੱਚ ਕਿਟੀ ਹਾਕ 'ਤੇ ਉਸ ਮਹੱਤਵਪੂਰਣ ਦਿਨ ਤੋਂ ਬਾਅਦ ਆਪਣੇ ਪ੍ਰਯੋਗਾਂ ਨੂੰ ਜਾਰੀ ਰੱਖਿਆ, ਉਸੇ ਤਰ੍ਹਾਂ ਇਨਜੀਨਿਊਟੀ ਟੀਮ ਨੇ ਕਿਸੇ ਹੋਰ ਸੰਸਾਰ 'ਤੇ ਪਹਿਲੀ ਉਡਾਣ ਦੇ ਸੰਚਾਲਨ ਦਾ ਪ੍ਰਦਰਸ਼ਨ ਕੀਤਾ।

## ਬ੍ਰਿਟਿਸ਼ ਖੋਜੀਆਂ ਨੇ ਸਿਗਰਟਨੋਸ਼ੀ ਰੋਕੂ ਸਮਾਰਟਫੋਨ ਏ.ਆਈ. ਐਪ ਕੀਤਾ ਵਿਕਸਿਤ

ਲੰਡਨ : ਈਸਟ ਐਂਜਿਲਾ ਯੂਨੀਵਰਸਿਟੀ ਦੇ ਖੋਜੀਆਂ ਨੇ 'ਕੁਇਟ ਸੈਂਸ' ਐਪ ਨੂੰ ਦੁਨੀਆ ਦਾ ਪਹਿਲਾ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ) ਸਿਗਰਟਨੋਸ਼ੀ ਰੋਕੂ ਐਪ ਹੋਣ ਦਾ ਦਾਅਵਾ ਕੀਤਾ ਹੈ, ਜੋ ਸਿਗਰਟਨੋਸ਼ੀ ਕਰਨ ਦੀ ਇੱਛਾ ਨੂੰ ਭਾਂਪ ਕੇ ਤੁਰੰਤ ਚਿਤਾਵਨੀ ਦੇ ਕੇ ਮਦਦ ਕਰਦਾ ਹੈ। ਇਹ ਖੋਜ ਨਿਕੋਟੀਨ ਐਂਡ ਟੋਬੈਕੋ ਰਿਸਰਚ ਵਿੱਚ ਪ੍ਰਕਾਸ਼ਿਤ ਹੋਈ ਹੈ। ਖੋਜ ਦੀ ਅਗਵਾਈ ਕਰਨ ਵਾਲੇ ਯੂਈਏ ਦੇ ਸਕੂਲ ਆਫ ਹੈਲਥ ਸਾਇੰਸ ਦੇ ਪ੍ਰੋਫੈਸਰ ਫੇਲਿਕਸ ਨੌਟਨ ਨੇ ਕਿਹਾ ਕਿ ਵਾਰ-ਵਾਰ ਸਿਗਰਟਨੋਸ਼ੀ ਛੱਡ ਕੇ ਫਿਰ ਤੋਂ ਸਿਗਰਟਨੋਸ਼ੀ ਕਰਨ ਵਾਲਿਆਂ ਲਈ ਇਹ ਐਪ ਕਾਫੀ ਸਹਾਇਕ ਹੈ ਕਿਉਂਕਿ ਇਹ ਉਸ ਸਮੇਂ ਵੀ ਤੁਹਾਡੀ ਮਦਦ ਵਿੱਚ ਹਾਜ਼ਰ ਰਹੇਗਾ ਜਦੋਂ ਤੁਹਾਨੂੰ ਕੋਈ ਟੋਕਣ ਵਾਲਾ ਹੋਰ ਨਹੀਂ ਹੋਵੇਗਾ।



ਕੁਇਟ ਸੈਂਸ ਅਜਿਹਾ ਏਆਈ ਐਪ ਹੈ ਜੋ ਤੁਹਾਨੂੰ ਇਹ ਯਾਦ ਦੁਆ ਕੇ ਚੌਕਸ ਕਰਦਾ ਹੈ ਕਿ ਪਿਛਲੀ ਵਾਰ ਤੁਸੀਂ ਕਦੋਂ ਸਿਗਰਟਨੋਸ਼ੀ ਕੀਤੀ ਸੀ। ਇਸ ਦੇ ਨਾਲ ਹੀ ਤੁਹਾਨੂੰ ਪ੍ਰੇਰਣਾਦਾਇਕ ਸੰਦੇਸ਼ ਭੇਜਦਾ ਹੈ। ਖੋਜ ਟੀਮ ਨੇ ਅਧਿਐਨ ਲਈ ਇੰਟਰਨੈੱਟ ਮੀਡੀਆ ਜ਼ਰੀਏ 209 ਸਿਗਰਟਨੋਸ਼ੀ ਕਰਨ ਵਾਲਿਆਂ ਨੂੰ ਚੁਣਿਆ। ਸਾਰਿਆਂ ਨੂੰ ਸਿਗਰਟਨੋਸ਼ੀ ਰੋਕਣ ਦੇ ਇਲਾਜ ਲਈ ਟੈਕਸਟ ਮੈਸਜ ਦਾ ਇਕ ਲਿੰਕ ਐੱਨਐੱਚਐੱਸ ਆਨਲਾਈਨ ਭੇਜਿਆ ਗਿਆ, ਇਨ੍ਹਾਂ ਵਿਚੋਂ ਅੱਧੇ ਲੋਕਾਂ ਨੇ ਇਸ ਨੂੰ ਕੁਇਟ ਸੈਂਸ ਐਪ 'ਤੇ ਵੀ ਪ੍ਰਾਪਤ ਕੀਤਾ। ਖ਼ੋਜੀਆਂ ਨੇ ਪਾਇਆ ਕਿ ਕੁਇਟ ਸੈਂਸ ਐਪ ਵਾਲਿਆਂ ਨੂੰ ਚਾਰ ਗੁਣਾ ਲਾਭ ਹੋਇਆ। ਹਾਲਾਂਕਿ ਅਜਿਹੇ ਐਪ ਦੀ ਇਕ ਹੱਦ ਹੁੰਦੀ ਹੈ, ਹਾਲੇ ਇਸ ਵਿੱਚ ਹੋਰ ਖੋਜ ਦੀ ਲੋੜ ਹੈ।

## 21 ਸਾਲਾ ਨੌਜਵਾਨ ਨੇ ਲੀਕ ਕੀਤੇ ਸਨ ਪੈਂਟਾਗਨ ਦੇ ਗੁਪਤ ਦਸਤਾਵੇਜ਼

ਵਾਸ਼ਿੰਗਟਨ/ਏ.ਟੀ.ਨਿਊਜ਼ : ਅਮਰੀਕਾ 'ਚ ਖੁਫੀਆ ਏਜੰਸੀਆਂ ਦੇ ਦਸਤਾਵੇਜ਼ ਲੀਕ ਹੋਣ ਕਾਰਨ ਪੂਰੇ ਦੇਸ਼ 'ਚ ਦਹਿਸ਼ਤ ਦਾ ਮਾਹੌਲ ਹੈ। ਰਾਸ਼ਟਰੀ ਸੁਰੱਖਿਆ 'ਤੇ ਇਨ੍ਹਾਂ ਦਸਤਾਵੇਜ਼ਾਂ ਦੇ ਲੀਕ ਹੋਣ ਦਾ ਪ੍ਰਭਾਵ ਇੰਨਾ ਡੂੰਘਾ ਹੈ ਕਿ ਰਾਸ਼ਟਰਪਤੀ ਜੋਅ ਬਿਡੇਨ ਜਨਤਕ ਤੌਰ 'ਤੇ ਕੁਝ ਕਹਿ ਰਹੇ ਹਨ ਅਤੇ ਦੇਸ਼ ਦੀਆਂ ਏਜੰਸੀਆਂ ਅਤੇ ਪ੍ਰਸ਼ਾਸਨ ਦੇ ਕਦਮਾਂ ਤੋਂ ਕੁਝ ਹੋਰ ਸੰਕੇਤ ਮਿਲ ਰਹੇ ਹਨ। ਦਰਅਸਲ, ਬਲੂਮਬਰਗ ਦੀ ਇੱਕ ਰਿਪੋਰਟ ਦੇ ਅਨੁਸਾਰ, ਗੁਪਤ ਦਸਤਾਵੇਜ਼ ਲੀਕ



ਕਰਨ ਦੇ ਪਿੱਛੇ ਇੱਕ 21 ਸਾਲਾ ਵਿਅਕਤੀ, ਜੋ ਕਿ ਇੱਕ ਅਮਰੀਕੀ ਫੌਜੀ ਅੱਡੇ ਵਿੱਚ ਕੰਮ ਕਰਦਾ ਹੈ, ਦਾ ਹੱਥ ਹੈ।

ਅਜਿਹੀ ਸਥਿਤੀ ਵਿੱਚ, ਬਿਡੇਨ ਪ੍ਰਸ਼ਾਸਨ ਨੂੰ ਅਮਰੀਕੀਆਂ ਨੂੰ ਇਹ ਸਮਝਾਉਣਾ ਮੁਸ਼ਕਲ ਹੋ ਰਿਹਾ ਹੈ ਕਿ ਕਿਵੇਂ ਇੱਕ ਦਹਾਕੇ ਵਿੱਚ ਸਭ ਤੋਂ ਵੱਡਾ ਅਮਰੀਕੀ ਗੁਪਤ ਲੀਕ ਸਿਰਫ 21 ਸਾਲਾ ਨੌਜਵਾਨ ਦੁਆਰਾ ਕੀਤਾ ਗਿਆ।ਰਿਪੋਰਟ ਮੁਤਾਬਕ ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ (ਐੱਫ.ਬੀ.ਆਈ.) ਨੇ ਜੈਕ ਟਿਕਸੇਰਾ ਨੂੰ ਡੇਟਨ, ਮੈਸੇਚਿਉਸੇਟਸ ਤੋਂ ਗ੍ਰਿਫਤਾਰ ਕੀਤਾ। ਅਟਾਰਨੀ ਜਨਰਲ ਮੈਰਿਕ ਗਾਰਲੈਂਡ ਨੇ ਕਿਹਾ ਕਿ ਉਸ ਨੂੰ ਰਾਸ਼ਟਰੀ ਰੱਖਿਆ ਜਾਣਕਾਰੀ ਦੇ (**ਬਾਕੀ ਸਫ਼ਾ 30 'ਤੇ**)

## ਚੀਨ ਨੇ ਹਿੰਦ ਮਹਾਂਸਾਗਰ ਵਿੱਚ 19 ਥਾਵਾਂ ਦੇ ਬਦਲੇ ਨਾਮ

ਨਵੀਂ ਦਿੱਲੀ/ਏ.ਟੀ.ਨਿਊਜ਼: ਚੀਨ ਨੇ ਅਰੁਣਾਚਲ ਪ੍ਰਦੇਸ਼ ਦੀਆਂ 11 ਥਾਵਾਂ ਦੇ ਨਾਂ ਬਦਲਣ ਤੋਂ ਬਾਅਦ ਹੁਣ ਦੱਖਣੀ ਹਿੰਦ ਮਹਾਂਸਾਗਰ ਵਿੱਚ 19 ਥਾਵਾਂ ਦੇ ਨਾਮ ਬਦਲ ਦਿਤੇ ਹਨ। ਚੀਨ ਨੇ ਦੱਖਣੀ ਹਿੰਦ ਮਹਾਸਾਗਰ ਦੇ 19 ਟਾਪੂਆਂ ਦੇ ਨਾਂ ਬਦਲਣ ਦੀ ਹਿੰਮਤ ਕੀਤੀ ਹੈ। ਚੀਨ ਵੱਲੋਂ ਕੀਤੀ ਗਈ ਇਹ ਕਾਰਵਾਈ ਹਿੰਦ ਮਹਾਸਾਗਰ ਖੇਤਰ ਵਿੱਚ ਭਾਰਤ ਦੀ ਪ੍ਰਭੂਸੱਤਾ ਅਤੇ ਭਾਰਤੀ ਪ੍ਰਭਾਵ ਉੱਤੇ ਸਿੱਧੀ ਦਖਲਅੰਦਾਜ਼ੀ ਹੈ। ਇੱਕ ਮਹੀਨੇ ਦੇ ਅੰਦਰ ਭਾਰਤ ਦੀ ਪ੍ਰਭੂਸੱਤਾ ਨਾਲ ਛੇੜਛਾੜ ਕਰਨ ਦੀ ਇਹ ਸ਼ੀ ਜਿਨਪਿੰਗ ਦੀ ਦੂਜੀ ਹਿੰਮਤ ਹੈ। ਇਸ ਨੂੰ ਚੀਨ ਦੇ ਵਿਸਥਾਰਵਾਦੀ ਰਵੱਈਏ ਅਤੇ ਭਾਰਤੀ ਖੇਤਰ ਵਿੱਚ ਚੀਨ ਦੀ ਵਧਦੀ ਦਖਲਅੰਦਾਜ਼ੀ ਵਜੋਂ ਦੇਖਿਆ ਜਾ ਰਿਹਾ ਹੈ।ਇਸ ਤੋਂ ਪਹਿਲਾਂ 2 ਫਰਵਰੀ ਨੂੰ ਚੀਨ ਨੇ ਅਰੁਣਾਚਲ ਪ੍ਰਦੇਸ਼ ਦੀਆਂ 11 ਥਾਵਾਂ ਦੇ ਨਾਂ ਬਦਲ ਦਿੱਤੇ ਸਨ। ਇਸ ਦੀ ਭਾਰਤ ਨੇ ਸਖ਼ਤ ਨਿੰਦਾ ਕੀਤੀ ਅਤੇ ਚੀਨੀ ਦਾਅਵਿਆਂ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ। ਚੀਨ ਦੇ ਦੱਖਣੀ ਹਿੰਦ ਮਹਾਸਾਗਰ ਵਿੱਚ 19 ਸਥਾਨ, ਜਿਨ੍ਹਾਂ ਦੇ ਨਾਮ ਬਦਲੇ ਗਏ ਹਨ, ਉਹ ਭਾਰਤੀ ਪ੍ਰਾਇਦੀਪ ਤੋਂ ਲਗਭਗ 2000 ਕਿਲੋਮੀਟਰ ਦੂਰ ਹਨ। ਚੀਨੀ ਮੀਡੀਆ ਨੇ ਇਸ ਨੂੰ ਬੀਜਿੰਗ ਦਾ 'ਸਾਫਟ ਪਾਵਰ' ਪ੍ਰੋਜੈਕਸ਼ਨ ਕਿਹਾ ਹੈ। ਹਿੰਦ ਮਹਾਸਾਗਰ ਵਿੱਚ ਚੀਨ ਦੁਆਰਾ ਨਾਮ ਬਦਲੇ ਗਏ 19 ਸਮੁੰਦਰੀ ਤੱਟਾਂ ਵਿੱਚੋਂ, 6 ਓਮਾਨ ਦੇ ਤੱਟ ਦੇ ਨੇੜੇ ਅਤੇ ਅਫਰੀਕਾ ਦੇ ਹਾਰਨ ਤੋਂ ਦੂਰ ਚੀਨੀ ਬੰਦਰਗਾਹ ਜਿਬੂਤੀ ਦੇ ਨੇੜੇ ਹਨ। ਇਨ੍ਹਾਂ ਤੋਂ ਇਲਾਵਾ ਮੈਡਾਗਾਸਕਰ ਦੇ ਤੱਟ 'ਤੇ ਚਾਰ ਸਮੁੰਦਰੀ ਤੱਟ ਦੇ ਫੀਚਰਜ਼ ਹਨ। 8 ਹਿੰਦ ਮਹਾਸਾਗਰ ਦੇ ਦੱਖਣ-ਪੱਛਮੀ ਰਿਜ 'ਤੇ ਸਥਿਤ ਹਨ ਅਤੇ ਇੱਕ ਅੰਟਾਰਕਟਿਕਾ ਵੱਲ ਡੂੰਘੇ ਹਿੰਦ ਮਹਾਂਸਾਗਰ ਰਿਜ ਫੀਚਰਜ਼ ਦੇ ਪੂਰਬ ਵਿੱਚ ਸਥਿਤ ਹੈ।

## ਚੀਨ ਨੇ ਅਮਰੀਕੀ ਨਾਗਰਿਕ ਮਾਰਕ ਸਵਿਡਨ ਦੀ ਮੌਤ ਦੀ ਸਜ਼ਾ ਨੂੰ ਬਰਕਰਾਰ ਰੱਖਿਆ

### ਚੀਨ 'ਚ ਮਾਰਕ ਸਵਿਡਨ ਨੂੰ 'ਗਲਤ ਤਰੀਕੇ ਨਾਲ ਨਜ਼ਰਬੰਦ' ਕੀਤਾ ਗਿਆ ਸੀ



ਵਾਸ਼ਿੰਗਟਨ/ਏ.ਟੀ.ਨਿਊਜ਼ :-ਚੀਨ ਦੀ ਇਕ ਵਿਚਕਾਰਲੀ ਅਦਾਲਤ ਨੇ 'ਗਲਤ ਤਰੀਕੇ ਨਾਲ ਨਜ਼ਰਬੰਦ' ਅਮਰੀਕੀ ਨਾਗਰਿਕ ਮਾਰਕ ਸਵਿਡਨ ਦੀ ਅਪੀਲ ਨੂੰ ਰੱਦ ਕਰ ਦਿੱਤਾ ਅਤੇ ਦੋ ਸਾਲ ਦੀ ਮੁਅੱਤਲ ਮੌਤ ਦੀ ਸਜ਼ਾ ਦੇ ਨਾਲ ਉਸਦੀ ਮੌਤ ਦੀ ਸਜ਼ਾ ਨੂੰ ਬਰਕਰਾਰ ਰੱਖਿਆ। ਯੂਐੱਸ ਦੇ ਵਿਦੇਸ਼ ਵਿਭਾਗ ਨੇ ਇਹ ਜਾਣਕਾਰੀ ਦਿੱਤੀ।ਚੀਨੀ ਅਦਾਲਤ ਦੇ ਫੈਸਲੇ ਤੋਂ ਨਿਰਾਸ਼ ਅਮਰੀਕਾ ਨੇ ਕਿਹਾ ਕਿ ਉਹ ਮਾਰਕ ਸਵਿਡਨ ਦੀ ਤੁਰੰਤ ਰਿਹਾਈ ਅਤੇ ਸੰਯੁਕਤ ਰਾਜ ਵਾਪਸ ਜਾਣ ਲਈ ਦਬਾਅ ਜਾਰੀ ਰੱਖੇਗਾ। ਯੂਐੱਸ ਅਧਿਕਾਰੀਆਂ ਨੇ ਸ਼੍ਰੀ ਸਵਿਡਨ ਦੇ ਇਲਾਜ, ਡਾਕਟਰੀ ਦੇਖਭਾਲ ਅਤੇ ਸਮੇਂ ਸਿਰ ਮੇਲ ਭੇਜਣ ਜਾਂ ਪ੍ਰਾਪਤ ਕਰਨ ਵਿੱਚ ਉਸਦੀ ਅਸਮਰੱਥਾ ਬਾਰੇ ਪੀਆਰਸੀ ਦੇ ਸੀਨੀਅਰ ਅਧਿਕਾਰੀਆਂ ਨੂੰ ਵਾਰ-ਵਾਰ ਆਪਣੀਆਂ ਚਿੰਤਾਵਾਂ ਜ਼ਾਹਰ ਕੀਤੀਆਂ ਹਨ। ਰਾਸ਼ਟਰਪਤੀ ਬਿਡੇਨ ਅਤੇ ਸਕੱਤਰ ਬਲਿੰਕਨ ਮਾਰਕ ਸਵਿਡਨ ਅਤੇ ਦੁਨੀਆ ਭਰ ਵਿੱਚ ਗਲਤ ਤਰੀਕੇ ਨਾਲ ਨਜ਼ਰਬੰਦ ਕੀਤੇ ਗਏ ਜਾਂ ਬੰਧਕ ਬਣਾਏ ਗਏ ਹੋਰ ਅਮਰੀਕੀ ਨਾਗਰਿਕਾਂ ਦੀ ਰਿਹਾਈ 'ਤੇ ਨਿੱਜੀ ਤੌਰ 'ਤੇ ਧਿਆਨ ਕੇਂਦਰਿਤ ਕਰਨਾ ਜਾਰੀ ਰੱਖਦੇ ਹਨ।

## ਭਾਰਤ 'ਚ ਪਹਿਲੀ ਵਾਰ ਨਦੀ ਦੇ ਹੇਠਾਂ ਚੱਲੀ ਮੈਟਰੋ

ਕੋਲਕਾਤਾ/ਏ.ਟੀ.ਨਿਊਜ਼:ਦੇਸ਼ ਦੀ ਸਭ ਤੋਂ ਪੁਰਾਣੀ ਮੈਟਰੋ ਸੇਵਾ ਕੋਲਕਾਤਾ ਮੈਟਰੋ ਨੇ ਇਤਿਹਾਸ ਰਚ ਦਿੱਤਾ ਹੈ। ਭਾਰਤ ਵਿੱਚ ਪਹਿਲੀ ਵਾਰ ਨਦੀ ਦੇ ਹੇਠਾਂ ਮੈਟਰੋ ਦੀ ਰਫ਼ਤਾਰ ਆਈ ਹੈ। ਟ੍ਰੈਲ ਰਨ ਹਾਵੜਾ ਤੋਂ ਕੋਲਕਾਤਾ ਦੇ ਐਸਪਲੇਨੇਡ ਤੱਕ ਚਲਾਇਆ ਗਿਆ ਸੀ ਕਿਉਂਕਿ ਮੈਟਰੋ ਨੇ ਹੁਗਲੀ ਨਦੀ ਦੇ ਹੇਠਾਂ ਆਪਣੀ ਯਾਤਰਾ ਕੀਤੀ ਸੀ। ਕੋਲਕਾਤਾ ਮੈਟਰੋ ਦੇ ਜਨਰਲ ਮੈਨੇਜਰ ਪੀ ਉਦੈ ਕੁਮਾਰ ਰੈੱਡੀ ਨੇ ਇਸ ਦੌੜ ਨੂੰ ਕੋਲਕਾਤਾ ਸ਼ਹਿਰ ਲਈ ਇਤਿਹਾਸਕ ਪਲ ਦੱਸਿਆ।



ਉਦੈ ਕੁਮਾਰ ਰੈੱਡੀ ਨੇ ਕਿਹਾ ਕਿ ਇਹ ਪਹਿਲੀ ਵਾਰ ਹੈ ਜਦੋਂ ਕੋਈ ਟਰੇਨ ਹੁਗਲੀ ਨਦੀ ਦੇ ਹੇਠਾਂ ਗਈ ਹੈ। ਇਹ 33 ਮੀਟਰ ਦੀ ਡੂੰਘਾਈ ਤੇ ਸਭ ਤੋਂ ਡੂੰਘਾ ਸਟੇਸ਼ਨ ਵੀ ਹੈ। ਭਾਰਤ ਵਿੱਚ ਅਜਿਹਾ ਪਹਿਲੀ ਵਾਰ ਹੋਇਆ ਹੈ। ਕੋਲਕਾਤਾ ਸ਼ਹਿਰ ਲਈ ਇਹ ਇਤਿਹਾਸਕ ਪਲ ਹੈ। ਉਨ੍ਹਾਂ ਕਿਹਾ ਕਿ ਹਾਵੜਾ ਮੈਦਾਨ ਤੋਂ ਐਸਪਲੇਨੇਡ ਤੱਕ ਟਰਾਇਲ ਰਨ ਅਗਲੇ 7 ਮਹੀਨਿਆਂ ਤੱਕ ਜਾਰੀ ਰਹੇਗਾ। ਇਸ ਤੋਂ ਬਾਅਦ ਇਸ ਨੂੰ ਲੋਕਾਂ ਲਈ ਬਕਾਇਦਾ ਸ਼ੁਰੂ ਕਰ ਦਿੱਤਾ ਜਾਵੇਗਾ।

ਉਮੀਦ ਹੈ ਕਿ ਇਸ ਸਾਲ ਹਾਵੜਾ-ਐਸਪਲੇਨੇਡ ਸੈਕਸ਼ਨ 'ਤੇ ਵਪਾਰਕ ਸੇਵਾਵਾਂ ਸ਼ੁਰੂ ਹੋ ਜਾਣਗੀਆਂ। ਮੈਟਰੋ ਨੇ ਹੁਗਲੀ ਨਦੀ ਦੇ ਹੇਠਾਂ 520 ਮੀਟਰ ਦੀ ਦੂਰੀ 45 ਸਕਿੰਟਾਂ ਵਿੱਚ ਤੈਅ ਕੀਤੀ। ਨਦੀ ਦੇ ਹੇਠਾਂ ਇਹ ਸੁਰੰਗ ਨਦੀ ਦੇ ਬੈੱਡ ਤੋਂ 32 ਮੀਟਰ ਹੇਠਾਂ ਹੈ। ਇਹ ਸੈਕਸ਼ਨ ਪੂਰਬ-ਪੱਛਮੀ ਮੈਟਰੋ ਕੋਰੀਡੋਰ ਦਾ ਹਿੱਸਾ ਹੈ ਜੋ ਕੋਲਕਾਤਾ ਦੇ ਆਈਟੀ ਹੱਬ ਸਾਲਟ ਲੇਕ ਵਿੱਚ ਹਾਵੜਾ ਮੈਦਾਨ ਅਤੇ ਸੈਕਟਰ 5 ਨੂੰ ਜੋੜਦਾ ਹੈ। ਇਹ ਪ੍ਰੋਜੈਕਟ ਕੋਲਕਾਤਾ ਮੈਟਰੋ ਦੀ ਉੱਤਰੀ-ਦੱਖਣੀ ਲਾਈਨ ਦੇ ਐਸਪਲੇਨੇਡ ਸਟੇਸ਼ਨ ਨੂੰ ਹਾਵੜਾ ਅਤੇ ਸੀਲਦਾਹ ਦੇ ਭਾਰਤੀ ਰੇਲਵੇ ਸਟੇਸ਼ਨਾਂ ਨਾਲ ਜੋੜੇਗਾ।

ਇਹ ਵਿਕਾਸ ਕੋਲਕਾਤਾ ਮੈਟਰੋ ਲਈ ਇੱਕ ਹੋਰ ਮੀਲ ਪੱਥਰ ਹੈ ਕਿਉਂਕਿ ਇਹ ਦੇਸ਼ ਦੀ ਪਹਿਲੀ ਮੈਟਰੋ ਰੇਲਵੇ ਵੀ ਸੀ, ਜੋ ਕਿ 1984 ਵਿੱਚ ਕੋਲਕਾਤਾ ਵਿੱਚ ਸ਼ੁਰੂ ਹੋਈ ਸੀ। ਇਸ ਤੋਂ ਬਾਅਦ ਰਾਜਧਾਨੀ ਦਿੱਲੀ ਨੇ 2002 ਵਿੱਚ ਮੈਟਰੋ ਸੇਵਾਵਾਂ ਸ਼ੁਰੂ ਕੀਤੀਆਂ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

# ਸੰਪਾਦਕੀ

19 ਅਪ੍ਰੈਲ ਤੋਂ 25 ਅਪ੍ਰੈਲ, 2023

## ਦਰਬਾਰ ਸਾਹਿਬ ਵਿਖੇ ਵਾਪਰੀ ਘਟਨਾ: ਮੁੱਢ ਕਿੱਥੇ ਪਿਆ ਹੈ ?

ਇੱਕ ਗੈਰ ਪੰਜਾਬੀ ਬੀਬੀ ਦੁਆਰਾ ਆਪਣਾ ਮੂੰਹ ਰੰਗ ਕੇ ਦਰਬਾਰ ਸਾਹਿਬ ਵਿੱਚ ਜਾਣ ਦੀ ਕੋਸ਼ਿਸ਼ ਕਰਨ ਦਾ ਮਸਲਾ ਸੋਸ਼ਲ ਮੀਡੀਆ ਅਤੇ ਇੰਡਿਅਨ ਮੁੱਖ ਧਾਰਾ ਮੀਡੀਆ ਵਿੱਚ ਲਗਾਤਾਰ ਦਿਖਾਇਆ ਅਤੇ ਪ੍ਰਚਾਰਿਆ ਜਾ ਰਿਹਾ ਹੈ। ਇਸ ਮਸਲੇ ਉਤੇ ਲਗਾਤਰ ਲੋਕਾਂ ਵਲੋਂ ਆਪਣੇ ਵਿਚਾਰ ਦਿੱਤੇ ਜਾ ਰਹੇ ਹਨ ਅਤੇ ਇੱਕ ਦੂਜੇ ਉਤੇ ਇਲਜ਼ਾਮਬਾਜ਼ੀ ਚੱਲ ਰਹੀ ਹੈ। ਖ਼ਬਰ ਸੀਸ਼ੇ (ਮੋਬਾਈਲ) ਰਾਹੀਂ ਆਈ ਅਤੇ ਲੋਕਾਂ ਤੱਕ ਪਹੁੰਚੀ ਹੈ ਅਤੇ ਇਸ ਤੋਂ ਅੱਗੇ ਦਿੱਲੀ ਪੱਖੀ ਮੀਡੀਆ ਨੇ ਇਸਨੂੰ ਵੱਡਾ ਮਸਲਾ ਬਣਾ ਲਿਆ ਹੈ। ਹੁਣ ਤੱਕ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਸ੍ਰ: ਧਾਮੀ ਵਲੋਂ ਵੀ ਬਿਆਨ ਆ ਗਿਆ ਹੈ। ਇਸ ਸਾਰੇ ਮਸਲੇ ਦੇ ਵਿੱਚ ਜੇ ਕਿਧਰੇ ਸ਼ੀਸ਼ਾ (ਮੋਬਾਈਲ) ਨਾ ਹੁੰਦਾ ਤਾਂ ਗੱਲ ਦਾ ਖਿਲਾਰਾ ਘੱਟ ਪੈਣਾ ਸੀ। ਮੌਕੇ ਉਪਰ ਆਪਸੀ ਸਹਿਮਤੀ ਅਤੇ ਆਲੇ ਦੁਆਲੇ ਦੀ ਸੰਗਤ ਦੇ ਸਮਝਾਉਣ ਨਾਲ ਗੱਲ ਠੰਡੀ ਪੈ ਜਾਣੀ ਸੀ। ਜੇਕਰ ਸੈਰ ਸਪਾਟੇ ਅਤੇ ਆਪਣੀ ਹਉਮੈ ਦੇ ਖਿਆਲ ਨੂੰ ਤਿਆਗ ਕੇ ਆਏ ਹੋਣ ਤਾਂ ਉਸ ਬੀਬੀ ਅਤੇ ਉਸ ਦੇ ਪਰਿਵਾਰ ਨੇ ਦਰਸ਼ਨ ਦੀਦਾਰੇ ਕਰਕੇ ਚਿੱਤ ਵਿੱਚ ਸ਼ਾਂਤੀ ਲੈ ਕੇ ਜਾਣੀ ਸੀ। ਪਰ ਹੁਣ ਤੱਕ ਦੀ ਜੋ ਗੱਲ ਨਿਕਲ ਕੇ ਆਈ ਹੈ, ਉਸ ਮੁਤਾਬਕ ਉਹਨਾਂ ਦਾ ਇਰਾਦਾ ਹਲੇਮੀ ਨਾਲ ਦਰਸ਼ਨ ਕਰਨ ਦਾ ਨਹੀਂ ਸੀ ਲੱਗਦਾ।

ਇਹ ਗੱਲ ਪਹਿਲਾਂ ਵੀ ਬਹੁਤ ਵਾਰ ਦੁਹਰਾਈ ਹੈ ਕਿ ਲੋਕ ਅਸਲੀਅਤ ਤੋਂ ਉਨ੍ਹੇ ਪ੍ਰਭਾਵਿਤ ਨਹੀਂ, ਜਿੰਨੇ ਕਿ ਸ਼ੀਸ਼ੇ ਤੋਂ ਪ੍ਰਭਾਵਿਤ ਹਨ। ਇਸ ਦੇ ਬਾਰੇ ਸਮੁੱਚੇ ਸਿੱਖ ਜਗਤ ਨੂੰ ਸੋਚਣਾ ਪਵੇਗਾ ਕਿ ਬਗਾਨੇ ਸੰਦਾਂ ਦੇ ਸਹਾਰੇ ਆਪਣੇ ਕਾਜ ਠੀਕ ਨਹੀਂ ਕਰ ਹੋਣੇ। ਇਸਨੂੰ ਵਰਤਣ ਅਤੇ ਇਸ ਤੋਂ ਕੁਝ ਦੇਖਣ ਜਾਂ ਗ੍ਰਹਿਣ ਕਰਨ ਲੱਗਿਆ ਸੌ ਵਾਰ ਸੋਚਣਾ ਜ਼ਰੂਰੀ ਹੈ। ਇਸ ਨਾਲ ਬੰਦੇ ਦਾ ਚੰਗਾ ਜਾਂ ਮਾੜਾ ਕਾਰਨ ਦੀ ਸਮਰੱਥਾ ਵਧੀ ਹੈ। ਪਹਿਲਾਂ ਕਲੇਸ਼ੀ ਲੋਕ ਉੱਚੀ ਉੱਚੀ ਰੌਲਾ ਪਾ ਕੇ ਲੋਕਾਂ ਦਾ ਧਿਆਨ ਖਿੱਚਦੇ ਸੀ, ਘਰ ਦੀਆਂ ਲੜਾਈਆਂ ਗਲੀਆਂ ਵਿੱਚ ਆ ਕੇ ਲੜਦੇ ਸੀ, ਪਰ ਹੁਣ ਸ਼ੀਸ਼ੇ ਦੇ ਸਹਾਰੇ ਕਲੇਸ਼ ਕਿੰਨੇ ਲੋਕਾਂ ਵਿਚ ਖਿੱਚ ਕੇ ਲਿਜਾਣਾ ਹੈ, ਉਹ ਵਿਅਕਤੀ ਦੀ ਸਮਰੱਥਾ ਦੇ ਅਧਾਰਤ ਹੈ। ਧਾਰਮਿਕ ਸਥਾਨਾਂ 'ਤੇ ਆ ਕੇ ਵੀ ਕਲੇਸ਼ੀ ਬੰਦਿਆਂ ਦੀ ਬਿਰਤੀ ਨਹੀਂ ਬਦਲਦੀ। ਮਰਿਯਾਦਾ ਦਾ ਪਾਲਣ ਕਰਵਾਉਂਣਾ ਜ਼ਰੂਰੀ ਹੈ ਪਰ ਕਲੇਸ਼ ਵਿਚ ਪੈਣ ਤੋਂ ਬਚਣਾ ਚਾਹੀਦਾ ਹੈ।

ਇਸ ਕਲੇਸ਼ ਵਿੱਚ ਆਪਣਾ ਪੱਖ ਰੱਖਣ ਦੇ ਨਾਲ-ਨਾਲ ਸੰਗਤ ਨੂੰ ਇਸ ਦੇ ਅਣਦਿਸਦੇ ਕਾਰਨਾਂ ਦੀ ਵੀ ਘੋਖ ਕਰਨੀ ਚਾਹੀਦੀ ਹੈ। ਜਿੰਨੇ ਲੋਕਾਂ ਵਿੱਚ ਗੱਲ ਜਾਣੀ ਚਾਹੀਦੀ ਹੈ, ਸ਼ਾਇਦ ਚਲੀ ਗਈ ਹੈ। ਲੋਕਾਂ ਨੇ ਉਸ ਮੁਤਾਬਕ ਨਤੀਜੇ ਕੱਢ ਕੇ ਆਪਣੀਆਂ ਪੁਜੀਸ਼ਨਾਂ ਲੈ ਲਈਆਂ ਹਨ। ਹੁਣ ਗੱਲ ਸਿੱਖਾਂ ਅਤੇ ਕੇਂਦਰ ਵਿੱਚ ਟਕਰਾਓ ਵਾਲੀ ਚੱਲ ਰਹੀ ਹੈ। ਗੱਲ ਦੱਸਣ ਅਤੇ ਫੈਲਾਉਣ ਦੀ ਜਿੰਨੀ ਸਮਰੱਥਾ ਦਿੱਲੀ ਦਰਬਾਰ ਦੀ ਹੈ, ਉਨੀ ਸਿੱਖਾਂ ਦੀ ਨਹੀਂ ਹੈ। ਨਾ ਇਹ ਬਣ ਸਕੇ, ਇਹ ਗੱਲ ਮੰਨ ਲੈਣੀ ਚਾਹੀਦੀ ਹੈ। ਜਿਥੇ ਸਾਡੀ ਕਮਜ਼ੋਰੀ ਹੈ, ਸੋ ਹੈ। ਸਾਡਾ ਤਕੜਾ ਪੱਖ ਕਿਹੜਾ ਹੈ, ਉਥੇ ਉਸਾਰੂ ਗੱਲਬਾਤ ਹੋਣੀ ਚਾਹੀਦੀ ਹੈ।

ਦਰਬਾਰ ਸਾਹਿਬ ਵਿੱਚ ਪਿਛਲੇ ਸਮਿਆਂ ਵਿੱਚ ਦਰਸ਼ਨ ਕਰਨ ਵਾਲੇ ਸਰਧਾਲੂਆਂ ਦੀ ਗਿਣਤੀ ਕਾਫੀ ਵਧੀ ਹੈ। ਸੂਬਾ ਸਰਕਾਰਾਂ ਦੁਆਰਾ ਅਤੇ ਸਮੇਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦਰਬਾਰ ਸਾਹਿਬ ਦੇ ਆਲੇ ਦੁਆਲੇ ਮੇਲੇ ਵਾਲਾ ਮਾਹੌਲ ਬਣਾਇਆ ਹੋਇਆ ਹੈ। ਸੋ ਜਿਸ ਤਰ੍ਹਾਂ ਦੇ ਲੋਕਾਂ ਨੂੰ ਸਰਕਾਰ ਅਤੇ ਕਮੇਟੀ ਪਿਛਲੇ ਕਾਫ਼ੀ ਸਾਲਾਂ ਤੋਂ ਖਿੱਚਣ ਦੀ ਕੋਸ਼ਿਸ ਕਰ ਰਹੇ ਹਨ, ਉਹ ਲੋਕ ਆ ਰਹੇ ਹਨ ਅਤੇ ਨਤੀਜਾ ਸਾਹਮਣੇ ਹੈ। ਜਿਸ ਵਿੱਚ ਸਰਕਾਰ ਦਾ ਤਾਂ ਕੱਖ ਨਹੀਂ ਵਿਗੜਨ ਵਾਲਾ ਪਰ ਸਿੱਖਾਂ ਅਤੇ ਸਮੇਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦਿੱਲੀ ਦਰਬਾਰ ਦੇ ਖ਼ਬਰਖਾਨੇ ਨੇ ਨਿਸ਼ਾਨੇ 'ਤੇ ਰੱਖ ਲਿਆ ਹੈ।

ਸ੍ਰੀ ਦਰਬਾਰ ਸਾਹਿਬ ਸਿੱਖਾਂ ਦਾ ਕੇਂਦਰੀ ਅਸਥਾਨ ਹੈ। ਇਸ ਅਸਥਾਨ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਦੇ ਲਈ ਸਿੱਖਾਂ ਨੇ ਲੱਖਾਂ ਦੀ ਗਿਣਤੀ ਦੇ ਵਿੱਚ ਕੁਰਬਾਨੀਆਂ ਕੀਤੀਆਂ ਹਨ ਅਤੇ ਸ਼ਹੀਦੀਆਂ ਪ੍ਰਾਪਤ ਕੀਤੀਆਂ ਹਨ। ਮੁਗਲ ਹਕੂਮਤ ਨੇ ਇਸ ਅਸਥਾਨ ਦੇ ਦਰਸ਼ਨ ਇਸ਼ਨਾਨ ਮਹਿੰਗੇ ਕਰ ਦਿੱਤੇ ਸਨ ਅਤੇ ਸਿੱਖਾਂ ਨੂੰ ਇਸਦੇ ਦਰਸ਼ਨ ਇਸ਼ਨਾਨਾਂ ਬਦਲੇ ਆਪਣੀ ਜਾਨ ਦੇਣੀ ਪੈਂਦੀ ਸੀ। ਪਰ ਹੁਣ ਸਾਡੀਆਂ ਸੰਸਥਾਵਾਂ ਨੇ ਦਰਸ਼ਨ ਖੁਦ ਬੇਹੱਦ ਸਸਤੇ ਕਰ ਲਏ ਹਨ। ਸਾਡੇ ਜੋੜ ਮੇਲਿਆਂ ਦੇ ਵਿੱਚ ਮਰਿਯਾਦਾ ਪੱਖੋਂ ਢਿੱਲ ਵੱਧ ਰਹੀ ਹੈ ਅਤੇ ਮਨ ਨੂੰ ਚੰਚਲ ਕਰਨ ਦੇ ਸਾਧਨ ਵੱਧ ਰਹੇ ਹਨ। ਹਲਕੇ ਕਿਰਦਾਰਾਂ ਵਾਲੇ ਲੋਕਾਂ ਦਾ ਬੋਲਬਾਲਾ ਵੱਧ ਗਿਆ ਹੈ, ਖਾਲਸਾ ਜੀ ਕੇ ਬੋਲਬਾਲੇ ਦੀ ਗੱਲ ਸਿੱਖ ਖੁਦ ਵਿਸਾਰ ਰਹੇ ਹਨ। ਅੱਜ ਗੁਰਧਾਮਾਂ ਦੇ ਆਲੇ ਦੁਆਲੇ ਬਣ ਰਹੇ ਅਪਵਿੱਤ੍ਰਤਾ ਦੇ ਮਾਹੌਲ ਨੂੰ ਠੱਲ ਪਾਉਣ, ਗੁਰਧਾਮਾਂ ਦੀ ਮਰਿਯਾਦਾ ਬਹਾਲੀ ਅਤੇ ਸਤਿਕਾਰ ਨੂੰ ਕਾਇਮ ਰੱਖਣ ਲਈ ਇਕੱਤਰ ਹੋ ਕੇ ਸੋਚਣਾ ਪਵੇਗਾ ਅਤੇ ਸਾਰੇ ਪੰਥ ਨੂੰ ਗੁਰਮਤੇ ਰਾਹੀਂ ਫੈਸਲਾ ਕਰਨਾ ਪਵੇਗਾ।

ਦਰਬਾਰ ਸਾਹਿਬ ਸਮੇਤ ਦੁਨੀਆਂ ਦਾ ਹਰੇਕ ਗੁਰੂਘਰ ਸਾਂਝੀਵਾਲਤਾ ਦੀ ਗਵਾਹੀ ਦਿੰਦਾ ਹੈ, ਜਿਥੇ ਕੋਈ ਵੀ ਵਿਅਕਤੀ ਕਿਸੇ ਵੀ ਦੇਸ਼, ਭੇਸ ਜਾਂ ਧਰਮ ਦਾ ਆਵੇ, ਕਿਸੇ ਨੂੰ ਕੋਈ ਰੋਕ ਨਹੀਂ। ਪਰ ਗੁਰਦੁਆਰੇ ਦੀ ਆਪਣੀ ਮਰਿਯਾਦਾ ਹੈ। ਜਿਥੇ ਤਹਿਜ਼ੀਬ ਵਾਲੇ ਲੋਕ ਦੁਨੀਆਂ ਵਿੱਚ ਕਿਸੇ ਵੀ ਸੱਭਿਆਚਾਰ ਵਿੱਚ ਜਾਣ ਵੇਲੇ, ਉਸ ਦੇਸ਼ ਮੁਤਾਬਕ ਆਪਣਾ ਯੋਗ ਭੇਸ ਬਦਲ ਲੈਂਦੇ ਅਤੇ ਸਭ ਤੋਂ ਜ਼ਰੂਰੀ ਉਹਨਾਂ ਦੀਆਂ ਪਵਿੱਤਰ ਚੀਜ਼ਾਂ ਦਾ ਸਤਿਕਾਰ ਕਰਦੇ ਹਨ, ਗੁਰਦੁਆਰੇ ਵਿੱਚ ਦਾਖਲ ਹੋਣ ਵਾਲੇ ਹਰੇਕ ਵਿਅਕਤੀ ਤੋਂ ਸਿੱਖ ਉਮੀਦ ਕਰਦੇ ਹਨ ਕਿ ਉਹ ਤਹਿਜ਼ੀਬ ਦਾ ਪੱਲਾ ਨਾ ਛੱਡਣ। ਜਦੋਂ ਕੋਈ ਵਿਅਕਤੀ ਆਪਣੇ ਸਭਿਆਚਾਰ ਤੋਂ ਬਾਹਰ ਕਿਸੇ ਦੂਸਰੇ ਸਭਿਆਚਾਰ ਵਿਚ ਵਿਚਰਦਾ ਹੈ, ਤਾਂ ਉਹ ਆਪਣੇ ਸੱਭਿਆਚਾਰ ਦੀ ਪ੍ਰਤੀਨਿਧਤਾ ਕਰਦਾ ਹੈ। ਸਿੱਖ ਕਿਸੇ ਦੂਸਰੇ ਤੋਂ ਉਸਦੇ ਸੱਭਿਆਚਾਰ ਦੀਆਂ ਚੰਗੀਆਂ ਗੱਲਾਂ ਸਿੱਖਣੀਆਂ ਚਾਹੁਣਗੇ, ਜੇਕਰ ਉਹ ਗੁਰਦੁਆਰੇ ਆ ਕੇ ਆਪਣੇ ਗੁਣ ਦੀ ਸਾਂਝ ਪਾਉਣ ਤਾਂ !

ਇੰਡੀਆ ਖੁਦ ਕੀ ਹੈ, ਇਹ ਉਸਦੇ ਅਮਲਾਂ ਤੋਂ ਸਾਬਤ ਹੋਵੇਗਾ, ਨਾ ਕਿ ਉਹ ਕਿ ਸੰਵਿਧਾਨ ਵਿੱਚ ਕੀ ਲਿਖਿਆ ਹੈ। ਦਿੱਲੀ ਦਰਬਾਰ ਅਤੇ ਉਸਦਾ ਮੀਡੀਆ, ਸਿੱਖਾਂ ਦੀ ਪਛਾਣ, ਉਸਦੀਆਂ ਕਦਰਾਂ ਕੀਮਤਾਂ ਅਤੇ ਮਰਿਯਾਦਾ ਦਾ ਕਿੰਨਾ ਕੁ ਸਤਿਕਾਰ ਕਰਦਾ ਹੈ ਇਹ ਗੱਲ ਵੀ ਦਿੱਲੀ ਦਰਬਾਰ ਦੇ ਅਮਲਾਂ ਤੋਂ ਲੋਕ ਸਮਝ ਅਤੇ ਬੁਝ ਰਹੇ ਹਨ ਕਿ ਆਪਣੇ ਆਪ ਨੂੰ ਵੱਖ ਵੱਖ ਪਛਾਣਾਂ ਅਤੇ ਸਭਿਆਚਾਰਾਂ ਦਾ ਦੇਸ਼ ਕਹਾਉਣਾ ਮਹਿਜ ਇੱਕ ਦਿਖਾਵਾ ਹੈ। ਦਿਖਾਵੇ ਦੇ ਅਮਲ ਤੋਂ ਅਲਹਿਦਾ ਸਿੱਖਾਂ ਨੂੰ ਅਸਲ ਅਮਲ ਦੇ ਰਸਤੇ ਪੈਣਾ ਪਵੇਗਾ, ਜੇਕਰ ਗੁਰੂ ਦੀ ਬਖਸ਼ਿਸ ਲੈਣੀ ਹੈ। ਦਿਖਾਵਾ ਨਾ ਗੁਰੂ ਨੂੰ ਪਸੰਦ ਹੈ, ਨਾ ਇਸਦੇ ਵਿਚ ਖਾਲਸੇ ਦੇ ਨਿਆਰੇਪਨ ਦੀ ਕੋਈ ਗੱਲ ਹੈ। ਸਿੱਖ ਅਮਲ ਨਾਲ ਹੈ।

ਧੰਨਵਾਦ,
ਸੰਪਾਦਕ, ਅੰਮ੍ਰਿਤਸਰ ਟਾਈਮਜ਼

# ਕਿਸਾਨ, ਕਣਕ ਅਤੇ ਚਾਵਲ ਚੱਕਰਵਿਊ



ਗੁਰਮੀਤ ਸਿੰਘ ਪਲਾਹੀ
ਮੋ. 9815802070



ਖੇਤੀ ਦੇਸ਼ ਦੀ ਕਿਸਾਨੀ ਦਾ ਪੇਸ਼ਾ ਨਹੀਂ ਹੈ, ਜੀਊਣ ਦੀ ਢੰਗ-ਤਰੀਕਾ ਹੈ। ਪਰੰਤੂ ਸਮਾਂ ਬਦਲ ਰਿਹਾ ਹੈ। ਹੁਣ ਖੇਤੀ ਪ੍ਰਧਾਨ ਦੇਸ਼ ਦੀ ਥਾਂ ਡਿਜੀਟਲ ਇੰਡੀਆਂ ਕਹਾਉਣਾ ਚਾਹੁੰਦਾ ਹੈ, ਮਹਾਨ ਭਾਰਤ। ਸ਼ਹਿਰਾਂ ਵਿੱਚ ਹੀ ਨਹੀਂ, ਪਿੰਡਾਂ ਵਿੱਚ ਵੀ ਮੋਬਾਇਲ ਫੋਨ ਦਿਖਦੇ ਹਨ, ਪਰ ਫਿਰ ਵੀ ਦੇਸ਼ ਦੀ ਰੀੜ ਦੀ ਹੱਡੀ ਤਾਂ ਖੇਤੀ ਹੈ। ਕਰੋਨਾ ਕਾਲ ਬੀਤਿਆ। ਦੇਸ਼ ਦਾ ਉਦਯੋਗ ਪੁੱਠੇ ਪੈਰੀਂ ਹੋ ਗਿਆ, ਜੇਕਰ ਕੋਈ ਧੰਦਾ ਬਚਿਆ ਤਾਂ ਖੇਤੀ ਬਾੜੀ ਹੀ ਸੀ। ਇਹ ਇੱਕ ਤੱਥ ਹੈ ਕਿ ਦੇਸ਼ ਦੀ ਅੱਧੀ ਤੋਂ ਵੱਧ ਆਬਾਦੀ ਖੇਤੀ ਨਾਲ ਜੁੜੀ ਹੈ।

ਕਿਸਾਨ ਖੇਤੀ ਕਰਦੇ ਹਨ। ਮੁੱਖ ਫ਼ਸਲ ਕਣਕ ਹੈ। ਕਣਕ ਤਿਆਰ ਖੜੀ ਸੀ ਵੱਢਣ ਲਈ। ਕਿਸਾਨਾਂ ਨੂੰ ਕਰਜ਼ੇ ਤੋਂ ਰਾਹਤ ਦੇਣ ਲਈ। ਕਿਸਾਨਾਂ ਨੂੰ ਕੁਝ ਸੁੱਖ ਦਾ ਸਾਹ ਦੇਣ ਲਈ। ਵਾਤਾਵਾਰਨ ਪ੍ਰਦੂਸ਼ਣ ਦੀ ਇਹੋ ਜਿਹੀ ਮਾਰ ਪਈ ਕਿ ਸੱਭ ਕੁਝ ਝੱਖੜ, ਹਨੇਰੀ, ਮੀਂਹ, ਗੜ੍ਹਿਆਂ ਨੇ ਧਰਤੀ 'ਤੇ ਵਿਛਾ ਦਿੱਤਾ। ਕਣਕ ਦੀ ਫ਼ਸਲ ਡਿੱਗ ਪਈ, ਕਿਸਾਨਾਂ ਦੇ ਸੁਫਨੇ ਜਿਵੇਂ ਢਹਿ-ਢੇਰੀ ਹੋ ਗਏ। ਖ਼ਸ ਤੌਰ 'ਤੇ ਪੰਜਾਬ ਹਰਿਆਣਾ 'ਚ।

ਪੰਜਾਬ ਤੇ ਹਰਿਆਣਾ ਜਿਥੇ 34 ਲੱਖ ਹੇਕਟੇਅਰ ਕਣਕ ਬੀਜੀ ਗਈ ਸੀ, ਉਸ ਵਿੱਚ ਸਰਕਾਰੀ ਅੰਦਾਜ਼ੇ ਅਨੁਸਾਰ 5.23 ਲੱਖ ਹੈਕਟੇਅਰ ਕਣਕ ਨੁਕਸਾਨੀ ਗਈ। ਇਥੇ ਹੀ ਕਿਸਾਨਾਂ ਦੇ ਦੁਖਾਂਤ ਦਾ ਅੰਤ ਨਹੀਂ। ਮੁਆਵਜ਼ੇ ਦੀ ਰਕਮ ਦੇਣ ਦਾ ਸਰਕਾਰ ਨੇ ਐਲਾਨ ਕੀਤਾ ਹੈ, ਪਰ ਮੁਆਵਜ਼ਾ ਮਿਲੇਗਾ ਅਤੇ ਕਦੋਂ ਮਿਲੇਗਾ, ਕੋਈ ਨਹੀਂ ਜਾਣਦਾ, ਉਸੇ ਤਰ੍ਹਾਂ ਜਿਵੇਂ ਕੋਈ ਨਹੀਂ ਜਾਣਦਾ ਕਿ ਮੀਂਹ ਕਦੋਂ, ਕਿਥੇ ਅਤੇ ਕਿੰਨਾ ਪਏਗਾ ਅਤੇ ਕਿੰਨਾ ਨੁਕਸਾਨ ਹੋਏਗਾ। ਨੁਕਸਾਨੀਆਂ ਫ਼ਸਲਾਂ ਦੀ ਗਿਰਦਾਵਰੀ ਹੋਣੀ ਹੈ, ਕਾਗਜ,ਪੱਤਰ ਤਿਆਰ ਹੋਣੇ ਹਨ, ਖ਼ਾਕੇ, ਰਿਪੋਰਟਾਂ ਤਿਆਰ ਹੋਣੀਆਂ ਹਨ, ਮੁੜ ਇੱਕ ਰੁਪਏ ਤੋਂ ਹਜ਼ਾਰਾਂ ਤੱਕ ਦੇ ਚੈੱਕ ਤਿਆਰ ਹੋਣੇ ਹਨ। ਕਿਸਾਨ ਦੇ ਪੱਲੇ ਕੀ ਪਵੇਗਾ, ਕੌਣ ਜਾਣਦਾ ਹੈ ?

ਅੰਦਾਜ਼ਾ ਸੀ ਕਿ ਜੂਨ 2023 ਤੱਕ ਇੱਕ ਸਾਲ ਵਿੱਚ 11.22 ਕਰੋੜ ਟਨ ਕਣਕ ਦੀ ਪੈਦਾਇਸ਼ ਹੋ ਜਾਵੇਗੀ, ਦੇਸ਼ ਦੀ ਵੱਡੀ ਆਬਾਦੀ ਦੀਆਂ ਲੋੜਾਂ ਪੂਰੀਆਂ ਹੋ ਜਾਣਗੀਆਂ ਪਰ ਫ਼ਸਲਾਂ ਦੀ ਕਟਾਈ ਦੀਆਂ ਯੋਜਨਾਵਾਂ ਧਰੀਆਂ-ਧਰਾਈਆਂ ਰਹਿ ਗਈਆਂ। ਪੰਜਾਬ ਤੋਂ ਲੈ ਕੇ ਮੱਧ ਪ੍ਰਦੇਸ਼ ਤੱਕ ਫ਼ਸਲਾਂ ਦੇ ਘੱਟੋ-ਘੱਟ ਮੁੱਲ ਉਤੇ ਫ਼ਸਲ ਦੀ ਖਰੀਦ ਸਰਕਾਰਾਂ ਵਲੋਂ ਸ਼ੁਰੂ ਤਾਂ ਕਰ ਦਿੱਤੀ ਗਈ, ਪਰ ਕਣਕ ਦੇ ਢਹਿ-ਢੇਰੀ ਹੋਣ ਨਾਲ ਮਰੇ ਹੋਏ ਦਾਣੇ ਦਾ ਕੀ ਹੋਏਗਾ ? ਲਗਾਤਾਰ ਦੂਜੀ ਵੇਰ ਹਰਿਆਣਾ ਅਤੇ ਪੰਜਾਬ 'ਚ ਇਸ ਫ਼ਸਲ 'ਤੇ ਗੜ੍ਹੇਮਾਰ ਹੋਈ ਹੈ, ਪੰਜਾਬ 'ਚ ਤਾਂ ਕਿਸਾਨਾ ਦੇ ਸਾਹ ਸੁੱਕੇ ਗਏ ਹਨ, ਇੰਨੀ ਫ਼ਸਲ ਤਬਾਹ ਹੋ ਗਈ ਹੈ ਕਿ ਕਿਸਾਨਾਂ ਦੇ ਹੌਸਲੇ ਹੀ ਨਹੀਂ ਡਿੱਗੇ, ਖੇਤੀ ਨਾਲ ਸਬੰਧਤ ਧੰਦਿਆਂ ਉਤੇ ਬਰੋਬਰ ਦੀ ਸੱਟ ਵੱਜੀ ਹੈ, ਕਿਉਂਕਿ ਫ਼ਸਲਾਂ ਨਾਲ ਛੋਟੇ, ਬਹੁਤ ਛੋਟੇ ਅਤੇ ਥੋੜੇ ਵੱਡੇ, ਵਿਚਕਾਰਲੇ ਉਦਯੋਗ ਵੀ ਚਲਦੇ ਹਨ। ਉਹਨਾ ਉਤੇ ਵੀ ਤਾਂ ਅਸਰ ਪਵੇਗਾ। ਖੇਤੀ, ਭਾਰਤ ਦੇ ਲੋਕਾਂ ਲਈ ਅਹਿਮ ਹੈ ਸਦੀਆਂ ਤੋਂ। ਫ਼ਸਲਾਂ ਉਗਦੀਆਂ ਹਨ, ਉਗਾਈਆਂ ਜਾਂਦੀਆਂ ਹਨ। ਪਰ ਮੌਸਮ ਦੀ ਮਾਰ ਇਹਨਾਂ ਨੂੰ ਪ੍ਰੇਸ਼ਾਨ ਕਰਦੀ ਹੈ। ਉਪਰੋਂ ਸਰਕਾਰਾਂ ਵੱਲ ਉਚਿੱਤ ਮੁੱਲ ਨਾ ਮਿਲਣ ਕਾਰਨ ਕਿਸਾਨ ਦੀ ਪ੍ਰੇਸ਼ਾਨੀ ਵੱਧਦੀ ਹੈ। ਕਣਕ ਤੋਂ ਬਾਅਦ ਚਾਵਲ ਤੇ ਫਿਰ ਚਾਵਲ ਤੋਂ ਬਾਅਦ ਕਣਕ ਕਿਸਾਨ ਦੇ ਪੱਲੇ ਪਈ ਹੋਈ ਹੈ, ਬਾਵਜੂਦ ਇਸ ਗੱਲ ਦੇ ਕਿ ਸਰਕਾਰਾਂ ਵਲੋਂ ਸਮੇਂ-ਸਮੇਂ ਹੋਰ ਫ਼ਸਲਾਂ ਬੀਜਣ ਉਗਾਉਣ ਦਾ ਸੁਝਾਅ, ਤਰੀਕਾ, ਕਿਸਾਨਾਂ ਨੂੰ ਦਿੱਤਾ ਜਾਂਦਾ ਹੈ, ਪਰ ਉਹਨਾਂ ਨੂੰ ਜਾਪਦਾ ਹੈ ਕਿ ਕਣਕ, ਚਾਵਲ ਹੀ ਇਹੋ ਜਿਹੀ ਫ਼ਸਲ ਹੈ, ਜੋ ਉਸਦੀ ਮਾੜੀ-ਮੋਟੀ ਕਿਸਮਤ ਤਾਰ ਸਕਦੀ ਹੈ। ਦਾਲਾਂ ਬੀਜੀਆਂ ਜਾਂਦੀਆਂ ਹਨ। ਸਬਜ਼ੀਆਂ ਉਗਾਈਆਂ ਜਾਂਦੀਆਂ ਹਨ, ਪਸ਼ੂ ਪਾਲਣ ਅਪਨਾਇਆਂ ਜਾਂਦਾ ਹੈ, ਪਰ ਘੱਟੋ-ਘੱਟ ਮੁੱਲ ਮਿਲਦਾ ਨਹੀਂ ਤਾਂ ਕਿਸਾਨ ਘਾਟੇ 'ਚ ਜਾਏਗਾ, ਕਰਜ਼ਾਈ ਹੋਏਗਾ, ਪੱਲੇ ਪ੍ਰੇਸ਼ਾਨੀਆਂ ਹੀ ਪੈਣਗੀਆਂ। ਤਦੇ ਸਿਰਫ਼ ਤੇ ਸਿਰਫ਼ ਆਪਣਾ ਪੇਟ ਪਾਲਣ ਲਈ ਕਣਕ ਅਤੇ ਚਾਵਲ 'ਤੇ ਨਿਰਭਰ ਹੋ ਕੇ ਰਹਿ ਜਾਂਦਾ ਹੈ। ਸਮੇਂ-ਸਮੇਂ ਸਰਕਾਰਾਂ ਵੱਲੋਂ ਕਹਿਣ ਨੂੰ ਤਾਂ ਖੇਤੀ ਨੂੰ ਉਤਸ਼ਾਹਤ ਕਰਨ ਲਈ ਸਕੀਮਾਂ ਬਣਾਈਆਂ ਜਾਂਦੀਆਂ ਹਨ। ਬੀਮਾ ਸਕੀਮਾਂ ਜਾਰੀ ਕੀਤੀਆਂ ਜਾਂਦੀਆਂ ਹਨ। ਨਵੇਂ ਬੀਜਾਂ, ਖਾਦਾਂ, ਦਵਾਈਆਂ ਤੇ ਸਿੰਚਾਈ ਸਾਧਨਾਂ, ਬਿਜਾਈ ਸਾਧਨਾਂ ਮਸ਼ੀਨਰੀ ਉੱਤੇ ਸਬਸਿਡੀਆਂ ਦਿੱਤੇ ਜਾਣ ਦੀ ਗੱਲ ਕੀਤੀ ਜਾਂਦੀ ਹੈ, ਪਰ ਆਮ ਸਧਾਰਨ ਕਿਸਾਨ ਇਸ ਤੋਂ ਵਿਰਵਾ ਰਹਿੰਦਾ ਹੈ। ਉਸ ਤੱਕ ਪਹੁੰਚ ਹੀ ਨਹੀਂ ਕਰਦੀ ਸਰਕਾਰ ਕਿਉਂਕਿ ਸਰਕਾਰ ਦੀ ਮਨਸ਼ਾ ਕਿਸਾਨ ਨੂੰ ਖੇਤੀ ਤੋਂ, ਖੇਤਾਂ ਤੋਂ ਬਾਹਰ ਕੱਢਣ ਦੀ ਹੈ ਅਤੇ ਉਹ ਖੇਤੀ ਕਾਰਪੋਰੇਟਾਂ ਦੇ ਹੱਥ ਸੌਂਪਕੇ ਕਿਸਾਨ ਨੂੰ ਮਜ਼ਦੂਰੀ ਵੱਲ ਧੱਕਣ ਦਾ ਧਾਰੀ ਬੈਠੀ ਹੈ। ਪਿਛਲੇ ਦਿਨਾਂ 'ਚ ਭਰਤ ਸਰਕਾਰ ਵਲੋਂ ਪਾਸ ਕੀਤੇ ਗਏ ਤਿੰਨ ਖੇਤੀ ਕਨੂੰਨ ਕਾਰਪੋਰੇਟਾਂ ਹੱਥ ਜ਼ਮੀਨ ਸੌਂਪਣ ਦੀ ਹੀ ਸੋਚੀ ਸਮਝੀ ਸਰਕਾਰੀ ਚਾਲ ਸੀ। ਸਰਕਾਰ ਦੇ ਆਪਣੇ ਅੰਕੜਿਆਂ ਅਨੁਸਾਰ 2004-05 ਤੋਂ 2011-12 ਤੱਕ 34 ਮਿਲੀਅਨ (3.4 ਕਰੋੜ) ਕਿਸਾਨਾਂ ਨੇ ਖੇਤੀ ਧੰਦੇ ਨੂੰ ਤਿਲਾਂਜ਼ਲੀ ਦਿੱਤੀ। ਇਹ ਖੇਤੀ-ਤਿਲਾਜ਼ਮੀ ਸਲਾਨਾ 2.04 ਪ੍ਰਤੀਸ਼ਤ ਦੀ ਦਰ ਨਾਲ ਜਾਰੀ ਹੈ। ਔਸਤਨ 2035 ਕਿਸਾਨ ਪਿਛਲੇ 20 ਸਾਲਾਂ ਤੋਂ ਖੇਤੀ ਦਾ ਧੰਦਾ ਛੱਡ ਰਹੇ ਹਨ। ਇਹ ਵੀ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ ਕਿ ਵੱਡੀ ਗਿਣਤੀ ਕਿਸਾਨ, ਖੇਤਾਂ ਤੋਂ ਵਿਰਵੇ ਹੋਕੇ ਖੇਤ ਮਜ਼ਦੂਰ ਬਨਣ ਲਈ ਮਜ਼ਬੂਰ ਹਨ।

2011 ਦੀ ਮਰਦਮਸ਼ੁਮਾਰੀ ਅਨੁਸਾਰ 95.8 ਮਿਲੀਅਨ ਲੋਕਾਂ ਦਾ ਮੁੱਖ ਕਿੱਤਾ ਖੇਤੀ ਸੀ। ਸਾਲ 2001 ਦੀ ਮਰਦਮਸ਼ੁਮਾਰੀ ਅਨੁਸਾਰ 103 ਮਿਲੀਅਨ ਅਤੇ 1991 ਦੀ ਮਰਦਮਸ਼ੁਮਾਰੀ ਅਨੁਸਾਰ ਇਹ ਗਿਣਤੀ 110 ਮਿਲੀਅਨ ਸੀ। ਇਹ ਤਾਂ ਉਹ ਲੋਕ ਹਨ ਜਿਹੜੇ ਸਿੱਧੇ ਤੌਰ 'ਤੇ ਖੇਤੀ ਨਾਲ ਜੁੜੇ ਹਨ, ਪਰ ਖੇਤੀ ਅਧਾਰਤ ਕਿੱਤਿਆਂ ਨਾਲ ਜੁੜੇ ਕਿਸਾਨ, ਖੇਤ ਮਜ਼ਦੂਰ ਆਦਿ ਨੂੰ ਇਕੱਠੇ ਗਿਣ ਲਈਏ ਤਾਂ ਇਹ ਗਿਣਤੀ 263 ਮਿਲੀਅਨ ਸਮਝੀ ਜਾਂਦੀ ਹੈ ਭਾਵ ਕੁਲ ਆਬਾਦੀ ਦਾ 22 ਫ਼ੀਸਦੀ। ਕਿਉਂਕਿ ਕਿਸਾਨਾਂ ਲਈ ਜਿਹੜੀ ਫ਼ਸਲ ਉਗਾਉਣੀ ਸੌਖੀ ਹੈ ਅਤੇ ਜਿਸ ਫ਼ਸਲ ਵਿਚੋਂ ਉਸਦਾ ਨਿਰਵਾਹ ਹੋਣ ਅਤੇ ਟੱਬਰ ਪਾਲਣ ਦੀਆਂ ਸੰਭਾਵਨਾਵਾਂ ਵੱਧ ਹੈ, ਉਹ ਉਹੀ ਫ਼ਸਲ ਉਗਾਏਗਾ। ਕਣਕ, ਚਾਵਲ, ਉੱਤਰੀ ਭਾਰਤ ਦੇ ਲੋਕਾਂ ਲਈ ਅਹਿਮ ਹੈ, ਕਿਉਂਕਿ ਇਹ ਉਹਨਾ ਦੇ ਭੋਜਨ ਦਾ ਮੁੱਖ ਹਿੱਸਾ ਹੈ। ਕਣਕ ਦੀ ਰੋਟੀ ਨਾਲ ਉਹਨਾ ਦਾ ਢਿੱਡ ਭਰਦਾ ਹੈ ਜਾਂ ਚਾਵਲ ਉਹਨਾ ਦੀ ਮੁੱਖ ਖੁਰਾਕ ਹੈ। ਤਾਂ ਫਿਰ ਉਹ ਇਸੇ ਚੱਕਰਵਿਊ 'ਚ ਰਹਿੰਦੇ ਹਨ। ਉਂਜ ਵੀ ਜਿਹਨਾਂ ਲੋਕਾਂ ਕੋਲ ਡੇਢ ਦੋ ਏਕੜ ਜ਼ਮੀਨ ਹੈ, ਉਸ ਕੋਲ ਖੇਤੀ ਸਾਧਨ ਵੀ ਘੱਟ ਹਨ, ਉਹ ਤਾਂ ਇਹਨਾ ਫ਼ਸਲਾਂ ਨੂੰ ਹੀ ਤਰਜ਼ੀਹ ਦੇਣਗੇ। ਭਾਵੇਂ ਕਿ ਇਹਨਾ ਫ਼ਸਲਾਂ ਨਾਲ ਵਾਤਾਵਰਨ ਪ੍ਰਦੂਸ਼ਣ ਵੱਧਣ ਦੀਆਂ ਗੱਲਾਂ ਹੋ ਰਹੀਆਂ ਹਨ (ਪਰਾਲੀ ਜਲਾਉਣ ਨਾਲੋਂ ਵੀ ਵੱਧ ਪ੍ਰਦੂਸ਼ਣ ਦਾ ਕਾਰਨ ਵਹੀਕਲ, ਉਦਯੋਗ ਅਤੇ ਹੋਰ ਕਾਰਨ ਵੀ ਹਨ) ਪਰ ਇਸ ਦਾ ਪ੍ਰਬੰਧਨ ਜਿਥੇ ਕਿਸਾਨ ਦੇ ਜ਼ੁੰਮੇ ਹੋ ਸਕਦਾ ਹੈ, ਕੀ ਉਥੇ ਸਰਕਾਰ ਦਾ ਵੀ ਫਰਜ਼ ਨਹੀਂ ਬਣਦਾ ? ਕਿਉਂਕਿ ਸਰਕਾਰ ਵਲੋਂ ਇਹਨਾ ਫ਼ਸਲਾਂ ਦੀ ਵੱਧ ਪੈਦਾਵਾਰ ਇਸ ਕਰਕੇ ਵੀ ਜ਼ਰੂਰੀ ਹੈ, ਕਿਉਂਕਿ ਦੇਸ਼ ਦੇ 80 ਕਰੋੜ ਗਰੀਬ ਲੋਕਾਂ ਨੂੰ ਮੁਫ਼ਤ ਕਣਕ, ਚਾਵਲ ਦੇਣ ਦੀ ਜ਼ੁੰਮੇਵਾਰੀ ਵੀ ਤਾਂ ਸਰਕਾਰ ਨੇ ਚੁੱਕੀ ਹੋਈ ਹੈ ਅਸਲ ਵਿੱਚ ਤਾਂ ਕਿਸਾਨਾਂ ਨੂੰ ਕਣਕ, ਚਾਵਲ ਪੈਦਾਵਾਰ 'ਚ ਉਲਝਾਉਣ ਦਾ ਕੰਮ ਵੀ ਤਾਂ ਸਰਕਾਰ ਨੇ ਕੀਤਾ ਹੈ। 1947 ਤੋਂ 1960 ਤੱਕ ਭਾਰਤ ਦੀ ਆਬਾਦੀ ਲਈ ਲੋੜੀਂਦਾ ਭੋਜਨ ਨਹੀਂ ਸੀ। ਸਿਰਫ਼ 417 ਗ੍ਰਾਮ ਭੋਜਨ ਇੱਕ ਵਿਅਕਤੀ ਲਈ ਇੱਕ ਦਿਨ ਵਾਸਤੇ ਉਪਲੱਬਧ ਸੀ। ਬਹੁਤੇ ਕਿਸਾਨ ਕਰਜ਼ਾਈ ਸਨ। ਇਸ ਸਥਿਤੀ 'ਚ ਡਾ: ਐਮ.ਐਸ. ਸਵਾਮੀਨਾਥਨ ਦੀ ਅਗਵਾਈ 'ਚ 60ਵਿਆਂ 'ਚ ਹਰੀ ਕ੍ਰਾਂਤੀ ਦਾ ਆਰੰਭ ਅਨਾਜ਼ ਪੈਦਾਵਾਰ ਲਈ ਆਰੰਭਿਆ ਗਿਆ। ਵੱਧ ਝਾੜ ਵਾਲੀਆਂ ਫ਼ਸਲਾਂ ਦੀ ਸ਼ੁਰੂਆਤ ਹਰੀ ਕ੍ਰਾਂਤੀ ਵੇਲੇ ਹੋਈ, ਜਿਸ 'ਚ ਚਾਵਲ, ਕਣਕ ਮੁੱਖ ਸੀ। ਖੇਤੀ ਦਾ ਰਕਬਾ ਵਧਾਇਆ ਗਿਆ। ਦੋ ਫ਼ਸਲੀ ਚੱਕਰ ਲਾਗੂ ਕੀਤਾ ਗਿਆ। ਨਵੇਂ ਬੀਜ ਈਜਾਦ ਕੀਤੇ ਗਏ, ਨਵੀਂ ਮਸ਼ੀਨਰੀ, ਖਾਦਾਂ, ਕੀਟਨਾਸ਼ਕਾਂ ਦਾ ਆਰੰਭ ਹੋਇਆ। ਅਨਾਜ ਵਧਿਆ। ਪੰਜਾਬ ਨੇ ਹਰੀ ਕ੍ਰਾਂਤੀ 'ਚ ਵੱਡੀਆਂ ਪ੍ਰਾਪਤੀਆਂ ਕੀਤੀਆਂ। ਪਰ ਪੰਜਾਬ ਨੇ ਬਹੁਤ ਕੁਝ ਗੁਆਇਆ। ਪਾਣੀ ਗੁਆਇਆ ਧਰਤੀ ਹੇਠਲਾ। ਵਾਤਾਵਰਨ ਦਾ ਪ੍ਰਦੂਸ਼ਣ ਵਧਾਇਆ। ਕੀਟਨਾਸ਼ਕਾਂ ਨੇ ਬੀਮਾਰੀਆਂ ਸਮੇਤ ਕੈਂਸਰ ਵਧਾਇਆ। ਵਾਤਾਵਰਨ ਪ੍ਰਦੂਸ਼ਣ ਹੁਣ ਫ਼ਸਲਾਂ ਨੂੰ ਪ੍ਰੇਸ਼ਾਨ ਕਰਦਾ ਹੈ। ਕਣਕ, ਝੋਨੇ ਦਾ ਫ਼ਸਲੀ ਚੱਕਰ ਬਣਿਆ ਚੱਕਰਵਿਊ ਆਉਣ ਵਾਲੇ ਸਮੇਂ ਲਈ ਵੱਡਾ ਖ਼ਤਰਾ ਬਣਿਆ ਦਿਸਦਾ ਹੈ। ਸਰਕਾਰ ਮੋਟੇ ਅਨਾਜ਼ ਦੀ ਵੱਧ ਪੈਦਾਵਾਰ ਤੇ ਜ਼ੋਰ ਦੇਣ ਲੱਗੀ ਹੈ, ਪਰ ਉਸ ਵਾਸਤੇ ਲੰਮੇ ਸਮੇਂ ਦੀ ਯੋਜਨਾ ਕਿਥੇ ਹੈ ? ਪੰਜ ਵਰ੍ਹਿਆਂ 'ਚ ਕਿਸਾਨ ਦੀ ਆਮਦਨ ਦੋਗੁਣੀ ਕਰਨ ਦਾ ਕੀ ਬਣਿਆ ? ਕੀ ਹਜ਼ਾਰ ਦੋ ਹਜ਼ਾਰ ਦੀ ਤਿਮਾਹੀ ਦਿੱਤੀ ਕਿਸ਼ਤ ਕਿਸਾਨ ਲਈ ਜੀਊਣ ਦਾ ਸਾਧਨ ਬਣਾਉਣਾ ਸਹੀ ਹੈ ? ਕੀ ਕਿਸਾਨ ਆਪ ਭੁੱਖੇ ਢਿੱਡ ਰਹਿਕੇ 80 ਕਰੋੜ ਭੁੱਖੇ ਢਿੱਡਾਂ ਦਾ ਢਿੱਡ ਭਰ ਸਕੇਗਾ ? ਨੰਗੇ ਪੈਰੀਂ, ਸੱਪਾਂ ਦੀਆਂ ਸਿਰੀਆਂ ਆਖ਼ਰ ਕਦੋਂ ਤੱਕ ਮਿੱਧੇਗਾ ਕਿਸਾਨ ? ਸਰਕਾਰ ਨੂੰ ਇਹ ਗੱਲ ਸਮਝਣੀ ਹੀ ਹੋਵੇਗੀ ਕਿ ਡੰਗ ਟਪਾਊ ਯੋਜਨਾਵਾਂ ਦੀ ਥਾਂ ਜਦ ਤੱਕ ਚਿਰ ਸਥਾਈ ਖੇਤੀ ਯੋਜਨਾਵਾਂ ਨਹੀਂ ਬਣਦੀਆਂ ਤੇ ਲਾਗੂ ਨਹੀਂ ਹੁੰਦੀਆਂ ਉਦੋਂ ਤਕ ਕਿਸਾਨ ਨੂੰ ਕਣਕ, ਚਾਵਲ, ਮੋਟੇ ਅਨਾਜ਼ ਦੇ ਚੱਕਰਵਿਊ 'ਚੋਂ ਕੋਈ ਬਾਹਰ ਨਹੀਂ ਕੱਢ ਸਕਦਾ।

# ਪੂੰਜੀਵਾਦੀ ਖਪਤਕਾਰ ਯੁੱਗ ’ਚ ਇੱਕ ਵਸਤੂ ਬਣਦਾ ਜਾ ਰਿਹੈ ਇਨਸਾਨ

## ਸਾਡੀ ਸਦੀਆਂ ਤੋਂ ਬੱਝੀ ਸੋਚ ਨੂੰ ਨਕਾਰਾ ਕਰ ਰਹੀ ਹੈ ਆਰਟੀਫ਼ਿਸ਼ਲ ਇੰਟੈਲੀਜੈਂਸ






- ਆਧੁਨਿਕਤਾ ਦੇ ਨਾਂਅ ਨਾਲ ਮਨੁੱਖ ’ਤੇ ਹਾਵੀ ਹੋ ਰਹੀ ਹੈ ਆਰਟੀਫ਼ਿਸ਼ਲ ਇੰਟੈਲੀਜੈਂਸ ਮੂਵਮੈਂਟ
- ਆਰਟੀਫ਼ਿਸ਼ਲ ਇੰਟੈਲੀਜੈਂਸ ਦੇ ਹੱਥਾਂ ਦੀ ਪੁਤਲੀ ਬਣ ਰਿਹਾ ਹੈ ਇਨਸਾਨ
- ਸਾਡੇ ਖਾਣ ਪੀਣ, ਭਾਸ਼ਾ, ਸੱਭਿਆਚਾਰ, ਵਾਤਾਵਰਣ, ਪੜ੍ਹਾਈ, ਪਹਿਰਾਵੇ, ਜ਼ਮੀਨ ਅਤੇ ਸਾਹਿਤ ਵਿੱਚ ਘੋਲਿਆ ਜਾ ਰਿਹਾ ਹੈ ਜ਼ਹਿਰ



ਭਾਗ- 1
ਅੰਮ੍ਰਿਤਸਰ ਟਾਈਮਜ਼ ਬਿਊਰੋ
7814732326

ਅੱਜ ਦੇ ਸਮੇਂ ਨੇ ਮਨੁੱਖ ਨੂੰ ਇੱਕ ਵਸਤੂ ਵਿੱਚ ਬਦਲ ਦਿੱਤਾ ਹੈ। ਨਿਰਜੀਵ ਵਸਤੂ, ਜਿਸ ਵਿਚੋਂ ਰੱਬੀ ਦਾਤ ਸੋਚਣ ਸਮਝਣ ਦੀ ਸਮਰਥਾ ਮੁੱਕਦੀ, ਸੁੱਕਦੀ ਅਤੇ ਮਰਝਾਉਂਦੀ ਨਜ਼ਰ ਆ ਰਹੀ ਹੈ। ਅਜੋਕਾ ਮਨੁੱਖ ਪਰੀਆਂ ਤੇ ਜਾਦੂਗਰਾਂ ਦੀਆਂ ਕਹਾਣੀਆਂ ਦੇ ਰਾਜ ਕੁਮਾਰ ਵਾਂਗ ਕਿਸੇ ਅਦਿੱਖ ਜਾਦੂਈ ਸ਼ਕਤੀ ਹੇਠ ਬੇਬੱਸ ਹੋ ਚੁਕਿਆ ਹੈ। ਅੱਜ ਦੇ ਯੁੱਗ ਦੇ ਜਾਦੂਗਰ ਹਨ ਕਾਰਪੋਰੇਟ ਅਤੇ ਆਰਟੀਫਿਸ਼ਲ ਇੰਟੈਲੀਜੈਂਟ ਯਾਨੀ ਏ.ਆਈ.। ਕਾਰਪੋਰੇਟ ਪੂੰਜੀਵਾਦ ਦਾ ਡਰਾਉਣਾ ਰੂਪ ਹੈ, ਜਿਸਦਾ ਲਾਲਚੀ ਪੰਜਾ ਸਾਡੀ ਜੇਬ ਵਿੱਚ ਹੈ ਤੇ ਮਿਹਨਤ ਨਾਲ ਖੂਨ ਪਸੀਨੇ ਦਾ ਕਮਾਇਆ ਪੈਸਾ ਉਸਦੀ ਮੁੱਠੀ ਵਿੱਚ ਹੈ। ਸਾਡਾ ਦਿਮਾਗ, ਸਾਡੀ ਸੋਚ, ਇਕ ਟੂਣੇ ਦੇ ਅਸਰ ਹੇਠ ਆਏ ਹੋਏ ਇਨਸਾਨ ਵਾਂਗ ਹੋ ਚੁਕੀ ਹੈ। ਵਿਗਿਆਪਨਾਂ ਦੇ ਰਾਹੀਂ ਉਹ ਹਰ ਚੀਜ਼ ਸਾਨੂੰ ਵੇਚੀ ਜਾਵੇਗੀ, ਜਿਸਦੀ ਸਾਨੂੰ ਜ਼ਰੂਰਤ ਹੀ ਨਹੀਂ। ਅਸੀਂ ਹਰ ਉਸ ਚੀਜ਼ ਨੂੰ ਬਿਨਾ ਹੈਸੀਅਤ ਖਰੀਦ ਵੀ ਰਹੇ ਹਾਂ, ਚਿਹਰੇ ਦਾ ਰੰਗ, ਚਿਹਰੇ ਦੀ ਚਮਕ, ਚਿਹਰੇ ਦੀਆਂ ਝੁਰੜੀਆਂ, ਵਾਲਾਂ ਨੂੰ ਲੰਬੇ ਤੇ ਚਮਕਦਾਰ ਬਣਾਉਣ ਦੇ ਅਣਗਿਣਤ ਸ਼ੈਂਪੂ, ਰੰਗ ਗੋਰਾ ਕਰਨ ਵਾਲੀਆਂ ਕਰੀਮਾਂ, ਖਾਣ ਪੀਣ, ਕਪੜਾ, ਫੈਸ਼ਨ ਅਤੇ ਅਨੇਕਾਂ ਵਿਦੇਸ਼ੀ ਬਰੈਂਡ ਆਦਿ ਦੀ ਲਪੇਟ ਵਿੱਚ ਅਸੀਂ ਆ ਗਏ ਹਾਂ। ‘ਵਿਗਿਆਨ ਵਰ ਜਾਂ ਸ਼ਰਾਪ’ ਬਾਰੇ ਕਿਸੇ ਸਮੇਂ ਅਸੀਂ ਲੇਖ ਲਿਖਦੇ ਹੁੰਦੇ ਸੀ ਅੱਜ ਦੇ ਸਮੇਂ ਦੇ ਵਿੱਚ ਬਹੁਤ ਸਾਰੀਆਂ ਗੱਲਾਂ ਸਹੀ ਸਾਬਿਤ ਹੋ ਰਹੀਆਂ ਹਨ।

ਆਧੁਨਿਕ ਕਹੇ ਜਾਂਦੇ ਇਸ ਯੁੱਗ ਵਿੱਚ ਹਰ ਪਾਸੇ ਪੂੰਜੀਵਾਦ ਦਾ ਬੋਲਬਾਲਾ ਹੋਣ ਕਰਕੇ ਆਮ ਇਨਸਾਨ ਇੱਕ ਵਸਤੂ ਬਣਦਾ ਜਾ ਰਿਹਾ ਹੈ। ਹੁਣ ਬੱਚੇ ਦੇ ਪੈਦਾ ਹੋਣ ਤੋਂ ਲੈ ਕੇ ਉਸਦੀ ਮੌਤ ਤਕ ਦੇ ਜੀਵਨ ਦੌਰਾਨ ਆਰਟੀਫਿਸ਼ਲ ਇੰਟੈਂਲੀਜੈਂਸ ਵੱਲੋਂ ਆਧੁਨਿਕਤਾ ਦਾ ਗਿਲਾਫ਼ ਪਾ ਕੇ ਆਮ ਇਨਸਾਨ ਨੂੰ ਉਸਦੇ ਸੱਭਿਆਚਾਰ, ਪੁਰਾਤਨ ਵਿਰਸੇ, ਵਿਰਾਸਤ ਅਤੇ ਆਪਣੀ ਜ਼ਮੀਨ, ਆਪਣੀ ਧਰਤੀ ’ਤੇ ਪੈਦਾ ਹੁੰਦੇ ਅਨਾਜ਼ ਤੋਂ ਦੂਰ ਕਰਕੇ ਕਿਸੇ ਹੋਰ ਹੀ ਦੁਨੀਆ ਦਾ ਵਸਨੀਕ ਬਣਾਇਆ ਜਾ ਰਿਹਾ ਹੈ। ਆਰਟੀਫਿਸ਼ਲ ਇੰਟੈਂਲੀਜੈਂਸ ਸਾਡੀ ਸਦੀਆਂ ਤੋਂ ਬੱਝੀ ਸੋਚ ਨੂੰ ਨਕਾਰਾ ਕਰ ਰਹੀ ਹੈ। ਇਹ ਇਨਸਾਨ ਨੂੰ ਇਨਸਾਨ ਰਹਿਣ ਨਹੀਂ ਦੇਣਾ ਚਾਹੁੰਦੀ। ਅਸਲ ਵਿੱਚ ਹੁਣ ਇਨਸਾਨ ਆਰਟੀਫ਼ਿਸ਼ਲ ਇੰਟੈਂਲੀਜੈਂਸ ਦੇ ਹੱਥਾਂ ਦੀ ਕਠਪੁਤਲੀ ਬਣ ਰਿਹਾ ਹੈ। ਆਰਟੀਫ਼ਿਸ਼ਲ ਇਟੈਂਲੀਜੈਂਸ ਇੱਕ ਮੂਵਮੈਂਟ ਹੈ, ਜੋ ਕਿ ਸਾਡੇ ’ਤੇ ਹਾਵੀ ਹੋ ਰਹੀ ਹੈ।

ਇਸ ਸਮੇਂ ਸਾਡੇ ਖਾਣ ਪੀਣ ਵਿੱਚ ਜ਼ਹਿਰ, ਟੀ ਵੀ ਚੈਨਲਾਂ ਰਾਹੀਂ ਪਰੋਸਿਆ ਜਾ ਰਿਹਾ ਜ਼ਹਿਰ, ਵਾਤਾਵਰਣ ਵਿੱਚ ਜ਼ਹਿਰ, ਬੋਲਚਾਲ ਵਿੱਚ ਜ਼ਹਿਰ, ਸਾਹਿਤ ਵਿੱਚ ਜ਼ਹਿਰ, ਗਲ ਕੀ ਸਾਡੇ ਹਰ ਪਾਸੇ ਜ਼ਹਿਰ ਭਰਿਆ ਜਾ ਰਿਹਾ ਹੈ, ਜਿਸ ਵਿੱਚ ਫਸਦੇ ਜਾ ਰਹੇ ਮਨੁੱਖ ਨੂੰ ਪਤਾ ਹੀ ਨਹੀਂ ਚਲ ਰਿਹਾ ਕਿ ਇਸ ਤਰਾਂ ਉਸ ਨੂੰ ਆਮ ਇਨਸਾਨ ਤੋਂ ਇੱਕ ਵਸਤੂ ਬਣਾਇਆ ਜਾ ਰਿਹਾ ਹੈ।

### ਟੀ. ਵੀ. ਚੈਨਲ ਅਤੇ ਸਾਹਿਤ

ਟੀ ਵੀ ਚੈਨਲਾਂ ਅਤੇ ਸਾਹਿਤ ਦੇ ਸਾਧਨਾਂ ਰਾਹੀਂ ਸਾਡੇ ਆਲੇ ਦੁਆਲੇ ਵਿੱਚ ਜੋ ਕੁਝ ਪਰੋਸਿਆ ਜਾ ਰਿਹਾ ਹੈ, ਉਹ ਵੀ ਤਾਂ ਜ਼ਹਿਰ ਹੀ ਹੈ। ਇਹਨਾਂ ਸਾਧਨਾਂ ਰਾਹੀਂ ਜੋ ਚੀਜ਼ਾਂ ਸਾਨੂੰ ਦਿਖਾਈਆਂ ਜਾਂਦੀਆਂ ਹਨ, ਅਸਲ ਵਿੱਚ ਉਹ ਨਾ ਤਾਂ ਸਾਡੇ ਘਰਾਂ ਵਿੱਚ ਹੁੰਦੀਆਂ ਹਨ ਨਾ ਸਾਡੇ ਆਢ ਗੁਆਂਢ ਵਿੱਚ ਤੇ ਨਾ ਹੀ ਸਾਡੇ ਵਰਤਾਓ ਵਿੱਚ, ਕਿਉਂਕਿ ਏਨਾ ਬੁਰਾ ਸਾਡੇ ਆਲੇ ਦੁਆਲੇ ਨਹੀਂ ਹੁੰਦਾ, ਜਿੰਨਾਂ ਬੁਰਾ ਇਹਨਾਂ ਸਾਧਨਾਂ ਰਾਹੀਂ ਸਾਡੇ ਅੱਗੇ ਪਰੋਸਿਆ ਜਾਂਦਾ ਹੈ। ਸਾਡੇ ਘਰਾਂ ਵਿੱਚ ਗਾਲ ਵੀ ਧੀ ਭੈਣ ਨੂੰ ਵੇਖ ਕੇ ਕੱਢੀ ਜਾਂਦੀ ਹੈ ਯਾਨੀ ਕਿ ਕੁਝ ਸ਼ਰਮ ਰਖੀ ਜਾਂਦੀ ਹੈ ਪਰ ਓਟੀਟੀ ਪਲੇਟਫਾਰਮ ਦੇ ਉਤੇ ਵੈਬ ਸੀਰੀਜ਼ ਵਿੱਚ ਜਿਸ ਤਰਾਂ ਮਰਦਾਂ



ਤੇ ਔਰਤਾਂ ਵੱਲੋਂ ਸ਼ਰੇਆਮ ਗਾਲਾਂ ਕਢੀਆਂ ਜਾਂਦੀਆਂ ਹਨ, ਅਜਿਹਾ ਤਾਂ ਸਾਡੇ ਸਮਾਜ ਵਿੱਚ ਹਾਲੇ ਨਹੀਂ ਹੁੰਦਾ ਪਰ ਸਾਨੂੰ ਉਹਨਾਂ ਚੀਜ਼ਾਂ ਦੀ ਆਦਤ ਪਾਈ ਜਾ ਰਹੀ ਹੈ ਅਤੇ ਸਾਨੂੰ ਤਿਆਰ ਕੀਤਾ ਜਾ ਰਿਹਾ ਹੈ ਕਿ ਅਸੀਂ ਮਾਡਰਨ ਕਿਵੇਂ ਲਗਣਾ ਹੈ। ਸਾਡੇ ਬੱਚਿਆਂ ਨੂੰ ਵੀ ਇਸ ਲਈ ਤਿਆਰ ਕੀਤਾ ਜਾ ਰਿਹਾ ਹੈ। ਉਹ ਲਫਜ਼, ਜਿਹੜੇ ਅਸੀਂ ਪਰਿਵਾਰ ਵਿੱਚ ਵਰਤਣ ਤੋਂ ਗੁਰੇਜ ਕਰਦੇ ਹਾਂ, ਉਹ ਕਾਲੇਜ, ਯੂਨੀਵਰਸਿਟੀਆਂ ਦੇ ਬੱਚਿਆਂ ਦੇ ਲਈ ਆਮ ਬਣਦੇ ਜਾ ਰਹੇ ਹਨ ਤੇ ਇਸ ਨੂੰ ਮਾਡਰਨ ਜ਼ਮਾਨੇ ਦਾ ਗਿਲਾਫ਼ ਜਾਂ ਆਧੁਨਿਕਤਾ ਕਿਹਾ ਜਾਂਦਾ ਹੈ। ਜਿੰਨੀਆਂ ਗਾਲਾਂ ਜਾਂ ਲ਼ਫਜ਼ ਜਾਂ ਗੰਦੇ ਲ਼ਫਜ ਬੱਚੇ ਬੋਲ ਰਹੇ ਹਨ, ਉਹਨਾਂ ਲਫਜ਼ਾਂ ਦਾ ਬੱਚਿਆਂ ਨੂੰ ਪਤਾ ਹੀ ਨਹੀਂ ਹੁੰਦਾ ਕਿ ਉਹ ਕਿੰਨੇ ਘਟੀਆ ਸ਼ਬਦ ਬੋਲ ਰਹੇ ਹਨ। ਇਹ ਇੱਕ ਟ੍ਰੈਂਡ ਸੈਟ ਹੋ ਗਿਆ ਹੈ। ਜੇ ਕੋਈ ਅਜਿਹਾ ਨਹੀਂ ਕਰਦਾ ਤਾਂ ਉਸ ਨੂੰ ਸਮਝਿਆ ਜਾਂਦਾ ਹੈ ਕਿ ਤੂੰ ਬਹੁਤ ਪੱਛੜ ਗਿਆ ਹੈ।



ਸਿਨੇਮਾ ਅਤੇ ਟੀ. ਵੀ. ਨੇ ਸਾਡੀ ਸਮਝ ਨੂੰ ਕੀਲ ਲਿਆ ਹੈ। ਇਹ ਚੀਜ਼ਾਂ ਕਹਿੰਦੀਆਂ ਨੇ ਕਿ ਜੋ ਅਸੀਂ ਤੁਹਾਨੂੰ ਦਸ ਰਹੇ ਹਾਂ, ਉਸ ਅਨੁਸਾਰ ਸੋਚੋ। ਇਸ ਤਰਾਂ ਸਾਡੇ ਤੋਂ ਸਾਡੀ ਸੋਚ ਨੂੰ ਵੱਖਰਾ ਕੀਤਾ ਜਾ ਰਿਹਾ ਹੈ। ਹੁਣ ਤੁਸੀਂ ਸੋਚਣਾ ਵੀ ਉਹਨਾਂ ਦੇ ਅਨੁਸਾਰ ਹੈ। ਇਹ ਵੀ ਤਾਂ ਇੱਕ ਜ਼ਹਿਰ ਹੀ ਹੈ। ਜ਼ਹਿਰ ਨਾਲ ਤਾਂ ਬੰਦਾ ਮਰ ਜਾਂਦਾ ਹੈ ਪਰ ਇਸ ਨੂੰ ਮਿੱਠਾ ਜ਼ਹਿਰ ਕਹਿੰਦੇ ਹਾਂ, ਜੋ ਕਿ ਸਾਡੇ ਦਿਲੋ ਦਿਮਾਗ ’ਚ ਘੋਲਿਆ ਜਾ ਰਿਹਾ ਹੈ।

ਕੁੱਝ ਗਲਾਂ ਖ਼ਬਰਾਂ ਰਾਹੀਂ ਸਾਡੇ ਅੰਦਰ ਜਬਰਦਸਤੀ ਪਾਈਆਂ ਜਾ ਰਹੀਆਂ ਹਨ, ਜਿਵੇਂ ਟੀ ਵੀ ਚੈਨਲਾਂ ’ਤੇ ‘ਲਿਵ ਇਨ ਰਿਲੇਸ਼ਨਸ਼ਿਪ’ ਦੀਆਂ ਖ਼ਬਰਾਂ ਨੂੰ ਉਭਾਰ ਕੇ ਦਿਖਾਇਆ ਜਾਂਦਾ ਹੈ। ਟੀ ਵੀ ਚੈਨਲਾਂ ’ਤੇ ਖਬਰਾਂ ’ਚ ਅਕਸਰ ਕਿਹਾ ਜਾਂਦਾ ਹੈ ਕਿ ‘ਲਿਵ ਇਨ ਰਿਲੇਸ਼ਨਸ਼ਿਪ ਵਿੱਚ ਰਹਿੰਦੀ ਕੁੜੀ ਨੇ ਕੀਤੀ ਖੁਦਕਸ਼ੀ’। ਇਸ ਤਰਾਂ ਵਾਰ ਵਾਰ ਇਸ ਤਰਾਂ ਦੀਆਂ ਖ਼ਬਰਾਂ ਦਿਖਾਈਆਂ ਜਾਂਦੀਆਂ ਹਨ।

ਬੇਸ਼ੱਕ ਮੁੰਡੇ ਕੁੜੀਆਂ ਦੇ ਵਿੱਚ ਕੋਈ ਫਰਕ ਨਹੀਂ ਹੈ, ਪਰ ਕੁੜੀਆਂ ਲਈ ਮਰਿਆਦਾ ਦਾ ਪਾਲਣ ਜਰੂਰੀ ਹੁੰਦਾ ਹੈ। ਅਕਸਰ ਕੁੜੀਆਂ ਕਹਿੰਦੀਆਂ ਹਨ ਕਿ ਉਹਨਾਂ ਨੇ ਮੁੰਡਿਆਂ ਵਾਂਗ ਸ਼ਾਰਟ ਕਪੜੇ ਪਾਉਨੇ ਨੇ, ਤਾਂ ਇਹ ਆਜ਼ਾਦੀ ਨਹੀਂ ਹੁੰਦੀ, ਅਸੀਂ ਇਹ ਨਹੀਂ ਕਹਿੰਦੇ ਕਿ ਪਹਿਲਾਂ ਵਾਂਗ ਕੁੜੀਆਂ ’ਚ ਪਰਦਾ ਪ੍ਰਥਾ ਸ਼ੁਰੂ ਕੀਤੀ ਜਾਵੇ ਪਰ ਫਿਰ ਵੀ ਆਜ਼ਾਦ ਹੋਣ ਦਾ ਮਤਲਬ ਇਹ ਨਹੀਂ ਕਿ ਤੁਸੀਂ ਕਪੜੇ ਨਾ ਪਾਓ। ਆਜ਼ਾਦੀ ਦਾ ਮਤਲਬ ਹੀ ਕੁਝ ਹੋਰ ਹੁੰਦਾ ਹੈ ਪਰ ਸਾਡੀਆਂ ਐਡਾਂ, ਸਾਡੀਆਂ ਫ਼ਿਲਮਾਂ ਸਾਨੂੰ ਅਜਿਹਾ ਪਹਿਰਾਵਾ ਪਾਉਣ ਲਈ ਸਾਨੂੰ ਮਾਨਸਿਕ ਤੌਰ ’ਤੇ ਤਿਆਰ ਕਰ ਰਹੀਆਂ ਹਨ।

ਜਦੋਂ ਘਰਾਂ ਵਿੱਚ ਦਾਰੂ ਪੀਤੀ ਜਾਂਦੀ ਸੀ ਤਾਂ ਉਹ ਵੀ ਪਰਦੇ ਦੇ ਵਿੱਚ, ਸਿਗਰਟ ਪੀਤੀ ਜਾਂਦੀ ਸੀ ਤਾਂ ਉਹ ਵੀ ਬਾਹਰ ਜਾ ਕੇ ਓਹਲੇ ਹੋ ਕੇ ਪੀਤੀ ਜਾਂਦੀ ਸੀ। ਵਰਲਡ ਲੈਵਲ ’ਤੇ ਸਰਕਾਰਾਂ ਨੇ ਲੋਕਾਂ ਨੂੰ ਜਾਗਰੂਕ ਕੀਤਾ ਅਤੇ ਇਸਦੇ ਨੁਕਸਾਨ ਦਸੇ, ਇਸ਼ਤਿਹਾਰ ਦਿਤੇ ਗਏ, ਜਿਸ ਨਾਲ ਤੰਬਾਕੂਨੋਸ਼ੀ ਤੇ ਕੰਟਰੋਲ ਹੋਣਾ ਸ਼ੁਰੂ ਹੋ ਗਿਆ ਪਰ ਓਟੀਟੀ ਪਲੇਟਫਾਰਮ ਤੇ ਸ਼ਰੇਆਮ ਸਮੇਤ ਔਰਤਾਂ ਤੁਹਾਨੂੰ ਦਾਰੂ ਪੀਂਦੇ ਦਿਖਾਏ ਜਾਣਗੇ, ਸ਼ਰੇਆਮ ਮਰਦ ਔਰਤਾਂ ਘਰਾਂ ਵਿਚ ਗਾਲਾਂ ਕੱਢਦੇ ਦਿਖਾਏ ਜਾਣਗੇ, ਕਦੇ ਸਮਾਂ ਇਹ ਹੁੰਦਾ ਸੀ ਤਾਂ ਉਸ ਸਮੇਂ ਜੇ ਕੋਈ ਗਾਲ ਗੇਟ ਤੋਂ ਬਾਹਰ ਕਢਦਾ ਸੀ ਤਾਂ ਅੰਦਰੋਂ ਡਾਂਗ ਚੁੱਕ ਲਈ ਜਾਂਦੀ ਸੀ। ਹੁਣ ਗੈਰਜ਼ਰੂਰੀ ਚੀਜ਼ਾਂ ਕਾਰਪੋਰੇਟ ਸਾਡੇ ਸਾਹਮਣੇ ਪੇਸ਼ ਕਰ ਰਿਹਾ ਹੈ।

**ਖਾਣ ਪੀਣ** : ਖਾਣ ਪੀਣ ਦੇ ਵਿੱਚ ਵੀ ਸਾਡੀ ਖੁਦ ਦੀ ਇੱਛਾ ਨਹੀਂ ਰਹੀ ਹੁਣ ਆਰਟੀਫਿਸ਼ਲ ਇੰਟੈਂਲੀਜੈਂਸ ਵੱਲੋਂ ਸਾਨੂੰ ਦਸਿਆ ਜਾਂਦਾ ਹੈ ਕਿ ਅਸੀਂ ਕੀ ਖਾਣਾ ਹੈ ਤੇ ਕੀ ਛੱਡਣਾ। ਕੀ ਸਾਡੇ ਲਈ ਜ਼ਹਿਰ ਹੈ ਤੇ ਕੀ ਸਾਡੇ ਲਈ ਫਾਇਦੇਮੰਦ ਹੈ। ਸਾਡੇ ਬਜ਼ੁਰਗ ਕਹਿੰਦੇ ਸਨ ਕਿ ਅਸੀਂ ਜਿਸ ਧਰਤੀ ’ਤੇ ਰਹਿੰਦੇ ਹਾਂ, ਉਸ ’ਤੇ ਉਗੀ ਹੋਈ ਹਰ ਚੀਜ਼ ਸਾਡੇ ਲਈ ਫਾਇਦੇਮੰਦ ਹੈ ਪਰ ਹੁਣ ਅਸੀਂ ਫਰੋਜ਼ਨ ਚੀਜ਼ਾਂ ’ਤੇ ਆ ਗਏ ਹਾਂ। ਹੁਣ ਸਾਡੇ ਡਾਈਟ ਪਲਾਨ ਬਣਾਏ ਜਾ ਰਹੇ ਹਨ ਅਤੇ ਕਦੇ ਓਟਸ, ਕਦੇ ਸੁਪਰ ਫੂਡਸ, ਕਦੇ ਹੋਰ ਕੁਝ ਖਾਣ ਨੂੰ ਕਿਹਾ ਜਾ ਰਿਹਾ ਹੈ। ਇਸ ਤਰਾਂ ਸਾਡੀ ਧਰਤੀ ’ਤੇ ਉਗੀਆਂ ਪੌਸ਼ਟਿਕ ਚੀਜ਼ਾਂ ਤੋਂ ਸਾਨੂੰ ਦੂਰ ਕੀਤਾ ਜਾ ਰਿਹਾ ਹੈ। ਸੁਪਰ ਫੂਡਸ ਸਾਡੇ ਘਰਾਂ ਵਿੱਚ ਜਗ੍ਹਾ ਬਣਾ ਰਹੇ ਹਨ। ਅਲਸੀ, ਸੂਰਜਮੁਖੀ ਦੇ ਬੀਜ, ਖਰਬੂਜੇ ਦੇ ਬੀਜ, ਕੱਦੂ ਦੇ ਬੀਜ, ਚੀਆ ਸੀਡ ਆਦਿ ਇਹ ਸਾਡੀਆਂ ਚੀਜਾਂ ਹਨ ਪਰ ਹੁਣ ਇਹ ਸਾਨੂੰ ਪੈਕਿਟਾਂ ਵਿੱਚ ਬੰਦ ਕਰਕੇ ਸੁਪਰ ਫੂਡ ਦੇ ਨਾਮ ’ਤੇ ਵੇਚੀਆਂ ਜਾਂਦੀਆਂ ਹਨ ਤਾਂ ਅਸੀਂ ਤਾਂ ਮਾਡਰਨ ਕਹਾਉਣਾ ਹੈ ਤਾਂ ਅਸੀਂ ਸੁਪਰ ਫੂਡ ਖਰੀਦ ਰਹੇ ਹਾਂ, ਇਸ ਤਰਾਂ ਉਹਨਾਂ ਨੇ ਸਾਡੀ ਡਾਈਟ ’ਤੇ ਕਾਬੂ ਕਰ ਲਿਆ ਹੈ।

ਮਿੱਠੇ ਨੂੰ ਜ਼ਹਿਰ ਕਿਹਾ ਜਾ ਰਿਹਾ ਹੈ ਤੇ ਬੱਚਿਆਂ ਨੂੰ ਮਿੱਠੇ ਤੋਂ ਦੂਰ ਰਖਿਆ ਜਾਂਦਾ ਹੈ। ਭਲੇ ਮਾਣਸੋ! ਸਾਡੀ ਤਾਂ ਅਸੀਸ ਵੀ ਮਿੱਠੇ ਦੀ ਹੈ ਜਿਵੇਂ ‘ਤੇਰੇ ਮੂੰਹ ਵਿੱਚ ਘਿਓ ਸ਼ੱਕਰ’

(ਚਲਦਾ)






# ਮਨੁੱਖ ਦਾ ਅਸਲੀ ਅਧਿਆਪਕ ਕਿਤਾਬਾਂ

## ਗਿਆਨ ਦਾ ਸੋਮਾ ਹੁੰਦੀਆਂ ਨੇ ਕਿਤਾਬਾਂ








ਹਰ ਬੱਚੇ ਦਾ ਮਨ ਕੋਰੀ ਸਲੇਟ ਹੁੰਦਾ ਹੈ। ਇਸ ਮਨ ਰੂਪੀ ਸਲੇਟ ਉੱਪਰ ਬੱਚੇ ਦੇ ਮਾਪੇ ਅਤੇ ਅਧਿਆਪਕ ਵੱਲੋਂ ਜੋ ਇਬਾਰਤ ਬਚਪਣ ਵਿੱਚ ਹੀ ਲਿਖ ਦਿੱਤੀ ਜਾਂਦੀ ਹੈ। ਉਸ ਦੀ ਛਾਪ ਸਾਰੀ ਉਮਰ ਹੀ ਉਸਦੇ ਮਨ ਉੱਪਰ ਰਹਿੰਦੀ ਹੈ। ਇਹੀ ਕਾਰਨ ਹੈ ਕਿ ਮਾਪਿਆਂ ਖਾਸ ਕਰਕੇ ਮਾਂ ਨੂੰ ਬੱਚਿਆਂ ਦਾ ਪਹਿਲਾ ਅਧਿਆਪਕ, ਅਧਿਆਪਕਾਂ ਨੂੰ ਬੱਚਿਆਂ ਦਾ ਗੁਰੂ ਕਿਹਾ ਜਾਂਦਾ ਹੈ। ਅਸਲੀ ਅਧਿਆਪਕ ਉਹ ਹੀ ਹੁੰਦਾ ਜੋ ਆਪਣੇ ਵਿਦਿਆਰਥੀਆਂ ਨੂੰ ਜ਼ਿੰਦਗੀ 'ਚ ਤਰੱਕੀ ਕਰਨ ਦਾ ਰਾਹ ਦਿਖਾਵੇ ਅਤੇ ਰਾਹ ਦਸੇਰਾ ਬਣਨ ਦੇ ਨਾਲ-ਨਾਲ ਚਾਨਣ ਮੁਨਾਰਾ ਵੀ ਬਣੇ। ਜੇ ਮੈਂ ਆਪਣੇ ਅਧਿਆਪਕਾਂ ਦੀ ਗੱਲ ਕਰਾਂ ਤਾਂ ਮੈਨੂੰ ਇਹ ਕਹਿਣ ਵਿੱਚ ਕੋਈ ਸੰਕੋਚ ਨਹੀਂ ਸਗੋਂ ਇਸ ਗੱਲ ਦਾ ਮਾਣ ਵੀ ਹੈ ਕਿ ਮੇਰਾ ਅਸਲੀ ਅਧਿਆਪਕ ਕੋਈ ਆਮ ਇਨਸਾਨ ਨਹੀਂ ਸਗੋਂ ਜਗਤ ਪ੍ਰਸਿੱਧ ਕਿਤਾਬਾਂ ਹੀ ਹਨ।

ਨਿੱਕੇ ਬਾਲ ਵੀ ਵੱਡੇ ਸੁਪਨੇ ਲੈ ਸਕਦੇ ਹਨ (ਪੰਘੂੜੇ ਉੱਪਰ ਉਕਰੇ ਸ਼ਬਦ)। ਇਹ ਸਤਰਾਂ ਮੈਂ ਰਸੂਲ ਹਮਜ਼ਾਤੋਵ ਦੀ ਕਿਤਾਬ ਮੇਰਾ ਦਾਗਿਸਤਾਨ ਦੇ ਪੰਨਾ ਨੰਬਰ 18 ਉੱਪਰ ਛਪੀਆਂ ਹੋਈਆਂ ਜਦੋਂ ਪੜ੍ਹੀਆਂ ਸਨ ਤਾਂ ਉਦੋਂ ਮੈਂ ਅਜੇ 5ਵੀਂ ਕਲਾਸ ਵਿੱਚ ਹੀ ਪੜ੍ਹਦਾ ਸੀ। ਨਿੱਕੀ ਜਿਹੀ ਅੰਞਾਣੀ ਉਮਰ ਵਿੱਚ ਹੀ ਜਗਤ ਪ੍ਰਸਿੱਧ ਕਿਤਾਬਾਂ ਨਾਲ ਅਜਿਹਾ ਮੋਹ ਪਿਆ ਕਿ ਮੈਂ ਵੀ ਆਪਣੀ ਨਿੱਕੀ ਉਮਰੇ ਹੀ ਵੱਡੇ ਸੁਪਨੇ ਲੈਣੇ ਸ਼ੁਰੂ ਕਰ ਦਿੱਤੇ ਸਨ।




ਅਸਲ ਵਿੱਚ ਵੱਖ-ਵੱਖ ਕਿਤਾਬਾਂ ਨੇ ਜ਼ਿੰਦਗੀ ਦੇ ਅਹਿਮ ਮੋੜਾਂ ਉਪਰ ਵੀ ਹਮੇਸ਼ਾ ਹੀ ਮੇਰਾ ਸਾਥ ਦਿੱਤਾ ਹੈ ਅਤੇ ਜ਼ਿੰਦਗੀ ਦੇ ਹਰ ਪੱਖ ਦੀ ਜਾਣਕਾਰੀ ਵੀ ਮੈਨੂੰ ਕਿਤਾਬਾਂ ਵਿੱਚੋਂ ਹੀ ਮਿਲੀ। ਅਸਲ ਵਿੱਚ ਬਰਨਾਲੇ ਦੇ ਜਿਸ ਸਕੂਲ ਵਿੱਚ ਮੈਂ ਮੁੱਢਲੀ ਵਿਦਿਆ ਪ੍ਰਾਪਤ ਕੀਤੀ, ਉਸ ਸਕੂਲ ਦੇ ਸਾਰੇ ਹੀ ਅਧਿਆਪਕ ਹੀ 10ਵੀਂ ਜਾਂ 10ਵੀ ਤੋਂ ਬਾਅਦ ਜੇ.ਬੀ.ਟੀ. ਜਾਂ ਗਿਆਨੀ ਹੀ ਪਾਸ ਸਨ, ਜੋ ਕਿ ਸਿਰਫ਼ ਸਿਲੇਬਸ ਦੀਆਂ ਕਿਤਾਬਾਂ ਹੀ ਪੜ੍ਹਾਉਂਦੇ ਸਨ। ਹਾਂ! ਇਕ ਦੋ ਅਧਿਆਪਕ ਲੇਖਕ ਵੀ ਸਨ, ਪਰ ਉਹਨਾਂ 'ਚ ਆਕੜ ਹੀ ਬਹੁਤ ਸੀ ਤੇ ਉਹ ਸਮਝਦੇ ਸਨ ਕਿ ਸ਼ਾਇਦ ਦੁਨੀਆਂ ਵਿੱਚ ਹੋਰ ਕੋਈ ਅਧਿਆਪਕ ਜਾਂ ਲੇਖਕ ਉਹਨਾਂ ਬਿਨਾਂ ਨਹੀਂ ਹੋਣਾ , ਪਰ ਮੇਰੇ ਗਿਆਨ ਵਿੱਚ ਅਹਿਮ ਵਾਧਾ ਵੱਖ-ਵੱਖ ਤਰ੍ਹਾਂ ਦੀਆਂ ਚੰਗੀਆਂ ਕਿਤਾਬਾਂ ਨੇ ਹੀ ਕੀਤਾ। ਪਤੰਗ ਚੜ੍ਹਾਉਣ ਤੇ ਬੰਟੇ ਖੇਡਣ ਦੀ ਉਮਰੇ ਹੱਥ ਵਿੱਚ ਕਿਤਾਬ ਫੜ ਲੈਣ ਕਰਕੇ ਕਿਤਾਬੀ ਕੀੜਾ ਤਾਂ ਮੈਂ ਬਣ ਗਿਆ ਪਰ ਉਸ ਸਮੇਂ ਪੰਜਾਬ ਦੇ ਹਾਲਾਤ ਖਰਾਬ ਹੋਣ ਕਰਕੇ ਹਰ ਪਾਸੇ ਗੋਲੀਆਂ ਦੀ ਠਾਹ-ਠਾਹ ਵੀ ਸੁਣਦੀ ਸੀ, ਜਿਸ ਕਰਕੇ ਦਹਿਸ਼ਤ ਕਾਰਨ ਲੋਕ ਆਪਣੇ ਬੱਚਿਆਂ ਨੂੰ ਘਰਾਂ ਵਿੱਚੋਂ ਬਾਹਰ ਨਹੀਂ ਸੀ ਨਿਕਲਣ ਦਿੰਦੇ। ਇਸ ਕਰਕੇ ਘਰ ਦੀ ਚਾਰ ਦੀਵਾਰੀ ਵਿੱਚ ਕੈਦ ਬੱਚੇ ਕਿਤਾਬਾਂ ਪੜ੍ਹਣ ਜੋਗੇ ਹੀ ਤਾਂ ਰਹਿ ਗਏ ਸਨ। ਬਚਪਣ ਵਿੱਚ ਹੀ ਮੈਂ ਰਸੂਲ ਹਮਜਾਤੋਵ ਦੀ 'ਮੇਰਾ ਦਾਗਿਸਤਾਨ' ਕਿਤਾਬ ਪੜ੍ਹਣ ਤੋਂ ਇਲਾਵਾ 'ਜਾਨ ਗੀਡ' ਦੀ ਕਿਤਾਬ 'ਦਸ ਦਿਨ- ਜਿਨ੍ਹਾਂ ਦੁਨੀਆਂ ਹਿਲਾ ਦਿੱਤੀ', ਮੈਕਸਿਮ ਗੋਰਕੀ ਦੀ 'ਮਾਂ', ਲਿਓ ਤਾਲਸਤਾਏ ਦੀ 'ਕਹਾਣੀਆਂ ਤੇ ਛੋਟੇ ਨਾਵਲ ' ਤੋਂ ਇਲਾਵਾ ਮਾਰਕਸ- ਫੈਡਰਿਕ ਐਂਜਲਿਸ ਦੀਆਂ ਕਿਤਾਬਾਂ, ਦਾਸ ਕੈਪੀਟਲ, ਟੂ ਹਿਸਟੋਰਿਕ ਟ੍ਰੈਲਜ਼ ਇਨ ਰੇਡ ਫੋਰਟ, ਸਿਡਨੀ ਸ਼ੀਲਡਨ, ਨੋ ਮੋਰ ਕਾਮਰੇਡਜ਼ ਅਤੇ ਹੋਰ ਅਹਿਮ ਕਿਤਾਬਾਂ ਪੜ੍ਹੀਆਂ, ਜਿਨ੍ਹਾਂ ਕਰਕੇ ਮੇਰੇ ਗਿਆਨ ਵਿੱਚ ਬਹੁਤ ਵਾਧਾ ਹੋਇਆ। ਲਿਓ ਟਾਲਸਟਾਏ ਦੀ ਲਿਖੀ 'ਇੱਕ ਘੋੜੇ ਦੀ ਕਹਾਣੀ' ਅਤੇ ਈਵਾਨ ਇਲੀਚ ਦੀ ਮੌਤ ਨੇ ਮੈਨੂੰ ਬਹੁਤ ਪ੍ਰਭਾਵਿਤ ਕੀਤਾ। ਇਸੇ ਤਰ੍ਹਾਂ ਲਿਓ ਟਾਲਸਟਾਏ 'ਕਰੂਤਜ਼ੇਰ ਸਾਨੇਟਾ' ਦੀ ਸ਼ੁਰੂਆਤ ਵਿੱਚ ਹੀ ਲਿਖਦਾ ਹੈ ਕਿ "... ਪਰ ਮੈਂ ਤੁਹਾਨੂੰ ਕਹਿੰਦਾ ਹਾਂ ਕਿ ਜਿਹੜਾ ਵੀ ਕੋਈ ਔਰਤ ਵੱਲ ਹਵਸ ਨਾਲ ਵੇਖਦਾ ਹੈ, ਉਹ ਪਹਿਲਾਂ ਹੀ ਆਪਣੇ ਦਿਲ ਵਿੱਚ ਹੀ ਉਸ ਨਾਲ ਵਿਭਚਾਰ ਕਰ ਚੁੱਕਾ ਹੁੰਦਾ ਹੈ।" ਮਤੀ, 5, 28 ਇਸ ਤੋਂ ਇਲਾਵਾ ਜਦੋਂ ਮੈਂ ਜਾਨ ਰੀਡ ਦੀ ਕਿਤਾਬ 'ਦਸ ਦਿਨ ਜਿਨ੍ਹਾਂ ਦੁਨੀਆਂ ਹਿਲਾ ਦਿੱਤੀ' ਪੜ੍ਹੀ ਤਾਂ ਮੈਨੂੰ ਉਨ੍ਹਾਂ ਚੀਜ਼ਾਂ ਬਾਰੇ ਵੀ ਪਤਾ ਲੱਗਿਆ ਜੋ ਕਿ ਮੇਰੇ ਸਕੂਲ ਦੇ ਅਧਿਆਪਕਾਂ ਨੇ ਮੈਨੂੰ ਕਦੇ ਨਹੀਂ ਸੀ ਦੱਸੀਆਂ। ਇਸ ਤਰਾਂ ਮੇਰੇ ਅਸਲੀ ਅਧਿਆਪਕ ਮੇਰੇ ਵਲੋਂ ਪੜੀਆਂ ਕਿਤਾਬਾਂ ਹੀ ਤਾਂ ਬਣ ਗਈਆਂ।

ਇਸੇ ਤਰ੍ਹਾਂ ਮੈਨੂੰ 6ਵੀਂ ਕਲਾਸ ਦੇ ਪੇਪਰ ਦੇਣ ਤੋਂ ਬਾਅਦ ਜਦੋਂ ਛੁੱਟੀਆਂ ਹੋਈਆਂ ਤਾਂ ਮੈਂ ਮੈਕਸਿਮ ਗੋਰਕੀ ਦੀ ਕਿਤਾਬ 'ਮਾਂ' ਦੂਜੀ ਵਾਰ ਪੜ੍ਹੀ, ਇਸ ਤੋਂ ਇਲਾਵਾ ਹੋਰ ਵੀ ਅਨੇਕਾ ਕਿਤਾਬਾਂ ਮੈਂ ਅਜਿਹੀਆਂ ਪੜ੍ਹੀਆਂ, ਜਿਨ੍ਹਾਂ ਨੇ ਮੇਰੀ ਜ਼ਿੰਦਗੀ ਬਦਲ ਦਿੱਤੀ ਅਤੇ ਸਚਮੁੱਚ ਇੱਕ ਅਧਿਆਪਕ ਵਾਂਗ ਮੈਨੂੰ ਗਿਆਨ ਦਾ ਅਣਮੁੱਲ ਭੰਡਾਰ ਦਿੱਤਾ, ਜਿਸ ਨੂੰ ਕੋਈ ਖੋਹ ਨਹੀਂ ਸਕਦਾ। ਹਰ ਬੋਲੀ ਵਿੱਚ ਅਜਿਹੀਆਂ ਕਿਤਾਬਾਂ ਹੁੰਦੀਆਂ ਹਨ, ਜਿਹੜੀਆਂ ਉਸ ਬੋਲੀ ਦੇ ਸਾਹਿਤ ਵਿੱਚ ਮੀਲ ਪੱਥਰ ਸਾਬਤ ਹੁੰਦੀਆਂ ਹਨ। ਰੂਸੀਆਂ ਲਈ ਅਜਿਹੀ ਕਿਤਾਬ ਮੈਕਸਿਮ ਗੋਰਕੀ ਦੀ ਮਾਂ ਹੈ ਜੋ ਕਿ ਪਹਿਲੀ ਵਾਰ ਰੂਸ ਵਿੱਚ 1907 ਵਿੱਚ ਛਪੀ ਇਸ ਕਿਤਾਬ ਦੀ ਪਹਿਲੀਆਂ ਲਾਈਨਾਂ/ ਪਹਿਰਾ ਤੋਂ ਪੂਰੀ ਕਿਤਾਬ ਦਾ ਹੀ ਨਿਚੋੜ ਪਤਾ ਚੱਲ ਜਾਂਦਾ ਹੈ। ਇਹ ਸਤਰਾਂ ਹਨ-

"ਹਰ ਰੋਜ਼ ਕਾਰਖਾਨੇ ਦੀ ਦੀ ਸੀਟੀ ਕਿਰਤੀਆਂ ਦੀ ਬਸਤੀ ਦੀ ਧੁਆਂਖੀ, ਥਿੰਧੀ ਹਵਾ ਵਿੱਚ ਕੰਬਦੀ ਹੋਈ ਚੀਕਦੀ ਅਤੇ ਇਹਦੇ ਬੁਲਾਵੇ ਦੀ ਤਾਬਿਆ ਗੁਸੈਲੇ ਲੋਕ, ਜਿਨ੍ਹਾਂ ਦੇ ਅੰਗਾਂ ਨੂੰ ਅਜੇ ਨੀਂਦ ਨੇ ਨਰੋਆ ਨਹੀਂ ਸੀ ਕੀਤਾ, ਆਪਣੇ ਨਿੱਕੇ ਭੂਰੇ ਮਕਾਨਾਂ ਵਿੱਚੋਂ ਡਰੇ ਹੋਏ ਕਾਕਰੋਚਾਂ ਵਾਂਗ ਰਿੜ੍ਹਦੇ ਹੋਏ ਬਾਹਰ ਆਉਂਦੇ। ਉਹ ਠੰਢੇ ਹਨੇਰੇ ਵਿੱਚ, ਕੱਚੀ ਸੜਕ ਉੱਤੇ ਕਾਰਖਾਨੇ ਦੀਆਂ ਉੱਚੀਆਂ, ਪੱਥਲੀਆਂ ਕੋਠੜੀਆਂ ਵੱਲ ਟੁਰ ਪੈਂਦੇ, ਜਿਹੜੀਆਂ ਸੀਤ ਪ੍ਰਸੰਨਤਾ ਨਾਲ ਉਹਨਾਂ ਦੀ ਉਡੀਕ ਕਰ ਹੁੰਦੀਆਂ।"




ਇਸੇ ਤਰ੍ਹਾਂ ਰਸੂਲ ਹਮਜ਼ਾਤੋਵ ਦੀ ਕਿਤਾਬ ਮੇਰਾ ਦਾਗਸਤਾਨ ਦੇ ਪੰਨਾ ਨੰਬਰ 94 ਉੱਪਰ ਲਿਖੇ ਸ਼ਬਦ 'ਦਰਵਾਜ਼ਾ ਭੰਨੋ ਨਾ- ਕੁੰਜੀ ਨਾਲ ਇਹ ਸਹਿਜੇ ਹੀ ਖੁਲ੍ਹ ਜਾਇਗਾ (ਦਰਵਾਜ਼ੇ ਉੱਤੇ ਉੱਕਰੇ ਸ਼ਬਦ) ਬਹੁਤ ਵਧੀਆ ਲੱਗਦੇ ਸਨ। ਇਸ ਕਿਤਾਬ ਨੂੰ ਪੜ੍ਹ ਕੇ ਹੀ ਮੇਰਾ ਆਪਣੀ ਮਾਂ ਬੋਲੀ ਪੰਜਾਬੀ ਨਾਲ ਵੀ ਬਹੁਤ ਮੋਹ ਪੈ ਗਿਆ। ਇਸ ਤੋਂ ਇਲਾਵਾ ਹੋਰ ਵੀ ਅਜਿਹੀਆਂ ਕਿਤਾਬਾਂ ਮੈਂ ਹੁਣ ਤੱਕ ਦੀ ਉਮਰ ਤੱਕ ਪੜ੍ਹੀਆਂ ਸਨ। ਜਿਨ੍ਹਾਂ ਨੇ ਹਮੇਸ਼ਾ ਹੀ ਮੇਰਾ ਦੋਸਤਾਂ ਵਾਂਗ ਸਾਥ ਤਾਂ ਨਿਭਾਇਆ ਹੀ ਹੈ ਸਗੋਂ ਇੱਕ ਚੰਗੇ ਅਧਿਆਪਕ ਵਾਂਗ ਜ਼ਿੰਦਗੀ ਦੀ ਹਰ ਚੰਗੀ ਅਤੇ ਕੌੜੀ ਸੱਚਾਈ ਬਾਰੇ ਵੀ ਜਾਣਕਾਰੀ ਦਿੱਤੀ। ਇਸੇ ਤਰ੍ਹਾਂ 1950 ਵਿੱਚ ਫੋਰਨ ਲੈਂਗੁਏਜ਼ ਪਬਲੀਸ਼ਿੰਗ ਹਾਊਸ ਮਾਸਕੋ ਵੱਲੋਂ ਛਾਪੀ ਗਈ ਕਾਰਲ ਮਾਰਕਸ ਅਤੇ ਫੈਡਰਿਕ ਐਂਜਲਸ ਬਾਰੇ ਕਿਤਾਬ ਨੇ ਵੱਡਮੁਲੀ ਜਾਣਕਾਰੀ ਦਿੱਤੀ। ਮਾਰਕਸਵਾਦ ਪੜ੍ਹਣ ਤੋਂ ਬਾਅਦ ਹੀ ਮੈਨੂੰ ਬਚਪਣ ਵਿੱਚ ਹੀ ਪਤਾ ਲੱਗ ਗਿਆ ਸੀ ਕਿ ਕਿਸ ਤਰ੍ਹਾਂ ਪੂੰਜੀਪਤੀ ਕਿਰਤੀ ਵਰਗ ਦਾ ਸ਼ੋਸ਼ਣ ਕਰਦੇ ਹਨ।




ਜੇ ਹੁਣ ਮੈਂ ਆਪਣੇ ਪੰਜਾਬੀ ਅਧਿਆਪਕਾਂ ਭਾਵ ਪੰਜਾਬੀ ਕਿਤਾਬਾਂ ਬਾਰੇ ਗੱਲ ਕਰਾਂ ਤਾਂ ਪੰਜਾਬੀ ਵਿੱਚ ਸਭ ਤੋਂ ਚੰਗਾ ਮੇਰਾ ਕਿਤਾਬ ਰੂਪੀ ਅਧਿਆਪਕ ਗਿਆਨੀ ਗੁਰਦਿਤ ਸਿੰਘ ਦੀ ਕਿਤਾਬ 'ਮੇਰਾ ਪਿੰਡ' ਸੀ ਅਤੇ ਨਾਵਲਕਾਰ ਇੰਦਰ ਸਿੰਘ ਖਾਮੋਸ਼ ਦਾ ਨਾਵਲ 'ਰਿਸ਼ਤਿਆਂ ਦੇ ਰੰਗ ' ਵੀ ਘਰੇਲੂ ਹਾਲਾਤਾਂ ਨੂੰ ਬਿਆਨ ਕਰਦਾ ਹੈ। ਬਰਨਾਲਾ ਵਰਗੇ ਸ਼ਹਿਰ ਵਿੱਚ ਮੇਰਾ ਬਚਪਣ ਬੀਤਿਆ ਹੋਣ ਕਰਕੇ ਮੇਰਾ ਵਾਹ ਹੀ ਲੇਖਕਾਂ ਨਾਲ ਪਿਆ , ਕੋਈ ਲੇਖਕ ਮੈਨੂੰ ਟਿਊਸ਼ਨ ਪੜ੍ਹਾਉਂਦਾ ਸੀ ਤੇ ਕਈ ਲੇਖਕ ਕਾਲਜ ਤੇ ਯੂਨੀਵਰਸਿਟੀ ਦੀ ਪੜ੍ਹਾਈ ਦੌਰਾਨ ਮੇਰੇ ਅਧਿਆਪਕ ਰਹੇ। ਪ੍ਰਸਿੱਧ ਲੇਖਕ ਰਾਮ ਸਰੂਪ ਅਣਖੀ, ਬਸੰਤ ਕੁਮਾਰ ਰਤਨ, ਪ੍ਰੀਤਮ ਸਿੰਘ ਰਾਹੀ ਦਾ ਮੈਂ ਵਿਦਿਆਰਥੀ ਰਿਹਾ ਹਾਂ। ਓਮ ਪ੍ਰਕਾਸ਼ ਗਾਸੋ ਤੋਂ ਇਲਾਵਾ ਬਰਨਾਲੇ ਰਹਿੰਦੇ ਵੱਡੀ ਗਿਣਤੀ ਲੇਖਕਾਂ ਨੂੰ ਮੈਂ ਬਚਪਣ ਵਿੱਚ ਹਰ ਦਿਨ ਵਾਂਗ ਹੀ ਮਿਲਦਾ ਸੀ ਜਾਂ ਵੇਖਦਾ ਸੀ। ਇਸੇ ਤਰਾਂ ਗੁਰਦਿਆਲ ਸਿੰਘ ਦਾ ਮੜ੍ਹੀ ਦਾ ਦੀਵਾ, ਦਲੀਪ ਕੌਰ ਟੀਵਾਣਾ ਦਾ ਨਾਵਲ ਵਾਟ ਹਮਾਰੀ, ਨਾਨਕ ਸਿੰਘ ਦੇ ਨਾਵਲ ਚਿੱਟਾ ਲਹੂ, ਪਵਿੱਤਰ ਪਾਪੀ, ਕਟੀ ਪਤੰਗ, ਅਮੀਰ ਦੀ ਦੁਨੀਆਂ, ਪਿਆਰ ਦੀ ਦੁਨੀਆਂ, ਗਗਨ ਦਮਾਮਾ ਵਾਜਿਆ ਪਤਾ ਨਹੀਂ ਕਿਨੇ ਕੁ ਵਾਰੀ ਮੈਂ ਪੜ੍ਹੇ ਨੇ। ਇਸ ਤੋਂ ਇਲਾਵਾ ਸ਼ਿਵ ਕੁਮਾਰ ਬਟਾਲਵੀ,ਅਵਤਾਰ ਪਾਸ਼, ਸੁਰਜੀਤ ਪਾਤਰ ਮਨਭਾਉਂਦੇ ਕਵੀ ਰਹੇ ਨੇ।

ਅਸਲ ਵਿੱਚ ਇਹ ਕਿਤਾਬਾਂ ਹੀ ਹੁੰਦੀਆਂ ਨੇ, ਜੋ ਕਿ ਇਨਸਾਨ ਨੂੰ ਚੰਗਾ ਇਨਸਾਨ ਬਣਾਉਂਦੀਆਂ ਨੇ। ਮਨੁੱਖ ਵਿੱਚ ਭਾਈਚਾਰਕ ਸਾਂਝ ਵੀ ਕਿਤਾਬਾਂ ਹੀ ਪੈਦਾ ਕਰਦੀਆਂ ਨੇ। ਇਸ ਤੋਂ ਇਲਾਵਾ ਇਹ ਕਿਤਾਬਾਂ ਹੀ ਹੁੰਦੀਆਂ ਨੇ ਜੋ ਹਮੇਸ਼ਾ ਮਨੁੱਖ ਦੇ ਅੰਗ ਸੰਗ ਰਹਿੰਦੀਆਂ ਹਨ। ਕਿਤਾਬਾਂ ਤੋਂ ਪ੍ਰਾਪਤ ਗਿਆਨ ਹਮੇਸ਼ਾ ਮਨੁੱਖ ਦੇ ਅੰਗ ਸੰਗ ਰਹਿੰਦਾ ਹੈ ਅਤੇ ਇਸ ਗਿਆਨ ਨੂੰ ਕੋਈ ਖੋਹ ਨਹੀਂ ਸਕਦਾ। ਇਸ ਤੋਂ ਇਲਾਵਾ ਕਿਤਾਬਾਂ ਪੜ੍ਹ-ਪੜ੍ਹ ਕੇ ਪ੍ਰਾਪਤ ਹੋਇਆ ਗਿਆਨ ਸਾਰੀ ਉਮਰ ਮਨੁੱਖ ਦੇ ਕੋਲ ਰਹਿੰਦਾ ਹੈ। ਅੰਤ ਵਿੱਚ ਅਸੀਂ ਬੜੇ ਮਾਣ ਨਾਲ ਕਹਿ ਸਕਦੇ ਹਾਂ ਕਿ ਕਿਤਾਬਾਂ ਵੀ ਇੱਕ ਤਰ੍ਹਾਂ ਮਨੁੱਖ ਦੀਆਂ ਅਧਿਆਪਕ ਹੀ ਹੁੰਦੀਆਂ ਹਨ।



- 3,000 ਸਾਲ ਪੁਰਾਣੀ ਹੈ ਨਜ਼ਰ ਲੱਗਣ ਦੀ ਧਾਰਨਾ
- ਭਾਰਤ, ਯੂਨਾਨ, ਤੁਰਕੀ ਅਤੇ ਪੱਛਮੀ ਦੇਸ਼ਾਂ ਦੇ ਵੱਖ-ਵੱਖ ਸੱਭਿਆਚਾਰਾਂ ਵਿੱਚ ਪਾਇਆ ਜਾਂਦਾ ਹੈ ਨਜ਼ਰ ਲੱਗਣ ਦਾ ਵਿਸ਼ਵਾਸ
- ਕੀ ਸਾਨੂੰ ਸੱਚਮੁਚ ਲੱਗਦੀ ਹੈ ਕਿਸੇ ਦੀ ਬੁਰੀ ਨਜ਼ਰ ?
- ਕੀ ਦੇਸੀ ਟੋਟਕਿਆਂ ਨਾਲ ਬਚ ਸਕਦੇ ਹਾਂ ਬੁਰੀ ਨਜ਼ਰ ਲੱਗਣ ਤੋਂ
- ਬੁਰੀ ਅੱਖ ਦਾ ਇੱਕ ਰੁੱਖ ਵੀ ਹੈ ਤੁਰਕੀ ਵਿੱਚ
- ਬੁਰੀ ਨਜ਼ਰ ਤੋਂ ਬਚਣ ਲਈ ਵੱਖੋ-ਵੱਖਰੇ ਚਿੰਨ੍ਹ ਪਹਿਨਣ ਦਾ ਹੈ ਰਿਵਾਜ਼
- ਸੋਸ਼ਲ ਮੀਡੀਆ ’ਤੇ ਵੀ ‘ਇਮੋਜੀ’ ਦੇ ਰੂਪ ਵਿੱਚ ਹੈ ਨਜ਼ਰ ਲੱਗਣ ਦਾ ਵਿਸ਼ਵਾਸ



# ਵਿਗਿਆਨਕ ਯੁੱਗ ’ਚ ਪ੍ਰਚਲਿਤ ਹੈ ‘ਬੁਰੀ ਨਜ਼ਰ’ ਲੱਗਣ ਦਾ ਵਿਸ਼ਵਾਸ



ਪਟਿਆਲਾ/ਏ.ਟੀ.ਨਿਊਜ਼ : ਆਧੁਨਿਕ ਕਹੇ ਜਾਂਦੇ ਇਸ ਯੁੱਗ ਵਿੱਚ ਇੱਕ ਪਾਸੇ ਅਨੇਕਾਂ ਦੇਸ਼ਾਂ ਦੇ ਵਿਗਿਆਨੀਆਂ ਵੱਲੋਂ ਚੰਦਰਮਾ ’ਤੇ ਮਨੁੱਖੀ ਬਸਤੀਆਂ ਵਸਾਉਣ ਅਤੇ ਬ੍ਰਹਿਸਪਤੀ ਗ੍ਰਹਿ ਸਮੇਤ ਹੋਰ ਗ੍ਰਹਿਾਂ ’ਤੇ ਮਨੁਖੀ ਜੀਵਨ ਦੀਆਂ ਸੰਭਾਵਨਾਵਾਂ ਸਬੰਧੀ ਯਤਨ ਕੀਤੇ ਜਾ ਰਹੇ ਹਨ, ਦੂਜੇ ਪਾਸੇ ਅਜੇ ਵੀ ਭਾਰਤ ਸਮੇਤ ਦੁਨੀਆਂ ਵਿੱਚ ਵੱਡੀ ਗਿਣਤੀ ਲੋਕਾਂ ਨੂੰ ਕਿਸੇ ਦੂਜੇ ਵਿਅਕਤੀ ਦੀ ਬੁਰੀ ਨਜਰ ਲੱਗਣ ਦਾ ਵਿਚਾਰ ਪ੍ਰਚਲਿਤ ਹੈ। ਇਸ ਤਰਾਂ ਵਿਗਿਆਨਕ ਯੁੱਗ ਵਿੱਚ ਅਜੇ ਵੀ ਪੁਰਾਤਨ ਜਾਂ ਰੂੜੀਵਾਦੀ ਵਿਚਾਰ ਪ੍ਰਚਲਿਤ ਹਨ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਸਾਨੂੰ ਸੱਚਮੁੱਚ ਕਿਸੇ ਦੀ ਬੁਰੀ ਨਜ਼ਰ ਲੱਗਦੀ ਹੈ ਜਾਂ ਇਹ ਸਿਰਫ਼ ਸਾਡਾ ਵਹਿਮ ਹੁੰਦਾ ਹੈ।

ਸ਼ਾਇਦ ਕੋਈ ਵੀ ਭਾਰਤੀ ਅਜਿਹਾ ਨਹੀਂ ਹੈ ਜੋ ਵੱਖ-ਵੱਖ ਭਾਸ਼ਾਵਾਂ ਵਿੱਚ ‘ਨਜ਼ਰ ਲਗ ਜਾਵੇਗੀ ’ ਸ਼ਬਦ ਸੁਣੇ ਬਿਨਾਂ ਵੱਡਾ ਹੋਇਆ ਹੋਵੇ। ਕੰਨੜ ਵਿੱਚ ਨਜ਼ਰ ਲੱਗਣ ਨੂੰ ਦ੍ਰਿਸ਼ਟੀ ਕਿਹਾ ਜਾਂਦਾ ਹੈ। ਅੰਗਰੇਜ਼ੀ ਵਿੱਚ ਨਜ਼ਰ ਲੱਗਣ ਨੂੰ ‘ ਬੈਰੀ ਆਈ ’ ਕਿਹਾ ਜਾਂਦਾ ਹੈ। ਪਰ ਹੁਣ ਸਿਰਫ਼ ਤੁਹਾਡੀ ਮਾਂ ਹੀ ਤੁਹਾਨੂੰ ਇਨ੍ਹਾਂ ਗੱਲਾਂ ਬਾਰੇ ਕਹਿ ਨਹੀਂ ਰਹੀ ਹੈ, ਇਹ ਵਿਸ਼ਵਾਸ ਸੋਸ਼ਲ ਮੀਡੀਆ ’ਤੇ ਵੀ ਇਮੋਜੀ ਦੇ ਰੂਪ ਵਿੱਚ ਹੈ।



ਸਿਰਫ਼ ਆਮ ਲੋਕ ਹੀ ਨਹੀਂ, ਸਗੋਂ ਮਸ਼ਹੂਰ ਹਸਤੀਆਂ ਨੇ ਵੀ ਨਜ਼ਰ ਇਮੋਜੀ ਦੀ ਵਰਤੋਂ ਕਰਨ ਦੇ ਰੁਝਾਨ ਨੂੰ ਅੱਗੇ ਵਧਾਇਆ ਹੈ। ਹਾਲੀਵੁੱਡ ਦੇ ਗਾਲ ਗਾਡੋਟ ਤੋਂ ਲੈ ਕੇ ਬਾਲੀਵੁੱਡ ਦੇ ਰਣਵੀਰ ਸਿੰਘ ਤੱਕ, ਉਮਰ,



ਲਿੰਗ, ਕੌਮੀਅਤ ਜਾਂ ਸੱਭਿਆਚਾਰ ਦੀ ਪਰਵਾਹ ਕੀਤੇ ਬਿਨਾਂ, ਹਰ ਕੋਈ ਇਸ ਦੀ ਵਰਤੋਂ ਕਰ ਰਿਹਾ ਹੈ।ਤਾਂ, ਇਹ ਨਜ਼ਰ ਇਮੋਜੀ ਅੱਜ ਦੀ ਤਰ੍ਹਾਂ ਕਿਵੇਂ ਵਿਕਸਿਤ ਹੋਇਆ ? ਪਹਿਲਾਂ, ਆਓ ਵਿਸ਼ੇ ਸੰਬੰਧੀ ਕੁਝ ਸਵਾਲਾਂ ਦੇ ਜਵਾਬ ਦੇਈਏ:

**ਨਜ਼ਰ ਕੀ ਹੈ ?**

ਨਜ਼ਰ ਸ਼ਬਦ ਅਰਬੀ ਤੋਂ ਆਇਆ ਹੈ। ਨਜ਼ਰ ਦੀ ਧਾਰਨਾ ਬੁਰੀ ਅੱਖ ਨਾਲ ਸਬੰਧਤ ਹੈ। ਇਹ ਇੱਕ ਅੰਧਵਿਸ਼ਵਾਸੀ ਵਿਸ਼ਵਾਸ ਹੈ ਕਿ ਜੇਕਰ ਕਿਸੇ ਵਿਅਕਤੀ ਕੋਲ ਬਹੁਤਾਤ ਵਿੱਚ ਕੋਈ ਚੀਜ਼ ਹੈ, ਤਾਂ ਉਹ ਬਹੁਤਾਤ ਨੂੰ ਦੂਜੇ ਲੋਕਾਂ ਦੀ ਪ੍ਰਸ਼ੰਸਾ, ਈਰਖਾ ਜਾਂ ਇੱਥੋਂ ਤੱਕ ਕਿ ਮਾਲਕ ਦੇ ਹੰਕਾਰ ਦੁਆਰਾ ਵੀ ਨੁਕਸਾਨ ਪਹੁੰਚ ਸਕਦਾ ਹੈ।

ਭਾਰਤ ਵਿੱਚ, ਇਹ ਵੱਖ-ਵੱਖ ਭਾਸ਼ਾਵਾਂ ਵਿੱਚ ਨਜ਼ਰ ਲੱਗ ਗਈ ਜਾਂ ਸਮਾਨ ਵਾਕਾਂਸ਼ ਵਜੋਂ ਮਸ਼ਹੂਰ ਹੈ। ਸਾਡੇ ਵਿੱਚੋਂ ਬਹੁਤਿਆਂ ਨੂੰ ਯਾਦ ਹੋਵੇਗਾ ਕਿ ਸਾਡੀਆਂ ਮਾਵਾਂ ਨਮਕ ਦੀ ਵਰਤੋਂ ਕਰਕੇ ਸਾਡੇ ’ਤੇ ਬੁਰੀ ਨਜ਼ਰ ਨੂੰ ਹਟਾਉਂਦੀਆਂ ਸਨ। ਦੂਸਰੇ ਲੋਕ ਬੁਰੀ ਅੱਖ ਤੋਂ ਬਚਣ ਲਈ ਵੱਖੋ-ਵੱਖਰੇ ਚਿੰਨ੍ਹ ਪਹਿਨਣਗੇ, ਪ੍ਰਸਿੱਧ ਨੀਲੇ ਅਤੇ ਚਿੱਟੇ ਅੱਖ ਦੇ ਆਕਾਰ ਦੇ ਤਵੀਤ ਤੋਂ ਲੈ ਕੇ ਗਿੱਟਿਆਂ ਦੇ ਆਲੇ ਦੁਆਲੇ ਕਾਲੇ ਧਾਗੇ ਅਤੇ ਕਾਜਲ ਕਾ ਟਿਕਾ ਤੱਕ। ਦੂਜੇ ਮਾਮਲਿਆਂ ਵਿੱਚ, ਘਰਾਂ, ਖਾਸ ਤੌਰ ’ਤੇ ਨਵੇਂ ਬਣੇ ਘਰਾਂ ਵਿੱਚ, ਇਮਾਰਤ ਦੇ ਬਾਹਰ ਇੱਕ ਕਾਲੀ ਗੁੱਡੀ ਜਾਂ ਇੱਕ ਭੂਤ ਦਾ ਮਾਸਕ ਲਟਕਿਆ ਹੁੰਦਾ ਹੈ। ਕਦੇ-ਕਦਾਈਂ ਹਰੀਆਂ ਮਿਰਚਾਂ ਅਤੇ ਨਿੰਬੂ ਇਕੱਠੇ ਬੰਨ੍ਹ ਕੇ, ਦੁਕਾਨਾਂ ਅਤੇ ਗੇਟਾਂ ਦੇ ਬਾਹਰ ਟੰਗ ਦਿੱਤੇ ਜਾਂਦੇ ਜਾਂ ਸੜਕ ’ਤੇ ਸੁੱਟ ਦਿੱਤੇ ਜਾਂਦੇ ਹਨ। ਬਜ਼ੁਰਗ ਛੋਟੇ ਬੱਚਿਆਂ ਨੂੰ ਸੜਕਾਂ ’ਤੇ ਸੁੱਟੀਆਂ ਮਿਰਚਾਂ ਅਤੇ ਨਿੰਬੂ ਨੂੰ ਪਾਰ ਨਾ ਕਰਨ ਲਈ ਕਹਿਣਗੇ। ਵਾਹਨਾਂ ’ਤੇ, ਫਟੇ ਹੋਏ ਜੁੱਤੇ ਜਾਂ ਜੁੱਤੀਆਂ ਲਟਕਾਈਆਂ ਜਾਣਗੀਆਂ, ਖਾਸ ਕਰਕੇ ਟਰੱਕਾਂ ਦੇ ਪਿਛਲੇ ਪਾਸੇ। ਪਰ ਨਜ਼ਰ ਦੀ ਧਾਰਨਾ ਸ਼ਾਇਦ ਹੀ ਨਵੀਂ ਹੈ ਜਾਂ ਭਾਰਤ ਜਾਂ ਦੱਖਣ-ਪੂਰਬੀ ਏਸ਼ੀਆਈ ਸੱਭਿਆਚਾਰ ਤੱਕ ਸੀਮਤ ਹੈ। ਇਸਦੀ ਸ਼ੁਰੂਆਤ ਘੱਟੋ-ਘੱਟ 3,000 ਸਾਲ ਪੁਰਾਣੀ ਹੈ ਅਤੇ

**(ਬਾਕੀ ਸਫ਼ਾ 31 ’ਤੇ)**

**ਦੁਨੀਆਂ ਦੇ ਰਹੱਸ**

# ਸੁਰੰਗ ’ਚ ਦਾਖ਼ਲ ਹੋ ਕੇ ਗਾਇਬ ਹੋ ਗਈ ਰੇਲਗੱਡੀ

## ਰੇਲਗੱਡੀ ਦੇ ਕਿਸੇ ਹੋਰ ਦੁਨੀਆਂ ’ਚ ਪਹੁੰਚਣ ਦੀ ਫੈਲੀ ਅਫ਼ਵਾਹ

- ਕੀ ਸੱਚਮੁਚ ‘ਟਾਈਮ ਟ੍ਰੈਵਲ’ ਕੀਤਾ ਸੀ ਇਸ ਟਰੇਨ ਨੇ ?
- ਲਾਪਤਾ ਰੇਲਗੱਡੀ ਦਾ ਕੋਈ ਸੁਰਾਗ ਨਹੀਂ ਲਗਾ ਸਕੇ ਵਿਗਿਆਨੀ

ਰੋਮ/ਏ.ਟੀ. ਨਿਊਜ਼ : ਇਟਲੀ ਵਿੱਚ ਇੱਕ ਵਾਰ ਜ਼ਮੀਨ ’ਤੇ ਭਾਵ ਰੇਲ ਲਾਈਨਾਂ ’ਤੇ ਚੱਲ ਰਹੀ ਰੇਲਗੱਡੀ ਲਾਪਤਾ ਹੋ ਗਈ ਸੀ। ਇਸ ਟਰੇਨ ’ਚ 104 ਦੇ ਕਰੀਬ ਯਾਤਰੀ ਸਵਾਰ ਸਨ ਅਤੇ ਸਾਰੇ ਯਾਤਰੀ ਇਸ ਟਰੇਨ ਦੇ ਨਾਲ ਹੀ ਗਾਇਬ ਹੋ ਗਏ। ਇਸ ਘਟਨਾ ਨੂੰ ਕਰੀਬ 100 ਸਾਲ ਬੀਤ ਚੁੱਕੇ ਹਨ ਪਰ ਇਸ ਦੇ ਬਾਵਜੂਦ ਅੱਜ ਤੱਕ ਨਾ ਤਾਂ ਉਸ ਰੇਲਗੱਡੀ ਦਾ ਪਤਾ ਲੱਗ ਸਕਿਆ ਅਤੇ ਨਾ ਹੀ ਇਸ ਦੀਆਂ ਸਵਾਰੀਆਂ ਦਾ ਕੋਈ ਸੁਰਾਗ ਮਿਲਿਆ।

**ਕੀ ਹੈ ਸਾਰਾ ਮਾਮਲਾ**

ਸਾਲ 1911 ਵਿੱਚ ਇਟਲੀ ਦੀ ਜ਼ਨੇਟੀ ਰੇਲਵੇ ਕੰਪਨੀ ਨੇ ਇੱਕ ਨਵੀਂ ਰੇਲਗੱਡੀ ਬਣਾਈ। ਬਾਡੀ ਤੋਂ ਲੈ ਕੇ ਇੰਜਣ ਤੱਕ ਸਭ ਕੁਝ ਬਿਲਕੁਲ ਨਵਾਂ ਸੀ। ਕੰਪਨੀ ਨੇ ਟਰਾਇਲ ਦੇ ਤੌਰ ’ਤੇ ਲੋਕਾਂ ਨੂੰ ਇਸ ’ਚ ਮੁਫਤ ਯਾਤਰਾ ਕਰਨ ਦਾ ਸੱਦਾ ਦਿੱਤਾ। ਇਸ ਤੋਂ ਬਾਅਦ ਰੇਲ ਕਰਮੀਆਂ ਸਮੇਤ ਕਰੀਬ 104 ਲੋਕ ਟਰੇਨ ’ਚ ਸਵਾਰ ਹੋ ਗਏ। ਰੇਲਗੱਡੀ ਕੁਝ ਦੂਰੀ ਤੱਕ ਚਲੀ ਗਈ ...ਪਰ ਜਦੋਂ ਇੱਕ ਸੁਰੰਗ ਆਈ ਅਤੇ ਜਿਵੇਂ ਹੀ ਰੇਲਗੱਡੀ ਸੁਰੰਗ ਦੇ ਅੰਦਰ ਦਾਖਲ ਹੋਈ ...ਉਹ ਜਿਵੇਂ ਹੀ ਅੰਦਰ ਗਈ ਉਹ ਕਿਤੇ ਗਾਇਬ ਹੋ ਗਈ। ਲੋਕ ਆਉਣ ਵਾਲੇ ਸਟੇਸ਼ਨ ’ਤੇ ਟਰੇਨ ਦਾ ਇੰਤਜ਼ਾਰ ਕਰਦੇ ਰਹੇ ਪਰ ਇਹ ਟਰੇਨ ਉਥੇ ਨਹੀਂ ਪਹੁੰਚੀ।



**ਦੋ ਸਵਾਰੀਆਂ ਉਤਰਨ ਵਿੱਚ ਕਾਮਯਾਬ ਹੋ ਗਈਆਂ**

ਦੱਸਿਆ ਜਾਂਦਾ ਹੈ ਕਿ ਜਦੋਂ ਟਰੇਨ ਸੁਰੰਗ ’ਚ ਦਾਖਲ ਹੋਈ ਤਾਂ ਉਸ ਸਮੇਂ ਦੋ ਯਾਤਰੀਆਂ ਨੇ ਟਰੇਨ ’ਚੋਂ ਛਾਲ ਮਾਰ ਦਿੱਤੀ। ਕੁਝ ਸਮੇਂ ਬਾਅਦ ਜਦੋਂ ਇਹ ਯਾਤਰੀ ਮਦਹੋਸ਼ੀ ਦੀ ਹਾਲਤ ਵਿੱਚ ਬਚਾਅ ਦਲ ਨੂੰ ਮਿਲੇ ਤਾਂ ਉਹਨਾਂ ਨੂੰ ਹਸਪਤਾਲ ’ਚ ਭਰਤੀ ਕਰਵਾਇਆ ਗਿਆ। ਇਕ ਯਾਤਰੀ ਨੇ ਤਾਂ ਇਸ ਪੂਰੇ ਮਾਮਲੇ ’ਤੇ ਕੁਝ ਵੀ ਬੋਲਣ ਤੋਂ ਇਨਕਾਰ ਕਰ ਦਿੱਤਾ। ਜਦਕਿ ਦੂਜੇ ਯਾਤਰੀ ਨੇ ਦੱਸਿਆ ਕਿ ਟਰੇਨ ਸੁਰੰਗ ’ਚ ਜਾਂਦੇ ਹੀ ਅਚਾਨਕ ਗਾਇਬ ਹੋ ਗਈ ਅਤੇ ਉਹ ਟਰੇਨ ’ਚੋਂ ਬਾਹਰ ਕਿਵੇਂ ਆਇਆ, ਉਸ ਨੂੰ ਖੁਦ ਕੁਝ ਨਹੀਂ ਪਤਾ।

**ਕੀ ਇਹ ਰੇਲਗੱਡੀ ਕਿਸੇ ਹੋਰ ਸੰਸਾਰ ਵਿੱਚ ਚਲੀ ਗਈ ਹੈ ?**

ਇਸ ਟਰੇਨ ਨੂੰ ਲੈ ਕੇ ਦੁਨੀਆ ਭਰ ’ਚ ਅਫਵਾਹ ਹੈ ਕਿ ਇਸ ਟਰੇਨ ਨੇ ‘ਟਾਈਮ ਟ੍ਰੈਵਲ’ ਕੀਤਾ ਅਤੇ ਉਥੋਂ ਗਾਇਬ ਹੋ ਕੇ ਕਿਸੇ ਹੋਰ ਦੁਨੀਆ ’ਚ ਪਹੁੰਚ ਗਈ। ਹਾਲਾਂਕਿ ਹੁਣ ਤੱਕ ਵਿਗਿਆਨੀਆਂ ਨੂੰ ਲਾਪਤਾ ਟਰੇਨ ਦਾ ਕੋਈ ਸੁਰਾਗ ਨਹੀਂ ਮਿਲਿਆ ਹੈ। ਪਰ ਕੁਝ ਸਾਲਾਂ ਬਾਅਦ ਕਈ ਵਾਰ ਦਾਅਵਾ ਕੀਤਾ ਗਿਆ ਹੈ ਕਿ ਇਸ ਰੇਲਗੱਡੀ ਦੇ ਕੁਝ ਹਿੱਸੇ ਰੂਸ, ਯੂਕਰੇਨ ਅਤੇ ਜਰਮਨੀ ਵਿੱਚ ਮਿਲੇ ਹਨ। ਹਾਲਾਂਕਿ ਇਸ ਦਾ ਕਿਸੇ ਕੋਲ ਕੋਈ ਠੋਸ ਸਬੂਤ ਨਹੀਂ ਹੈ।

# ਪ੍ਰਮੁੱਖ ਕਾਰੋਬਾਰੀ ਘਰਾਣਿਆਂ ਦੇ ਕਰੋੜਾਂ ਦਾ ਕਾਰੋਬਾਰ ਸੰਭਾਲ ਰਹੀਆਂ ਹਨ ਧੀਆਂ

## ਪੁੱਤਰਾਂ ਵਾਂਗ ਧੀਆਂ ਨੇ ਆਪਣੇ ਮਾਪਿਆਂ ਦੀ ਕਾਰੋਬਾਰੀ ਵਿਰਾਸਤ ਨੂੰ ਅੱਗੇ ਵਧਾਇਆ

ਨਵੀਂ ਦਿੱਲੀ/ਏ.ਟੀ.ਨਿਊਜ਼ : ਦੇਸ਼ ਦੇ ਕਈ ਪ੍ਰਮੁੱਖ ਕਾਰੋਬਾਰੀ ਘਰਾਣਿਆਂ ਦੀਆਂ ਧੀਆਂ ਆਪਣੇ ਪਿਤਾ ਦੇ ਕਾਰੋਬਾਰ ਨੂੰ ਅੱਗੇ ਲੈ ਰਹੀਆਂ ਹਨ। ਉਸਨੇ ਕਾਰੋਬਾਰੀ ਜਗਤ ਵਿੱਚ ਆਪਣੇ ਆਪ ਨੂੰ ਸਾਬਤ ਕੀਤਾ ਹੈ ਅਤੇ ਅੱਗੇ ਤੋਂ ਮੋਹਰੀ ਹੈ। ਮੁਕੇਸ਼ ਅੰਬਾਨੀ ਦੀ ਧੀ ਈਸ਼ਾ ਅੰਬਾਨੀ ਹੋਵੇ ਜਾਂ ਫਿਊਚਰ ਗਰੁੱਪ ਦੀ ਕਿਸ਼ੋਰ ਬਿਆਨੀ ਦੀ ਧੀ ਅਸ਼ਨੀ ਬਿਆਨੀ...... ਧੀਆਂ ਆਪਣੇ ਮਾਪਿਆਂ ਦੀ ਕਾਰੋਬਾਰੀ ਵਿਰਾਸਤ ਨੂੰ ਅੱਗੇ ਵਧਾ ਰਹੀਆਂ ਹਨ।



**ਈਸ਼ਾ ਅੰਬਾਨੀ**

ਰਿਲਾਇੰਸ ਇੰਡਸਟਰੀਜ਼ ਦੇ ਚੇਅਰਮੈਨ ਮੁਕੇਸ਼ ਅੰਬਾਨੀ ਦੀ ਬੇਟੀ ਈਸ਼ਾ ਅੰਬਾਨੀ ਰਿਲਾਇੰਸ ਰਿਟੇਲ ਦੇ ਕਾਰੋਬਾਰ ਨੂੰ ਅੱਗੇ ਵਧਾ ਰਹੀ ਹੈ। ਈਸ਼ਾ ਮੁਕੇਸ਼ ਅੰਬਾਨੀ ਅਤੇ ਨੀਤਾ ਅੰਬਾਨੀ ਦੀ ਇਕਲੌਤੀ ਬੇਟੀ ਹੈ। ਸਿਰਫ 23 ਸਾਲ ਦੀ ਉਮਰ ਵਿੱਚ, ਉਸਨੇ ਰਿਲਾਇੰਸ ਦੇ ਕਾਰੋਬਾਰ ਨੂੰ ਸੰਭਾਲਣ ਵਿੱਚ ਆਪਣੇ ਪਿਤਾ ਦੀ ਮਦਦ ਕਰਨੀ ਸ਼ੁਰੂ ਕਰ ਦਿੱਤੀ। AJIO ਨੂੰ ਅਪ੍ਰੈਲ 2016 ਵਿੱਚ ਈਸ਼ਾ ਅੰਬਾਨੀ ਦੀ ਨਿਗਰਾਨੀ ਹੇਠ ਲਾਂਚ ਕੀਤਾ ਗਿਆ ਸੀ, ਜੋ ਕਿ ਰਿਲਾਇੰਸ ਸਮੂਹ ਦਾ ਇੱਕ ਮਲਟੀ-ਬ੍ਰਾਂਡ ਈ-ਕਾਮਰਸ ਪਲੇਟਫਾਰਮ ਹੈ ਅਤੇ ਪੱਛਮੀ ਅਤੇ ਰਵਾਇਤੀ ਲਿਬਾਸ ਵੇਚਦਾ ਹੈ।

**ਜਯੰਤੀ ਚੌਹਾਨ**

ਪਿਛਲੇ ਦਿਨੀਂ ਖਬਰ ਆਈ ਸੀ ਕਿ ਬਿਸਲੇਰੀ ਦੇ ਚੇਅਰਮੈਨ ਰਮੇਸ਼ ਚੌਹਾਨ ਦੀ ਬੇਟੀ ਜੈਅੰਤੀ ਚੌਹਾਨ ਹੁਣ ਆਪਣੇ ਪਿਤਾ ਦੇ ਕਾਰੋਬਾਰ ਨੂੰ ਅੱਗੇ ਲੈ ਕੇ ਜਾਵੇਗੀ। ਜੈਅੰਤੀ ਕਈ ਸਾਲਾਂ ਤੋਂ ਬਿਸਲੇਰੀ ਦੇ ਕਾਰੋਬਾਰ ਨਾਲ ਜੁੜੀ ਹੋਈ ਹੈ। ਬਿਸਲੇਰੀ ਦੇ ਪੋਰਟਫੋਲੀਓ ਦਾ ਬ੍ਰਾਂਡ ਵੇਦਿਕਾ ਜੈਅੰਤੀ ਦੇ ਚੌਹਾਨ ਦਾ ਵਿਸ਼ੇਸ਼ ਧਿਆਨ ਰਿਹਾ ਹੈ। 24 ਸਾਲ ਦੀ ਉਮਰ ਵਿੱਚ, ਜਯੰਤੀ ਨੇ ਆਪਣੇ ਪਿਤਾ ਦੀ ਨਿਗਰਾਨੀ ਵਿੱਚ ਬਿਸਲੇਰੀ ਦੇ ਕਾਰੋਬਾਰ ਨੂੰ ਸੰਭਾਲਣਾ ਸ਼ੁਰੂ ਕਰ ਦਿੱਤਾ।

**ਲਕਸ਼ਮੀ ਵੇਣੂ**

ਆਟੋ ਕੰਪਨੀ ਟੀਵੀਐਸ ਮੋਟਰ ਦੇ ਚੇਅਰਮੈਨ ਦੀ ਬੇਟੀ ਡਾ: ਲਕਸ਼ਮੀ ਵੇਣੂ ਵੀ ਆਪਣੇ ਪਿਤਾ ਦੇ ਕਾਰੋਬਾਰ ਨੂੰ ਅੱਗੇ ਵਧਾ ਰਹੀ ਹੈ। ਉਹ TVS ਦੀ ਸਹਾਇਕ ਕੰਪਨੀ ਸੁੰਦਰਮ ਕਲੇਟਨ ਲਿਮਿਟੇਡ (SCL) ਦੀ ਮੈਨੇਜਿੰਗ ਡਾਇਰੈਕਟਰ ਹੈ। ਲਕਸ਼ਮੀ ਵੇਣੂ ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਸੁੰਦਰਮ ਕਲੇਟਨ ਦੀ ਅਗਵਾਈ ਕਰ ਰਹੀ ਹੈ ਅਤੇ ਕੰਪਨੀ ਨੂੰ ਗਲੋਬਲ ਮਾਰਕੀਟ ਵਿੱਚ ਵਿਸਤਾਰ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਹੀ ਹੈ।

**ਅਦਵੈਤ ਨਾਇਰ**

ਫਾਲਗੁਨੀ ਨਾਇਰ ਦੀ 31 ਸਾਲਾ ਧੀ ਅਦਵੈਤ ਨਾਇਰ ਫੈਸ਼ਨ ਰਿਟੇਲ ਬ੍ਰਾਂਡ ਨਿਆਕਾ ਦੀ ਸਹਿ-ਸੰਸਥਾਪਕ ਅਤੇ ਸੀਈਓ ਹੈ। ਉਸਨੇ ਯੇਲ ਯੂਨੀਵਰਸਿਟੀ ਤੋਂ ਗ੍ਰੈਜੂਏਸ਼ਨ ਕੀਤੀ ਅਤੇ ਫਿਰ ਉਸ ਤੋਂ ਬਾਅਦ ਉਸਨੇ ਹਾਰਵਰਡ ਯੂਨੀਵਰਸਿਟੀ ਤੋਂ ਐਮਬੀਏ ਦੀ ਪੜ੍ਹਾਈ ਕੀਤੀ। ਹੁਣ ਉਹ ਨਾਇਕਾ ਦਾ ਕਾਰੋਬਾਰ ਸੰਭਾਲ ਰਹੀ ਹੈ। ਅੱਜ Nykaa ਦੇ 40 ਸ਼ਹਿਰਾਂ ਵਿੱਚ 400 ਬ੍ਰਾਂਡ ਅਤੇ 20 ਵੇਅਰਹਾਊਸ ਅਤੇ 80 ਸਟੋਰ ਹਨ। ਅਦਵੈਤ, ਫਾਲਗੁਨੀ ਅਤੇ ਸੰਜੇ ਨਾਇਰ ਦੀ ਧੀ, ਨਿਆਕਾ ਫੈਸ਼ਨ ਦੇ ਸੀਈਓ ਵਜੋਂ ਇੱਕ ਚੁਣੌਤੀਪੂਰਨ ਕੰਮ ਹੈ।

**ਅਸ਼ਨੀ ਬਿਆਨੀ**

ਫਿਊਚਰ ਗਰੁੱਪ ਦੇ ਸੰਸਥਾਪਕ ਕਿਸ਼ੋਰ ਬਿਆਨੀ ਦੀ ਬੇਟੀ ਅਸ਼ਨੀ ਬਿਆਨੀ ਨੇ ਪਾਰਸਨ ਸਕੂਲ ਆਫ ਡਿਜ਼ਾਈਨ ਦੇ ਨਾਲ-ਨਾਲ ਸਟੈਨਫੋਰਡ ਯੂਨੀਵਰਸਿਟੀ ਤੋਂ ਡਿਜ਼ਾਈਨਿੰਗ ਦੀ ਪੜ੍ਹਾਈ ਕੀਤੀ ਹੈ। ਇਸ ਤੋਂ ਬਾਅਦ ਉਹ ਆਪਣੇ ਪਿਤਾ ਦੇ ਕਾਰੋਬਾਰੀ ਫਿਊਚਰ ਗਰੁੱਪ ਨਾਲ ਜੁੜ ਗਈ। ਅਸ਼ਨੀ ਬਿਆਨੀ ਨੇ ਫੈਸ਼ਨ-ਪਹਿਲਾ ਡਿਟਰਜੈਂਟ 'ਵੂਮ' ਲਾਂਚ ਕੀਤਾ। ਪਿਛਲੇ ਸਾਲ, ਉਸਨੇ ਫਿਊਚਰ ਕੰਜ਼ਿਊਮਰ ਲਿਮਟਿਡ (ਐਫਸੀਐਲ) ਦੇ ਮੈਨੇਜਿੰਗ ਡਾਇਰੈਕਟਰ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਫਿਊਚਰ ਗਰੁੱਪ ਦੀ ਵਿੱਤੀ ਹਾਲਤ ਬਹੁਤ ਖਰਾਬ ਹੈ। ਫਿਊਚਰ ਐਂਟਰਪ੍ਰਾਈਜਿਜ਼ ਵੀ ਦੀਵਾਲੀਆਪਨ ਪ੍ਰਕਿਰਿਆ ਵਿੱਚ ਸ਼ਾਮਲ ਹੋ ਗਿਆ ਹੈ।

# ਭਾਰਤ ਦੇ 30 ਮੁੱਖ ਮੰਤਰੀਆਂ 'ਚੋਂ 29 ਮੁੱਖ ਮੰਤਰੀ ਹਨ ਕਰੋੜਪਤੀ

## 510 ਕਰੋੜ ਦੀ ਜਾਇਦਾਦ ਨਾਲ ਸਭ ਤੋਂ ਅਮੀਰ ਹਨ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਜਗਨ ਰੈਡੀ

- 13 ਮੁੱਖ ਮੰਤਰੀਆਂ ਖਿਲਾਫ਼ ਦਰਜ਼ ਹਨ ਅਪਰਾਧਿਕ ਮਾਮਲੇ
- ਤੇਲੰਗਾਨਾ ਦੇ ਮੁੱਖ ਮੰਤਰੀ ਚੰਦਰਸ਼ੇਖਰ ਰਾਓ ਵਿਰੁੱਧ ਦਰਜ ਹਨ 101 ਕੇਸ
- ਤੀਹ ਵਿੱਚੋਂ ਚਾਰ ਮੁੱਖ ਮੰਤਰੀ ਨਹੀਂ ਹਨ ਗ੍ਰੈਜੂਏਟ
- ਇਨਕਮ ਟੈਕਸ ਵਿਭਾਗ ਨੂੰ ਕਿਉਂ ਨਹੀਂ ਦਿਖਾਈ ਦਿੰਦੀ ਮੁੱਖ ਮੰਤਰੀਆਂ ਦੀ ਦੌਲਤ ?

ਨਵੀਂ ਦਿੱਲੀ/ਏ.ਪੀ.ਨਿਊਜ਼: ਭਾਰਤ ਦੇ 30 ਮੁੱਖ ਮੰਤਰੀਆਂ ਵਿੱਚੋਂ 29 ਕਰੋੜਪਤੀ ਹਨ। ਇਨ੍ਹਾਂ ਵਿੱਚੋਂ 13 ਖ਼ਿਲਾਫ਼ ਅਪਰਾਧਿਕ ਮਾਮਲੇ ਦਰਜ ਹਨ। ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਿਫਾਰਮਜ਼ (ਏਡੀਆਰ) ਅਤੇ ਨੈਸ਼ਨਲ ਇਲੈਕਸ਼ਨ ਵਾਚ ਦੀ ਤਾਜ਼ਾ ਰਿਪੋਰਟ ਵਿੱਚ ਸਾਰੇ ਮੁੱਖ ਮੰਤਰੀਆਂ ਵਿਰੁੱਧ ਦਰਜ ਜਾਇਦਾਦ, ਸਿੱਖਿਆ ਅਤੇ ਕੇਸਾਂ ਦਾ ਵੇਰਵਾ ਦਿੱਤਾ ਗਿਆ ਹੈ। ਉਨ੍ਹਾਂ ਵੱਲੋਂ ਚੋਣਾਂ ਤੋਂ ਪਹਿਲਾਂ ਦਿੱਤੇ ਹਲਫ਼ਨਾਮਿਆਂ ਦਾ ਅਧਿਐਨ ਕਰਕੇ ਹੀ ਇਹ ਰਿਪੋਰਟ ਤਿਆਰ ਕੀਤੀ ਗਈ ਹੈ।ਜਾਇਦਾਦਾਂ ਦੇ ਖੁਲਾਸੇ ਤੋਂ ਬਾਅਦ ਪਹਿਲਾ ਸਵਾਲ ਇਹ ਉੱਠਦਾ ਹੈ ਕਿ 30 ਵਿੱਚੋਂ 29 ਮੁੱਖ ਮੰਤਰੀ ਕਰੋੜਪਤੀ ਹਨ ਤਾਂ 30ਵਾਂ ਗਰੀਬ ਕੌਣ ਹੈ ? ਇਸ ਦਾ ਜਵਾਬ ਹੈ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ। ਹਾਂ, ਮਮਤਾ ਦੀ ਜਾਇਦਾਦ ਸਿਰਫ਼ ਪੰਦਰਾਂ ਲੱਖ ਦੀ ਹੈ। ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਜਗਨ ਰੈਡੀ 510 ਕਰੋੜ ਦੀ ਜਾਇਦਾਦ ਨਾਲ ਸਭ ਤੋਂ ਅਮੀਰ ਹਨ।

ਤੀਹ ਵਿੱਚੋਂ ਚਾਰ ਮੁੱਖ ਮੰਤਰੀ ਗ੍ਰੈਜੂਏਟ ਵੀ ਨਹੀਂ ਹਨ। ਉਮਰ ਦੇ ਹਿਸਾਬ ਨਾਲ ਦੇਖਿਆ ਜਾਵੇ ਤਾਂ ਅਰੁਣਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਪੇਮਾ ਖਾਂਡੂ ਨੂੰ ਛੱਡ ਕੇ ਬਾਕੀ ਸਾਰੇ ਚਾਲੀ ਤੋਂ ਉੱਪਰ ਹਨ। ਖਾਂਡੂ ਹੁਣ 39 ਸਾਲ ਦੇ ਹਨ। ਜਦੋਂ ਕਿ ਸਭ ਤੋਂ ਵੱਡੀ ਉਮਰ 'ਚ ਕੇਰਲ ਦੇ ਮੁੱਖ ਮੰਤਰੀ ਪਿਨਾਰਾਈ ਵਿਜਯਨ ਹਨ। ਉਹ 77 ਸਾਲ ਦੇ ਹਨ।




ਜਿਨ੍ਹਾਂ 13 ਮੁੱਖ ਮੰਤਰੀਆਂ ਵਿਰੁੱਧ ਅਪਰਾਧਿਕ ਮਾਮਲੇ ਦਰਜ ਹਨ, ਉਨ੍ਹਾਂ ਵਿੱਚੋਂ ਤੇਲੰਗਾਨਾ ਦੇ ਚੰਦਰਸ਼ੇਖਰ ਰਾਓ ਸਭ ਤੋਂ ਅੱਗੇ ਹਨ, ਜਿਨ੍ਹਾਂ ਵਿਰੁੱਧ 101 ਕੇਸ ਦਰਜ ਹਨ।

ਕਿਸੇ ਵੀ ਮਾਮਲੇ ਵਿੱਚ ਲੀਡਰਾਂ ਖ਼ਿਲਾਫ਼ ਕੇਸ ਦਰਜ ਕੀਤੇ ਜਾਂਦੇ ਹਨ। ਇਨ੍ਹਾਂ 'ਚ ਵੱਖ-ਵੱਖ ਅੰਦੋਲਨਾਂ ਦੌਰਾਨ ਭੰਨਤੋੜ, ਪਥਰਾਅ, ਅੱਗਜ਼ਨੀ ਵਰਗੇ ਮਾਮਲੇ ਜ਼ਿਆਦਾ ਹਨ। ਪਰ ਉਨ੍ਹਾਂ ਕੋਲ ਇੰਨੀ ਦੌਲਤ ਕਿੱਥੋਂ ਆਉਂਦੀ ਹੈ ? ਰਿਪੋਰਟ ਹੋਣੀ ਚਾਹੀਦੀ ਹੈ ਕਿ ਜਦੋਂ ਉਹ ਪਹਿਲੀ ਵਾਰ ਸਿਆਸਤ ਵਿੱਚ ਆਏ ਸਨ ਤਾਂ ਉਨ੍ਹਾਂ ਕੋਲ ਕਿੰਨੀ ਜਾਇਦਾਦ ਸੀ ? ਫਿਰ ਪਹਿਲੀ ਵਾਰ ਚੋਣ ਲੜੇ, ਜਿੱਤੇ ਅਤੇ ਐਮ.ਐਲ.ਏ. ਬਣੇ, ਫਿਰ ਉਸਦੀ ਜਾਇਦਾਦ ਕਿੰਨੀ ਸੀ ? ਉਦੋਂ ਤੋਂ ਲੈ ਕੇ ਹੁਣ ਤੱਕ ਕਿੰਨੀ ਤਨਖ਼ਾਹ ਵਧੀ ਹੈ ਅਤੇ ਹੁਣ ਉਨ੍ਹਾਂ ਕੋਲ ਕਿੰਨੀ ਵਾਰ ਹੈ ?

ਆਮ ਆਦਮੀ ਦੇ ਮਕਾਨ ਦੇ ਕਿਰਾਏ ਅਤੇ ਪੈਟਰੋਲ ਦੇ ਖਰਚਿਆਂ 'ਤੇ ਨਜ਼ਰ ਰੱਖਣ ਵਾਲੇ ਇਨਕਮ ਟੈਕਸ ਵਿਭਾਗ ਨੂੰ ਉਸ ਦੀ ਦੌਲਤ ਕਿਉਂ ਨਹੀਂ ਦਿਖਾਈ ਦਿੰਦੀ ? ਉਨ੍ਹਾਂ ਤੋਂ ਪੂਰਾ ਹਿਸਾਬ ਕਿਤਾਬ ਕਿਉਂ ਨਹੀਂ ਮੰਗਿਆ ਜਾਂਦਾ ? ਚੋਣਾਂ ਵਿੱਚ ਕਰੋੜਾਂ ਰੁਪਏ ਪਾਣੀ ਵਾਂਗ ਵਹਾਉਣ ਤੋਂ ਬਾਅਦ ਵੀ ਉਨ੍ਹਾਂ ਦੀ ਦੌਲਤ ਵਿੱਚ ਕੋਈ ਕਮੀ ਕਿਉਂ ਨਹੀਂ ਆ ਰਹੀ ? ਉਹ ਸਾਰੇ ਦੀਵਾਲੀਆ ਕਿਉਂ ਨਹੀਂ ਹੋ ਜਾਂਦੇ ? ਉਨ੍ਹਾਂ ਦੀਆਂ ਚੋਣਾਂ ਵਿੱਚ ਪੈਸਾ ਕੌਣ ਨਿਵੇਸ਼ ਕਰਦਾ ਹੈ ? ਅਤੇ ਫਿਰ ਇਹ ਲੋਕ ਸਰਕਾਰ ਵਿੱਚ ਆਉਣ, ਮੰਤਰੀ ਜਾਂ ਮੁੱਖ ਮੰਤਰੀ ਬਣ ਕੇ ਚੋਣਾਂ ਵਿੱਚ ਪੈਸਾ ਲਗਾਉਣ ਵਾਲੇ ਲੋਕਾਂ ਨੂੰ ਕਿਵੇਂ ਲਾਭ ਪਹੁੰਚਾਉਂਦੇ ਹਨ ?

| ਮੁੱਖ ਮੰਤਰੀ | ਰਾਜ | ਜਾਇਦਾਦ |
|---|---|---|
| ਜਗਨ ਮੋਹਨ ਰੈੱਡੀ | ਆਂਧਰਾ ਪ੍ਰਦੇਸ਼ | 510.38 ਕਰੋੜ ਰੁਪਏ |
| ਪੇਮਾ ਖਾਂਡ | ਅਰੁਣਾਚਲ ਪ੍ਰਦੇਸ਼ | 163.50 ਕਰੋੜ ਰੁਪਏ |
| ਨਵੀਨ ਪਟਨਾਇਕ | ਉੜੀਸਾ | 63.87 ਕਰੋੜ ਰੁਪਏ |
| ਭਤੀਜੇ ਰੀਓ | ਨਾਗਾਲੈਂਡ | 46.95 ਕਰੋੜ ਰੁਪਏ |
| ਐਨ ਰੰਗਾਸਵਾਮੀ | ਪੁਡੂਚੇਰੀ | 38.39 ਕਰੋੜ ਰੁਪਏ |
| ਕੇ ਚੰਦਰਸ਼ੇਖਰ ਰਾਓ | ਤੇਲੰਗਾਨਾ | 23.55 ਕਰੋੜ ਰੁਪਏ |
| ਭੁਪੇਸ਼ ਬਘੇਲ | ਛੱਤੀਸਗੜ੍ਹ | 23.05 ਕਰੋੜ ਰੁਪਏ |
| ਹਿਮਾਂਤਾ ਬਿਸਵਾ | ਅਸਾਮ | 17.27 ਕਰੋੜ ਰੁਪਏ |
| ਕੋਨਰਾਡ ਸੰਗਮਾ | ਮੇਘਾਲਿਆ | 14.06 ਕਰੋੜ ਰੁਪਏ |
| ਮਾਨਿਕ ਸਾਹਾ | ਤ੍ਰਿਪੁਰਾ | 13.90 ਕਰੋੜ ਰੁਪਏ |
| ਏਕਨਾਥ ਸ਼ਿੰਦੇ | ਮਹਾਰਾਸ਼ਟਰ | 11.56 ਕਰੋੜ ਰੁਪਏ |
| ਪ੍ਰਮੋਦ ਸਾਵੰਤ | ਗੋਆ | 9.37 ਕਰੋੜ ਰੁਪਏ |
| ਬਸਵਰਾਜ ਬੋਮਈ | ਕਰਨਾਟਕ | 8.92 ਕਰੋੜ ਰੁਪਏ |
| ਐਮ ਕੇ ਸਟਾਲਿਨ | ਤਾਮਿਲਨਾਡੂ | 8.88 ਕਰੋੜ ਰੁਪਏ |
| ਹੇਮੰਤ ਸੋਰੇਨ | ਝਾਰਖੰਡ | 8.51 ਕਰੋੜ ਰੁਪਏ |
| ਭੂਪੇਂਦਰ ਪਟੇਲ | ਗੁਜਰਾਤ | 8.22 ਕਰੋੜ ਰੁਪਏ |
| ਸੁਖਵਿੰਦਰ ਸਿੰਘ ਸੁੱਖ | ਹਿਮਾਚਲ ਪ੍ਰਦੇਸ਼ | 7.81 ਕਰੋੜ ਰੁਪਏ |
| ਸ਼ਿਵਰਾਜ ਸਿੰਘ ਚੌਹਾਨ | ਮੱਧ ਪ੍ਰਦੇਸ਼ | 7.66 ਕਰੋੜ ਰੁਪਏ |
| ਅਸ਼ੋਕ ਗਹਿਲੋਤ | ਰਾਜਸਥਾਨ | 6.53 ਕਰੋੜ ਰੁਪਏ |
| ਪੁਸ਼ਕਰ ਧਾਮੀ | ਉੱਤਰਾਖੰਡ | 4.64 ਕਰੋੜ ਰੁਪਏ |
| ਪ੍ਰੇਮ ਸਿੰਘ ਤਮਾਂਗ | ਸਿੱਕਮ | 3.89 ਕਰੋੜ ਰੁਪਏ |
| ਜ਼ੋਰਮਥੰਗਾ | ਮਿਜ਼ੋਰਮ | 3.84 ਕਰੋੜ ਰੁਪਏ |
| ਅਰਵਿੰਦ ਕੇਜਰੀਵਾਲ | ਦਿੱਲੀ | 3.44 ਕਰੋੜ ਰੁਪਏ |
| ਨਿਤੀਸ਼ ਕੁਮਾਰ | ਬਿਹਾਰ | 3.09 ਕਰੋੜ ਰੁਪਏ |
| ਭਗਵੰਤ ਮਾਨ | ਪੰਜਾਬ | 1.97 ਕਰੋੜ ਰੁਪਏ |
| ਯੋਗੀ ਆਦਿੱਤਿਆਨਾਥ | ਉੱਤਰ ਪ੍ਰਦੇਸ਼ | 1.54 ਕਰੋੜ ਰੁਪਏ |
| ਬੀਰੇਨ ਸਿੰਘ | ਮਨੀਪੁਰ | 1.47 ਕਰੋੜ ਰੁਪਏ |
| ਮਨੋਹਰ ਲਾਲ ਖੱਟਰ | ਹਰਿਆਣਾ | 1.27 ਕਰੋੜ ਰੁਪਏ |
| ਪਿਨਾਰਾਈ ਵਿਜਯਨ | ਕੇਰਲ | 1.18 ਕਰੋੜ ਰੁਪਏ |
| ਮਮਤਾ ਬੈਨਰਜੀ | ਪੱਛਮੀ ਬੰਗਾਲ | 15 ਲੱਖ ਰੁਪਏ |

ਇਸ ਦੀ ਰਿਪੋਰਟ ਹੋਣੀ ਚਾਹੀਦੀ ਹੈ। ਪਰ ਉਨ੍ਹਾਂ ਨੂੰ ਕਿਸ ਨੇ ਬਣਾਇਆ ? ਸਭ ਕੁਝ ਉਨ੍ਹਾਂ ਦੇ ਅਧੀਨ ਹੈ। ਜਦੋਂ ਕੋਈ ਆਰਟੀਆਈ ਰਾਹੀਂ ਜਾਣਕਾਰੀ ਮੰਗਦਾ ਹੈ, ਤਾਂ ਅਜਿਹੇ ਮਾਮਲਿਆਂ ਵਿੱਚ ਗੁਪਤਤਾ ਦੀ ਆੜ ਵਿੱਚ ਇਸ ਤੋਂ ਇਨਕਾਰ ਕਰ ਦਿੱਤਾ ਜਾਂਦਾ ਹੈ। ਜੇਕਰ ਤੁਸੀਂ ਉਨ੍ਹਾਂ ਦੀ ਜਾਇਦਾਦ ਜਾਂ ਉਨ੍ਹਾਂ ਦੇ ਕਿਸੇ ਵੀ ਮਾਮਲੇ ਬਾਰੇ ਜਾਣਕਾਰੀ ਮੰਗਦੇ ਹੋ, ਤਾਂ ਜਾਣਕਾਰੀ ਪਹਿਲਾਂ ਉਨ੍ਹਾਂ ਤੱਕ ਪਹੁੰਚਦੀ ਹੈ। ਫਿਰ ਜਾਣਕਾਰੀ ਮੰਗਣ ਵਾਲੇ ਵਿਅਕਤੀ ਦੀ ਕੁੰਡਲੀ ਕੱਢੀ ਜਾਂਦੀ ਹੈ। ਫਿਰ ਉਸ ਨੂੰ ਇਸ ਤਰ੍ਹਾਂ ਨੱਚਣ ਲਈ ਬਣਾਇਆ ਜਾਂਦਾ ਹੈ ਕਿ ਗਰੀਬ ਆਦਮੀ ਸਭ ਕੁਝ ਭੁੱਲ ਜਾਂਦਾ ਹੈ। ਇਹੀ ਕਾਰਨ ਹੈ ਕਿ ਲੀਡਰ ਸਾਰੀਆਂ ਜਾਂਚਾਂ ਤੋਂ ਬਚ ਜਾਂਦੇ ਹਨ। ਆਮ ਆਦਮੀ ਦੁਖੀ ਹੁੰਦਾ

(ਬਾਕੀ ਸਫ਼ਾ 31 'ਤੇ)

# ਕੀ ਅਮਰੀਕਾ ਦੇ ਸੁਪਰ ਪਾਵਰ ਤੇ ਡਾਲਰ ਦੇ ਰੁਤਬੇ ਦਾ ਹੋ ਰਿਹਾ ਹੈ ਅੰਤ ?

➢ ਚੀਨ ਤੇ ਰੂਸ ਮਿਲਕੇ ਚੀਨੀ ਕਰੰਸੀ ਯੁਆਨ ਨੂੰ ਉਭਾਰਨ ਲੱਗੇ, ਫਰਾਂਸ ਵੀ ਚੀਨ ਦੇ ਸੰਪਰਕ ਵਿੱਚ

➢ ਟੀ.ਵੀ. ਨਿਊਜ਼ ਚੈਨਲ ਸੀ.ਐਨ.ਐਨ. ਤੇ ਨਿਊਜ਼ ਚੈਨਲ ਫੌਕਸ ਟੀ.ਵੀ. ਨੇ ਡਾਲਰ ਦੇ ਘਟ ਰਹੇ ਬੋਲਬਾਲੇ ਬਾਰੇ ਛੇੜੀ ਬਹਿਸ



ਪ੍ਰੋ. ਬਲਵਿੰਦਰ ਪਾਲ ਸਿੰਘ
9815700916



ਯੂਕਰੇਨ ਜੰਗ ਕਾਰਨ ਅਮਰੀਕੀ ਸਾਮਰਾਜ ਵੱਲ਼ੋਂ ਰੂਸ 'ਤੇ ਲਾਈਆਂ ਪਾਬੰਦੀਆਂ ਦੇ ਭਿਆਨਕ ਸਿੱਟੇ ਇੱਕ ਪਾਸੇ ਫੌਰੀ ਤੌਰ 'ਤੇ ਮਹਿੰਗਾਈ ਦੇ ਰੂਪ ਵਿੱਚ ਸੰਸਾਰ ਭਰ ਦੇ ਕਿਰਤੀ ਲੋਕਾਂ ਨੂੰ ਭੁਗਤਣੇ ਪੈ ਰਹੇ ਹਨ ਤੇ ਦੂਜੇ ਪਾਸੇ ਦੂਰ ਰਸ ਤੌਰ 'ਤੇ ਇਸ ਨੇ ਕੌਮਾਂਤਰੀ ਵਿੱਤੀ ਪ੍ਰਬੰਧ ਵਿੱਚ ਬੁਨਿਆਦੀ ਬਦਲਾਅ ਲਈ ਜ਼ਮੀਨ ਤਿਆਰ ਹੋ ਚੁੱਕੀ ਹੈ। ਰੂਸ 'ਤੇ ਬੰਦਸ਼ਾਂ ਦੇ ਮੱਦੇਨਜ਼ਰ ਹੁਣ ਜ਼ੋਰ-ਸ਼ੋਰ ਨਾਲ਼ ਡਾਲਰ ਰਹਿਤ ਕੌਮਾਂਤਰੀ ਮੁਦਰਾ ਪ੍ਰਬੰਧ ਦੀ ਚਰਚਾ ਛਿੜ ਗਈ ਹੈ।ਚੀਨ ਇਸ ਦੀ ਅਗਵਾਈ ਲਈ ਰੂਸ ਨਾਲ ਮਿਲਕੇ ਵਿਉਂਤਬੰਦੀ ਕਰ ਰਿਹਾ ਹੈ।ਬੀਤੇ ਸਮੇਂ ਦੌਰਾਨ ਇੱਕ ਅਮਰੀਕਾ ਵਿੱਚ, ਡੈਮੋਕ੍ਰੇਟਿਕ ਪਾਰਟੀ ਅਤੇ ਲਿਬਰਲ ਝੁਕਾਅ ਵਾਲੇ ਟੀਵੀ ਨਿਊਜ਼ ਚੈਨਲ ਸੀਐਨਐਨ ਨੇ ਡੀ-ਡਾਲਰਾਈਜ਼ੇਸ਼ਨ 'ਤੇ ਇੱਕ ਵਿਸ਼ੇਸ਼ ਪ੍ਰੋਗਰਾਮ ਪ੍ਰਸਾਰਿਤ ਕੀਤਾ। ਇਸ ਪ੍ਰਸਾਰਣ ਦੇ ਇੱਕ ਦਿਨ ਬਾਅਦ ਇੱਕ ਰਿਪਬਲਿਕਨ ਪਾਰਟੀ ਸਮਰਥਕ , ਕੰਜਰਵੇਟਿਵ ਨਿਊਜ਼ ਚੈਨਲ ਫੌਕਸ ਟੀਵੀ, ਨੇ ਵੀ ਇਸ ਵਿਸ਼ੇ 'ਤੇ ਇੱਕ ਵਿਸ਼ੇਸ਼ ਪ੍ਰੋਗਰਾਮ ਪ੍ਰਸਾਰਿਤ ਕੀਤਾ। ਦਿਲਚਸਪ ਗੱਲ ਇਹ ਹੈ ਕਿ ਇਸ ਚਰਚਾ ਵਿੱਚ ਦੋਵਾਂ ਚੈਨਲਾਂ ਨੇ ਇਕੋ ਜਿਹਾ ਨਤੀਜਾ ਕਢਿਆ ਕਿ ਡਾਲਰ ਦੇ ਦਿਨ ਬੀਤ ਚੁਕੇ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਅਮਰੀਕਾ ਵਿੱਚ ਇਹਨਾਂ ਦੋਵਾਂ ਚੈਨਲਾਂ ਦੇ ਵਿਚਾਰ ਮੇਲ ਨਹੀਂ ਖਾਂਦੇ, ਪਰ ਇਸ ਮਸਲੇ ਉਪਰ ਦੋਹਾਂ ਦੇ ਵਿਚਾਰ ਮੇਲ ਖਾਂਦੇ ਹਨ।

ਸੀਐਨਐਨ ਦੇ ਪ੍ਰੋਗਰਾਮ ਦੇ ਮਸ਼ਹੂਰ ਟਿੱਪਣੀਕਾਰ ਫਰੀਦ ਜ਼ਕਰੀਆ ਨੇ ਆਪਣੇ ਦਰਸ਼ਕਾਂ ਨੂੰ ਦੱਸਿਆ ਕਿ ਵਿਸ਼ਵ ਵਪਾਰ ਪ੍ਰਣਾਲੀ ਵਿੱਚ ਡੀ-ਡਾਲਰਾਈਜ਼ੇਸ਼ਨ ਦਾ ਮਤਲਬ ਡਾਲਰ ਦੀ ਸਰਦਾਰੀ ਦਾ ਅੰਤ ਹੋ ਗਿਆ ਹੈ। ਅਮਰੀਕਾ ਅਤੇ ਇਸਦੇ ਲੋਕਾਂ ਨੂੰ ਇਸਦੇ ਬੁਰੇ ਨਤੀਜੇ ਭੁਗਤਣੇ ਪੈਣਗੇ। ਫੌਕਸ ਟੀਵੀ ਦੇ ਇੱਕ ਪ੍ਰੋਗਰਾਮ ਵਿੱਚ ਅਮਰੀਕਾ ਦੀ ਸਾਬਕਾ ਸਹਾਇਕ ਖਜ਼ਾਨਾ ਸਕੱਤਰ ਮੋਨਿਕਾ ਕਰਾਊਲੀ ਨੇ ਦੱਸਿਆ ਕਿ ਇੱਕ ਵਾਰ ਡਾਲਰ ਦਾ ਦਬਦਬਾ ਖਤਮ ਹੋਣ ਤੋਂ ਬਾਅਦ ਮੁਦਰਾ ਅਤੇ ਵਿੱਤੀ ਮਾਮਲਿਆਂ ਵਿੱਚ ਅਮਰੀਕਾ ਨੂੰ ਦਹਾਕਿਆਂ ਤੋਂ ਮਿਲ ਰਹੀਆਂ ਵਿਸ਼ੇਸ਼ ਸਹੂਲਤਾਂ ਖਤਮ ਹੋ ਜਾਣਗੀਆਂ। ਉਨ੍ਹਾਂ ਕਿਹਾ ਕਿ ਅਜਿਹੀ ਸਥਿਤੀ ਵਿੱਚ ਮਹਿੰਗਾਈ ਕੰਟਰੋਲ ਤੋਂ ਬਾਹਰ ਹੋ ਜਾਵੇਗੀ, ਅਮਰੀਕਾ ਦੀ ਵਿਸ਼ਵ ਵਿੱਚ ਆਰਥਿਕ ਸਰਦਾਰੀ ਖ਼ਤਮ ਹੋ ਜਾਵੇਗੀ ਅਤੇ ਅਮਰੀਕਾ ਇੱਕ ਮਹਾਂਸ਼ਕਤੀ ਵਜੋਂ ਆਪਣਾ ਦਰਜਾ ਗੁਆ ਬੈਠੇਗਾ।

30 ਮਾਰਚ ਨੂੰ ਮਸ਼ਹੂਰ ਬ੍ਰਿਟਿਸ਼ ਅਖਬਾਰ ਦ ਫਾਈਨੈਂਸ਼ੀਅਲ ਟਾਈਮਜ਼ ਨੇ ਇੱਕ ਵਿਸ਼ਲੇਸ਼ਣ ਪ੍ਰਕਾਸ਼ਿਤ ਕੀਤਾ ਜਿਸ ਦਾ ਸਿਰਲੇਖ ਸੀ: ਬਹੁ-ਧਰੁਵੀ ਮੁਦਰਾ ਵਾਲੇ ਸੰਸਾਰ ਲਈ ਤਿਆਰ ਰਹੋ। ਇਸ ਤੋਂ ਪਹਿਲਾਂ ਅਮਰੀਕੀ ਟੀਵੀ ਚੈਨਲ ਸੀਐਨਬੀਸੀ ਉਪਰ ਮਾਰਕੀਟ ਵਿਸ਼ਲੇਸ਼ਕ ਅਤੇ ਰੌਕਫੈਲਰ ਇੰਟਰਨੈਸ਼ਨਲ ਦੇ ਚੇਅਰਮੈਨ ਰੁਚਿਰ ਸ਼ਰਮਾ ਇਹ ਕਹਿ ਚੁਕੇ ਸਨ ਕਿ ਅਸੀਂ ਡਾਲਰ ਤੋਂ ਬਾਅਦ ਦੀ ਦੁਨੀਆ ਵੱਲ ਵਧ ਰਹੇ ਹਾਂ।

ਇਹ ਸਾਰੀਆਂ ਘਟਨਾਵਾਂ ਦੁਨੀਆਂ ਵਿੱਚ ਆਉਣ ਵਾਲੀ ਇੱਕ ਵੱਡੀ ਤਬਦੀਲੀ ਦਾ ਸੰਕੇਤ ਹਨ, ਜਿਸ ਦੀ ਭਵਿੱਖਬਾਣੀ ਕਾਫੀ ਸਮੇਂ ਤੋਂ ਕੀਤੀ ਜਾ ਰਹੀ ਸੀ, ਪਰ ਸ਼ਾਇਦ ਕੋਈ ਵੀ ਅੰਦਾਜ਼ਾ ਨਹੀਂ ਲਗਾ ਸਕਦਾ ਸੀ ਕਿ ਇਹ ਸਾਰੀ ਘਟਨਾ ਇੰਨੀ ਤੇਜ਼ੀ ਨਾਲ ਵਾਪਰ ਜਾਵੇਗੀ। ਯੂਕਰੇਨ ਯੁੱਧ ਸ਼ੁਰੂ ਹੋਣ ਦੇ ਸਮੇਂ ਤੱਕ ਜੋ ਲੋਕ, ਡੀ -ਡਾਲਰਾਈਜ਼ੇਸ਼ਨ ਦੀ ਗੱਲ ਕਰਦੇ ਸਨ, ਉਹ ਡਾਲਰ ਦੇ ਬਾਅਦ ਦਾ ਦੌਰ ਆਉਣ ਲਈ 20 ਤੋਂ 30 ਸਾਲ ਦੇ ਸਮੇਂ ਦਾ ਅੰਦਾਜ਼ਾ ਲਗਾਉਂਦੇ ਸਨ। ਪਰ 2022 ਵਿੱਚ, ਯੂਕਰੇਨ ਯੁੱਧ ਤੋਂ ਬਾਅਦ, ਜਦੋਂ ਪੱਛਮੀ ਦੇਸ਼ਾਂ - ਖਾਸ ਤੌਰ 'ਤੇ ਅਮਰੀਕਾ ਨੇ ਰੂਸ ਦੀ 300 ਬਿਲੀਅਨ ਡਾਲਰ ਦੀ ਵਿਦੇਸ਼ੀ ਮੁਦਰਾ ਜ਼ਬਤ ਕਰ ਲਈ ਅਤੇ ਰੂਸ 'ਤੇ ਸਖਤ ਪਾਬੰਦੀਆਂ ਲਗਾ ਦਿੱਤੀਆਂ, ਤਾਂ ਅਚਾਨਕ ਡੀ-ਡਾਲਰਾਈਜ਼ੇਸ਼ਨ ਇੱਕ ਅਜਿਹਾ ਵਰਤਾਰਾ ਬਣ ਗਿਆ ਜੋ 2023 ਵਿੱਚ ਦੇਖਣ ਨੂੰ ਮਿਲ ਰਿਹਾ ਹੈ।

ਪਿਛਲੇ ਸਾਲ, ਏਸ਼ੀਆ ਤੋਂ ਲੈ ਕੇ ਯੂਰਪ ਅਤੇ ਲਾਤੀਨੀ ਅਮਰੀਕਾ ਤੱਕ, ਇਹ ਚਰਚਾ ਤੇਜ਼ੀ ਨਾਲ ਅੱਗੇ ਵਧੀ ਕਿ ਅਮਰੀਕਾ ਨੇ ਆਪਣੇ ਰਾਜਨੀਤਕ ਅਤੇ ਰਣਨੀਤਕ ਹਿੱਤਾਂ ਦੀ ਪੂਰਤੀ ਲਈ ਆਪਣੀ ਮੁਦਰਾ ਡਾਲਰ ਨੂੰ ਇੱਕ ਹਥਿਆਰ ਬਣਾ ਲਿਆ ਹੈ। ਜਿਹੜੇ ਦੇਸ਼ ਉਸ ਦੀ ਇੱਛਾ ਅਨੁਸਾਰ ਨਹੀਂ ਚਲਦੇ, ਉਹਨਾਂ ਨੂੰ ਡਾਲਰਾਂ ਵਿੱਚ ਭੁਗਤਾਨ ਦੀ ਵਿਸ਼ਵ ਪ੍ਰਣਾਲੀ (ਸਵਿਫਟ) ਤੋਂ ਬਾਹਰ ਕਰ ਦਿਤਾ ਜਾਂਦਾ ਹੈ, ਸਗੋਂ ਡਾਲਰ ਦੀ ਮੁਦਰਾ ਵਿੱਚ ਕੀਤੇ ਗਏ ਨਿਵੇਸ਼ ਉਪਰ ਕਬਜ਼ਾ ਕਰ ਲੈਂਦਾ।ਰੂਸ ਤੋਂ ਪਹਿਲਾਂ, ਇਰਾਨ, ਵੈਨੇਜ਼ੁਏਲਾ ਅਤੇ ਅਫਗਾਨਿਸਤਾਨ ਇਸ ਅਮਰੀਕੀ ਹਥਿਆਰ ਦਾ ਸ਼ਿਕਾਰ ਹੋ ਚੁੱਕੇ ਹਨ।

ਇਹਨਾਂ ਅਮਰੀਕੀ ਪਾਬੰਦੀਆਂ ਦੇ ਕਾਰਨ, ਰੂਸ ਨੂੰ ਡਾਲਰ ਤੋਂ ਹਟਕੇ ਵਪਾਰ ਕਰਨ ਲਈ ਮਜ਼ਬੂਰ ਹੋਣਾ ਪਿਆ ਸੀ. ਦੂਜੇ ਪਾਸੇ ਦੂਜੇ ਦੇਸ਼ਾਂ ਨੂੰ ਰੂਸ ਕਾਰਨ ਇਹ ਸੰਦੇਸ਼ ਗਿਆ ਕਿ ਉਨ੍ਹਾਂ ਨੂੰ ਵੀ ਸਮੇਂ ਸਿਰ ਅੰਤਰਰਾਸ਼ਟਰੀ ਭੁਗਤਾਨ ਲਈ ਡਾਲਰ ਵਿਰੁੱਧ ਬਦਲ ਪ੍ਰਣਾਲੀ ਲੱਭਣੀ ਚਾਹੀਦੀ ਹੈ। ਚੀਨ ਇਸ ਮਸਲੇ ਉਪਰ ਅਗਵਾਈ ਕਰ ਰਿਹਾ ਹੈ ਜਿਸਨੂੰ ਘੇਰਨਾ ਅਤੇ ਜਿਸਦੀ ਤਾਕਤ ਨੂੰ ਕੰਟਰੋਲ ਕਰਨਾ ਪਿਛਲੇ ਕੁਝ ਸਾਲਾਂ ਤੋਂ ਅਮਰੀਕਾ / ਪੱਛਮ ਦੀ ਤਰਜੀਹ ਬਣੀ ਹੋਈ ਹੈ। ਇਸ ਲਈ ਚੀਨ ਵੀ ਡੀ-ਡਾਲਰਾਈਜ਼ੇਸ਼ਨ ਨੂੰ ਅੱਗੇ ਵਧਾਉਣ ਤੇ ਪੱਛਮ ਨਾਲ ਟਕਰ ਲੈਣ ਲਈ ਸਰਗਰਮੀ ਨਾਲ ਜੁਟ ਗਿਆ ਹੈ।

ਪਿਛਲੇ ਸਾਲ ਇਹ ਚਰਚਾ ਛਿੜੀ ਰਹੀ ਸੀ ਕਿ ਕਿਹੜੀ ਕਰੰਸੀ ਡਾਲਰ ਦੀ ਥਾਂ ਲਵੇਗੀ? ਹਾਲਾਂਕਿ ਚੀਨ ਅਮਰੀਕਾ ਤੋਂ ਬਾਅਦ ਦੁਨੀਆ ਦੀ ਦੂਜੀ ਸਭ ਤੋਂ ਵੱਡੀ ਅਰਥਵਿਵਸਥਾ ਹੈ, ਪਰ ਜੇਕਰ ਅਸੀਂ ਵਸਤੂਆਂ ਦੇ ਕਾਰੋਬਾਰ ਦੀ ਮਾਤਰਾ ਨੂੰ ਵੇਖੀਏ ਤਾਂ ਚੀਨ ਇਸ ਵਿੱਚ ਪਹਿਲੇ ਨੰਬਰ 'ਤੇ ਹੈ। ਇਹ ਲਗਭਗ 130 ਦੇਸ਼ਾਂ ਦਾ ਸਭ ਤੋਂ ਵੱਡਾ ਵਪਾਰਕ ਭਾਈਵਾਲ ਹੈ। ਅਜਿਹੀ ਸਥਿਤੀ ਵਿੱਚ ਚੀਨ ਦੀ ਕਰੰਸੀ ਯੁਆਨ ਨੂੰ ਡਾਲਰ ਦੀ ਥਾਂ ਰੱਖਣਾ ਯੋਗ ਸਮਝਿਆ ਜਾ ਰਿਹਾ ਹੈ।ਬਿਲਕੁਲ ਉਸੇ ਤਰ੍ਹਾਂ ਜਿਵੇਂ 1971 ਤੋਂ ਬਾਅਦ ਅਮਰੀਕੀ ਕਰੰਸੀ ਡਾਲਰ ਨੂੰ ਤਰਜੀਹ ਦਿਤੀ ਗਈ ਸੀ। ਅਜਿਹੀ ਸਥਿਤੀ ਵਿੱਚ ਅੰਤਰਰਾਸ਼ਟਰੀ ਵਪਾਰ ਦੀ ਮੁਦਰਾ ਬਣਨ ਦੇ ਯੁਵਾਨ ਦੇ ਦਾਅਵੇ ਨੂੰ ਸਭ ਤੋਂ ਮਜ਼ਬੂਤ ? ?ਮੰਨਿਆ ਜਾ ਰਿਹਾ ਹੈ। ਪਰ ਅੰਤਰਰਾਸ਼ਟਰੀ ਬਾਜ਼ਾਰ ਦੇ ਕਰਤਾ ਧਰਤਾ ਸ਼ਿਕਾਇਤ ਕਰਦੇ ਹਨ ਕਿ ਚੀਨ ਵਿੱਚ ਪੂੰਜੀ ਕੰਟਰੋਲ ਦੀ ਸਖਤ ਨੀਤੀ ਲਾਗੂ ਹੈ। ਅਜਿਹੀ ਸਥਿਤੀ ਵਿੱਚ ਅਮਰੀਕਾ ਵਾਂਗ ਉਥੋਂ ਮੁਦਰਾ ਦਾ ਮੁਕਤ ਪ੍ਰਵਾਹ ਸੰਭਵ ਨਹੀਂ ਹੈ। ਯੁਆਨ ਦੇ ਵਿਸ਼ਵ ਮੁਦਰਾ ਬਣਨ ਦੇ ਰਾਹ ਵਿੱਚ ਇਹ ਸਭ ਤੋਂ ਵੱਡੀ ਰੁਕਾਵਟ ਦੱਸਿਆ ਜਾ ਰਿਹਾ ਹੈ।

ਪਰ ਨਵੇਂ ਉਭਰ ਰਹੇ ਸੰਸਾਰ ਵਿੱਚ, ਲੱਗਦਾ ਹੈ ਕਿ ਇਹ ਤਰਕ ਅਪ੍ਰਸੰਗਿਕ ਹੋ ਗਿਆ ਹੈ। ਪੰਜ ਅਰਥ ਸ਼ਾਸਤਰੀਆਂ ਨੇ ਇੱਕ ਤਾਜ਼ਾ ਖੋਜ ਪੱਤਰ ਵਿੱਚ ਕਿਹਾ ਹੈ ਕਿ ਪੂੰਜੀ ਨਿਯੰਤਰਣ ਦੀ ਨੀਤੀ ਯੁਆਨ ਦੇ ਰਾਹ ਵਿੱਚ ਕੋਈ ਰੁਕਾਵਟ ਨਹੀਂ ਹੈ - ਸਗੋਂ ਯੁਆਨ ਪੂਰੀ ਤਰ੍ਹਾਂ ਵੱਖਰੇ ਤਰੀਕੇ ਨਾਲ ਸਫਰ ਤਹਿ ਕਰਦੇ ਹੋਏ ਵਿਸ਼ਵ ਵਪਾਰ ਦੀ ਮੁਦਰਾ ਬਣ ਸਕਦਾ ਹੈ। ਅਸਲ ਵਿਚ ਵੱਖ-ਵੱਖ ਦੇਸ਼ ਇਸ ਕਥਿਤ ਅੜਿੱਕੇ ਦੇ ਬਾਵਜੂਦ ਯੁਆਨ ਨੂੰ ਅਪਣਾਉਣ ਲਈ ਤਿਆਰ ਨਜ਼ਰ ਆ ਰਹੇ ਹਨ।ਬੀਤੇ ਦੋ ਹਫਤਿਆਂ ਤੋਂ ਫਰਾਂਸ ਚੀਨ ਦੇ ਸੰਪਰਕ ਵਿਚ ਹੈਤੇ ਯੂਰਪੀਅਨ ਦੇਸਾਂ ਨੂੰ ਅਮਰੀਕੀ ਕੰਟਰੋਲ ਤੋਂ ਬਾਹਰ ਆਉਣ ਦਾ ਤੇ ਯੂਰਪੀਅਨ ਖੁਦਮੁਖਤਿਆਰੀ ਦਾ ਸੱਦਾ ਦੇ ਰਿਹਾ ਹੈ।

ਯਾਦ ਰਹੇ ਕਿ ਪਿਛਲੇ ਮਹੀਨੇ (20-22 ਮਾਰਚ)ਦੇ ਦੌਰਾਨ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਦੀ ਰੂਸ ਯਾਤਰਾ ਦੌਰਾਨ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਐਲਾਨ ਕੀਤਾ ਸੀ ਕਿ ਹੁਣ ਰੂਸ ਯੁਆਨ ਵਿੱਚ ਏਸ਼ੀਆ, ਅਫਰੀਕਾ ਅਤੇ ਲੈਟਿਨ ਅਮਰੀਕਾ ਦੇ ਦੇਸ਼ਾਂ ਨਾਲ ਆਪਣਾ ਸਾਰਾ ਕਾਰੋਬਾਰ ਕਰੇਗਾ। ਚੀਨ ਨਾਲ ਉਸ ਦੇ ਸਾਰੇ ਭੁਗਤਾਨ ਪਹਿਲਾਂ ਹੀ ਇਸ ਮੁਦਰਾ ਵਿੱਚ ਕੀਤੇ ਜਾ ਰਹੇ ਹਨ। ਇਹ ਐਲਾਨ ਇਸ ਲਿਹਾਜ਼ ਨਾਲ ਮਹੱਤਵਪੂਰਨ ਸੀ ਕਿ ਇਸ ਤੋਂ ਪਹਿਲਾਂ ਰੂਸ ਵੱਖ-ਵੱਖ ਦੇਸ਼ਾਂ ਤੋਂ ਆਪਣੀ ਕਰੰਸੀ ਰੂਬਲ ਵਿਚ ਭੁਗਤਾਨ ਦੀ ਮੰਗ ਕਰ ਰਿਹਾ ਸੀ। ਇਹ ਸਪੱਸ਼ਟ ਹੈ ਕਿ ਮਾਰਚ ਦੇ ਤੀਜੇ ਹਫ਼ਤੇ ਤੱਕ ਪੁਤਿਨ ਇਸ ਸਿੱਟੇ 'ਤੇ ਪਹੁੰਚ ਗਏ ਸਨ ਕਿ ਰੂਸੀ ਅਰਥਵਿਵਸਥਾ ਅਤੇ ਮੁਦਰਾ ਦੀ ਉਹੋ ਜਿਹੀ ਹੈਸੀਅਤ ਨਹੀਂ ਹੈ ਕਿ ਹੋਰ ਦੇਸ ਉਸਨੂੰ ਵਪਾਰ ਦੀ ਮੁਦਰਾ ਦੇ ਰੂਪ ਵਿਚ ਸਵੀਕਾਰ ਕਰ ਲੈਣ। । ਇਸ ਲਈ ਉਸ ਨੇ ਯੁਆਨ ਨੂੰ ਅਪਨਾਉਣ ਦਾ ਐਲਾਨ ਕੀਤਾ ਹੈ।ਇਸ ਐਲਾਨ ਨੇ ਸਾਰੀ ਤਸਵੀਰ ਹੀ ਬਦਲ ਦਿੱਤੀ ਹੈ। ਹੁਣ ਸਾਊਦੀ ਅਰਬ, ਸੰਯੁਕਤ ਅਰਬ ਅਮੀਰਾਤ ਅਤੇ ਬ੍ਰਾਜ਼ੀਲ ਯੁਆਨ ਨੂੰ ਅਪਣਾਉਣ ਲਈ ਰਾਜ਼ੀ ਹੋ ਗਏ ਹਨ। ਪਰ ਸਭ ਤੋਂ ਹੈਰਾਨੀਜਨਕ ਖ਼ਬਰ ਇਹ ਆਈ ਕਿ ਫਰਾਂਸ ਦੀ ਊਰਜਾ ਕੰਪਨੀ ਟੋਟਲ ਐਨਰਜੀਜ਼ ਨੇ ਚੀਨ ਦੇ ਨਾਲ ਆਪਣੇ ਕਾਰੋਬਾਰ ਦੌਰਾਨ ਯੁਆਨ ਵਿੱਚ ਆਪਣਾ ਪਹਿਲਾ ਭੁਗਤਾਨ ਕੀਤਾ। ਇਸ ਤਰ੍ਹਾਂ ਇਹ ਸਪੱਸ਼ਟ ਹੁੰਦਾ ਜਾ ਰਿਹਾ ਹੈ ਕਿ ਜਦੋਂ ਤੱਕ ਸਰਬਸੰਮਤੀ ਨਾਲ ਤਿਆਰ ਨਵੀਂ ਵਿਸ਼ਵ ਮੁਦਰਾ ਹੋਂਦ ਵਿੱਚ ਨਹੀਂ ਆਉਂਦੀ, ਉਦੋਂ ਤੱਕ ਦੁਨੀਆ ਦੇ ਕਈ ਦੇਸ਼ ਯੁਆਨ ਨੂੰ ਉਹੀ ਦਰਜਾ ਦੇਣ ਜਾ ਰਹੇ ਹਨ, ਜੋ ਹੁਣ ਤੱਕ ਡਾਲਰ ਨੂੰ ਦਿੱਤਾ ਜਾਂਦਾ ਰਿਹਾ ਹੈ।ਇਸ ਵਿੱਚ ਸਾਊਦੀ ਅਰਬ ਦਾ ਸਟੈਂਡ ਵੀ ਖਾਸ ਹੈ। ਸਾਊਦੀ ਅਰਬ ਨੇ 1973 ਵਿੱਚ ਐਲਾਨ ਕੀਤਾ ਸੀ ਕਿ ਉਹ ਕੱਚਾ ਤੇਲ ਸਿਰਫ਼ ਡਾਲਰ ਵਿੱਚ ਵੇਚੇਗਾ। ਇਸ ਨਾਲ ਪੈਟਰੋ-ਡਾਲਰ ਵੀ ਚਲਣ ਲਗ ਪਿਆ। ਜਦੋਂ ਦੁਨੀਆ ਦੇ ਸਭ ਤੋਂ ਵੱਡੇ ਤੇਲ ਉਤਪਾਦਕ ਦੇਸ਼ ਨੇ ਸਿਰਫ ਡਾਲਰ ਸਵੀਕਾਰ ਕਰਨ ਦੀ ਸ਼ਰਤ ਰੱਖੀ ਤਾਂ ਬਾਕੀ ਸਾਰੇ ਦੇਸ਼ਾਂ ਲਈ ਆਪਣੇ ਕਰੰਸੀ ਭੰਡਾਰ ਵਿੱਚ ਡਾਲਰ ਰੱਖਣਾ ਲਾਜ਼ਮੀ ਹੋ ਗਿਆ। ਹੁਣ ਉਹੀ ਸਾਊਦੀ ਅਰਬ ਯੁਆਨ ਵਿੱਚ ਵੀ ਭੁਗਤਾਨ ਸਵੀਕਾਰ ਕਰਨ ਵੱਲ ਵਧਿਆ ਹੈ।ਇਸ ਦੌਰਾਨ, ਉਭਰਦੀਆਂ ਅਰਥਵਿਵਸਥਾਵਾਂ ਵਾਲੇ ਦੇਸ਼ਾਂ ਦਾ ਸਮੂਹ ਬ੍ਰਿਕਸ (ਬ੍ਰਾਜ਼ੀਲ-ਰੂਸ-ਭਾਰਤ-ਚੀਨ-ਦੱਖਣੀ ਅਫਰੀਕਾ), ਆਪਣੀ ਖੁਦ ਦੀ ਮੁਦਰਾ ਤਿਆਰ ਕਰਨ ਦੀ ਪ੍ਰਕਿਰਿਆ ਵਿੱਚ ਰੁੱਝਿਆ ਹੋਇਆ ਹੈ। ਰੂਸ ਦੇ ਸੰਸਦ ਡਿਊਮਾ ਦੇ ਡਿਪਟੀ ਮੁਖੀ ਅਲੈਗਜ਼ੈਂਡਰ ਬਾਬਾਕੋਵ ਨੇ ਕਿਹਾ ਕਿ 'ਬੁਨਿਆਦੀ ਤੌਰ 'ਤੇ ਇਕ ਬਿਲਕੁਲ ਵੱਖਰੀ ਮੁਦਰਾ ਬਣਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

(ਬਾਕੀ ਸਫ਼ਾ 30 'ਤੇ)

# ਕੈਂਸਰ ਹੁਣ ਜੜ੍ਹੋਂ ਹੋਵੇਗਾ ਖ਼ਤਮ

## ਮਨੁੱਖ ਦੇ ਡੀ.ਐਨ.ਏ. ਵਿੱਚ ਛੁਪੇ ਹੋ ਸਕਦੇ ਹਨ ਅਵਸ਼ੇਸ਼

### ਨੇਚਰ ਮੈਗਜ਼ੀਨ 'ਚ ਪ੍ਰਕਾਸ਼ਤ ਇੱਕ ਅਧਿਐਨ ਵਿੱਚ ਹੋਇਆ ਖ਼ੁਲਾਸਾ



ਨਿਊਯਾਰਕ : ਕੈਂਸਰ ਦੇ ਇਲਾਜ ਲਈ ਹੁਣ ਲੱਖਾਂ ਸਾਲ ਪੁਰਾਣੇ ਵਾਇਰਸ ਦੀ ਖੋਜ ਕੀਤੀ ਜਾ ਰਹੀ ਹੈ। ਇਸ ਵਾਇਰਸ ਨਾਲ ਮਨੁੱਖਾਂ ਨੂੰ ਕੈਂਸਰ ਨਾਲ ਲੜਨ ਵਿੱਚ ਮਦਦ ਮਿਲੇਗੀ। ਨੇਚਰ ਮੈਗਜ਼ੀਨ ਵਿੱਚ ਪ੍ਰਕਾਸ਼ਤ ਇੱਕ ਅਧਿਐਨ ਵਿੱਚ ਖੁਲਾਸਾ ਹੋਇਆ ਹੈ ਕਿ ਮਨੁੱਖਾਂ ਦੇ ਡੀਐਨਏ ਵਿੱਚ ਲੱਖਾਂ ਸਾਲ ਪੁਰਾਣੇ ਵਾਇਰਸਾਂ ਦੇ ਅਵਸ਼ੇਸ਼ ਛੁਪੇ ਹੋ ਸਕਦੇ ਹਨ, ਜੋ ਸਰੀਰ ਨੂੰ ਕੈਂਸਰ ਨਾਲ ਲੜਨ ਵਿੱਚ ਮਦਦ ਕਰ ਸਕਦੇ ਹਨ। ਵਿਗਿਆਨੀਆਂ ਦਾ ਮੰਨਣਾ ਹੈ ਕਿ ਇਹ ਖੋਜ ਫੇਫੜਿਆਂ ਦੇ ਕੈਂਸਰ ਤੋਂ ਬਚਣ ਲਈ ਵਧੇਰੇ ਲੋਕਾਂ ਦੇ ਇਲਾਜ ਲਈ ਲਾਭਦਾਇਕ ਹੋ ਸਕਦੀ ਹੈ।ਵਿਗਿਆਨੀਆਂ ਦਾ ਇੱਕ ਸਮੂਹ ਇਹ ਪਤਾ ਲਗਾਉਣ ਲਈ ਫੇਫੜਿਆਂ ਦੇ ਕੈਂਸਰ ਦਾ ਅਧਿਐਨ ਕਰ ਰਿਹਾ ਹੈ ਕਿ ਕੁਝ ਮਰੀਜ਼ ਇਮਯੂਨੋਥੈਰੇਪੀ ਲਈ ਦੂਜਿਆਂ ਨਾਲੋਂ ਬਿਹਤਰ ਜਵਾਬ ਕਿਉਂ ਦਿੰਦੇ ਹਨ।ਫੇਫੜਿਆਂ ਦਾ ਕੈਂਸਰ ਸਰੀਰ ਦੇ ਦੂਜੇ ਅੰਗਾਂ ਵਿੱਚ ਵੀ ਫੈਲਦਾ ਹੈ। ਇਹ ਇੱਕ ਆਮ ਕੈਂਸਰ ਹੈ, ਜੋ ਤੁਹਾਡੇ ਫੇਫੜਿਆਂ ਵਿੱਚ ਨੁਕਸਾਨਦੇਹ ਸੈਬਲਾਂ ਦੇ ਬੇਕਾਬੂ ਵਾਧੇ ਕਾਰਨ ਹੁੰਦਾ ਹੈ। ਜਦੋਂ ਫ੍ਰਾਂਸਿਸ ਕ੍ਰਿਕ ਇੰਸਟੀਚਿਊਟ ਦੇ ਵਿਗਿਆਨੀ ਫੇਫੜਿਆਂ ਦੇ ਕੈਂਸਰ ਅਤੇ ਸੰਬੰਧਿਤ ਇਮਿਊਨੋਥੈਰੇਪੀ ਦਾ ਅਧਿਐਨ ਕਰ ਰਹੇ ਸਨ, ਤਾਂ ਉਨ੍ਹਾਂ ਨੇ ਦੇਖਿਆ ਕਿ ਜਦੋਂ ਕੈਂਸਰ ਸੈਬਲ ਕੰਟਰੋਲ ਤੋਂ ਬਾਹਰ ਹੋ ਜਾਂਦੇ ਹਨ, ਤਾਂ ਅਕਿਰਿਆਸ਼ੀਲ ਰਹਿੰਦ-ਖੂੰਹਦ ਸਰਗਰਮ ਹੋ ਜਾਂਦੇ ਹਨ ਅਤੇ ਫਿਰ ਇਮਿਊਨ ਸਿਸਟਮ ਨੂੰ ਟਿਊਮਰ 'ਤੇ ਹਮਲਾ ਕਰਨ ਵਿੱਚ ਮਦਦ ਕਰਦੇ ਹਨ।ਓਨਕੋਜੀਨ ਬਾਇਓਲੋਜੀ ਲੈਬਾਰਟਰੀ ਦੇ ਮੁਖੀ, ਜੂਲੀਅਨ ਡਾਊਨਵਰਡ ਨੇ ਕਿਹਾ ਕਿ ਇਹ ਕੰਮ ਇਮਿਊਨੋਥੈਰੇਪੀ ਪ੍ਰਤੀ ਮਰੀਜ਼ਾਂ ਦੀ ਪ੍ਰਤੀਕਿਰਿਆ ਨੂੰ ਬਿਹਤਰ ਬਣਾਉਣ ਲਈ ਕਈ ਨਵੇਂ ਮੌਕੇ ਖੋਲ੍ਹਦਾ ਹੈ, ਜੋ ਕਿ ਫੇਫੜਿਆਂ ਦੇ ਕੈਂਸਰ ਨਾਲ ਪੀੜਤ ਹੋਰ ਲੋਕਾਂ ਦੀ ਮਦਦ ਕਰਨ ਲਈ ਇੱਕ ਮਹੱਤਵਪੂਰਨ ਕਦਮ ਹੈ। "ਐਂਡੋਜੇਨਸ ਰੈਟਰੋਵਾਇਰਸ ਦੇ ਵਿਰੁੱਧ ਐਂਟੀਬਾਡੀਜ਼ ਫੇਫੜਿਆਂ ਦੇ ਕੈਂਸਰ ਦੀ ਇਮਯੂਨੋਥੈਰੇਪੀ ਨੂੰ ਉਤਸ਼ਾਹਿਤ ਕਰਦੇ ਹਨ। "ਅਧਿਐਨ ਦੇ ਇੱਕ ਹਿੱਸੇ ਨੇ ਨੋਟ ਕੀਤਾ ਹੈ ਕਿ ਐਂਟੀ-ਟਿਊਮਰ ਐਂਟੀਬਾਡੀਜ਼ ਅਕਸਰ ਕਈ ਕਿਸਮਾਂ ਦੇ ਕੈਂਸਰ ਵਿੱਚ ਪ੍ਰੇਰਿਤ ਹੁੰਦੇ ਹਨ, ਜੋ ਅੰਦਰੂਨੀ ਅਤੇ ਟਿਊਮਰ ਸੈਬਲ-ਸਤਹ ਐਂਟੀਜੇਨਾਂ ਨੂੰ ਨਿਸ਼ਾਨਾ ਬਣਾਉਂਦੇ ਹਨ। ਇਹ ਟਿਊਮਰ-ਸਬੰਧਿਤ ਐਂਟੀਜੇਨਜ਼ ਵਿੱਚ ਗੈਰ-ਮਿਊਟਿਡ ਡਿਫਰੈਂਸ਼ੀਏਸ਼ਨ ਐਂਟੀਜੇਨਜ਼ ਅਤੇ ਸ਼ੇਅਰਡ ਟਿਊਮਰ ਐਂਟੀਜੇਨਜ਼ ਦੇ ਨਾਲ-ਨਾਲ ਐਂਡੋਜੇਨਸ ਰੈਟਰੋਵਾਇਰਸ ਤੋਂ ਪ੍ਰਾਪਤ ਐਂਟੀਜੇਨਜ਼ ਸ਼ਾਮਲ ਹਨ।

# ਚੀਨ ਵੱਲੋਂ ਭਾਰਤੀ ਇਲਾਕਿਆਂ ਨੂੰ ਚੀਨੀ ਖੇਤਰ ਐਲਾਨ ਕੇ ਤਣਾਅ ਵਧਾਉਣ ਦੀ ਕਾਰਵਾਈ ਜਾਰੀ



ਵਿਜੈ ਕ੍ਰਾਂਤੀ

ਭਾਰਤ ਪ੍ਰਤੀ ਚੀਨ ਦਾ ਹਮਲਾਵਰ ਰੁਖ਼ ਠੱਲ੍ਹ ਪੈਣ ਦਾ ਨਾਂ ਨਹੀਂ ਲੈ ਰਿਹਾ ਹੈ। ਪਿਛਲੇ ਦਿਨੀਂ ਚੀਨ ਸਰਕਾਰ ਨੇ ਦੋ ਅਜਿਹੀਆਂ ਹਰਕਤਾਂ ਕੀਤੀਆਂ ਹਨ ਜਿਨ੍ਹਾਂ ਨਾਲ ਦੋਵਾਂ ਮੁਲਕਾਂ ਵਿਚਾਲੇ ਤਣਾਅ ਵਧਿਆ ਹੈ। ਚੀਨ ਦਾ ਪਹਿਲਾ ਹਮਲਾ ਇਹ ਸੀ ਕਿ ਤਿੰਨ ਅਪ੍ਰੈਲ ਨੂੰ ਉਸ ਨੇ ਅਰੁਣਾਚਲ ਪ੍ਰਦੇਸ਼ ਦੇ 11 ਸਥਾਨਾਂ ਦੇ ਨਾਂ ਚੀਨੀ ਭਾਸ਼ਾ ਵਿੱਚ ਜਾਰੀ ਕੀਤੇ।ਇਸ ਐਲਾਨ ਦਾ ਸਿੱਧਾ ਮਤਲਬ ਇਨ੍ਹਾਂ ਭਾਰਤੀ ਇਲਾਕਿਆਂ ਨੂੰ ਚੀਨੀ ਖੇਤਰ ਐਲਾਨ ਕਰਨਾ ਅਤੇ ਉਨ੍ਹਾਂ 'ਤੇ ਆਪਣਾ ਦਾਅਵਾ ਕਰਨਾ ਹੈ। ਇਸ ਤੋਂ ਅਗਲੇ ਹੀ ਦਿਨ ਚੀਨੀ ਵਿਦੇਸ਼ ਮੰਤਰਾਲੇ ਨੇ ਚੀਨ ਵਿੱਚ ਤਾਇਨਾਤ ਭਾਰਤ ਦੇ ਦੋ ਪੱਤਰਕਾਰਾਂ ਨੂੰ ਸੰਦੇਸ਼ ਭੇਜਿਆ ਕਿ ਉਨ੍ਹਾਂ ਦਾ ਚੀਨੀ ਵੀਜ਼ਾ ਰੋਕ ਦਿੱਤਾ ਗਿਆ ਹੈ ਅਤੇ ਉਹ ਚੀਨ ਨਹੀਂ ਪਰਤ ਸਕਦੇ। ਇਹ ਪੱਤਰਕਾਰ ਇਨ੍ਹੀਂ ਦਿਨੀਂ ਛੁੱਟੀਆਂ 'ਤੇ ਭਾਰਤ ਵਿੱਚ ਹਨ।

ਇਹ ਦੋਵੇਂ ਘਟਨਾਵਾਂ ਦਿਖਾਉਂਦੀਆਂ ਹਨ ਕਿ ਭਾਰਤ ਅਤੇ ਚੀਨ ਵਿਚਾਲੇ ਤਣਾਅ ਅਜੇ ਜਾਰੀ ਰਹਿਣ ਵਾਲਾ ਹੈ। ਇਸ ਦੀ ਪੁਸ਼ਟੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਅਰੁਣਾਚਲ ਪ੍ਰਦੇਸ਼ ਦੇ ਦੌਰੇ 'ਤੇ ਚੀਨ ਦੇ ਇਤਰਾਜ਼ ਤੋਂ ਹੁੰਦੀ ਹੈ। ਹਾਲਾਂਕਿ ਦੋਵਾਂ ਦੇਸ਼ਾਂ ਵਿਚਾਲੇ ਵਿਵਾਦ 1951 ਤੋਂ ਹੀ ਚਲਿਆ ਆ ਰਿਹਾ ਹੈ ਜਦ ਚੀਨ ਨੇ ਤਿੱਬਤ 'ਤੇ ਜਬਰਨ ਕਬਜ਼ਾ ਕਰ ਲਿਆ ਸੀ। ਉਹ ਤਿੱਬਤ ਜੋ ਸਦੀਆਂ ਤੋਂ ਭਾਰਤ ਅਤੇ ਚੀਨ ਵਿਚਾਲੇ ਇਕ ਸ਼ਾਂਤੀ ਖੇਤਰ ਜਿਹਾ ਕੰਮ ਕਰਦਾ ਆ ਰਿਹਾ ਸੀ। ਤਿੱਬਤ 'ਤੇ ਚੀਨ ਦਾ ਕਬਜ਼ਾ ਹੁੰਦੇ ਹੀ ਇਤਿਹਾਸ ਵਿੱਚ ਪਹਿਲੀ ਵਾਰ ਚੀਨੀ ਫ਼ੌਜਾਂ ਭਾਰਤ ਦੀ ਸਰਹੱਦ 'ਤੇ ਆ ਖੜ੍ਹੀਆਂ ਹੋਈਆਂ ਸਨ ਅਤੇ ਰਾਤੋਂ-ਰਾਤ 'ਭਾਰਤ-ਤਿੱਬਤ' ਸਰਹੱਦ 'ਭਾਰਤ-ਚੀਨ' ਸਰਹੱਦ ਵਿੱਚ ਬਦਲ ਗਈ ਸੀ। ਪੰਡਿਤ ਨਹਿਰੂ ਦੀ ਅਗਵਾਈ ਵਾਲੇ ਭਾਰਤ ਨੇ ਉਸ ਦੌਰ ਵਿੱਚ ਚੀਨ ਪ੍ਰਤੀ ਖ਼ੂਬ ਨਰਮੀ ਦਿਖਾਈ ਪਰ ਚੀਨ ਨੇ ਭਾਰਤ ਵਿਰੁੱਧ ਹਮਲਾਵਰ ਰੁਖ਼ ਅਪਣਾਈ ਰੱਖਿਆ।

ਕਈ ਲੋਕ ਸੰਨ 1962 ਵਿੱਚ ਭਾਰਤ 'ਤੇ ਫ਼ੌਜੀ ਹਮਲੇ ਨੂੰ ਇਸ ਤਣਾਅ ਦੀ ਸ਼ੁਰੂਆਤ ਮੰਨਦੇ ਹਨ ਪਰ ਉਸ ਤੋਂ ਕਈ ਸਾਲ ਪਹਿਲਾਂ ਹੀ ਚੀਨ ਨੇ ਭਾਰਤ ਦੇ ਅਕਸਾਈ ਚਿਨ 'ਤੇ ਚੁੱਪਚਾਪ ਕਬਜ਼ਾ ਕਰ ਲਿਆ ਸੀ ਜਿਸ ਦਾ ਖੇਤਰਫਲ਼ 38 ਹਜ਼ਾਰ ਵਰਗ ਕਿਲੋਮੀਟਰ ਹੈ।

ਸੰਨ 1962 ਮਗਰੋਂ ਵੀ ਸਰਹੱਦ 'ਤੇ ਸ਼ਾਂਤੀ ਲਈ ਫ਼ੌਜ ਮੁਕਤ 'ਸ਼ਾਂਤੀ ਖੇਤਰ' ਬਣਾਈ ਰੱਖਣ ਦੀ ਆੜ ਵਿੱਚ ਚੀਨ ਭਾਰਤ ਦੀ ਭੂਮੀ ਨੂੰ ਚੂਹੇ ਦੀ ਤਰ੍ਹਾਂ ਹੌਲੀ-ਹੌਲੀ ਕੁਤਰ ਕੇ ਹੜੱਪਦਾ ਰਿਹਾ। ਚੀਨ ਦੇ ਮਨਸੂਬਿਆਂ 'ਤੇ ਲਗਾਮ ਲਗਾਉਣ ਲਈ ਮਈ 2020 ਵਿੱਚ ਜਦ ਤੋਂ ਭਾਰਤ ਨੇ ਲੱਦਾਖ ਦੇ ਗਲਵਾਨ ਵਿੱਚ ਸਖ਼ਤ ਜਵਾਬੀ ਫ਼ੌਜੀ ਕਾਰਵਾਈ ਕੀਤੀ, ਉਦੋਂ ਤੋਂ ਇਸ ਸਰਹੱਦ 'ਤੇ ਭਾਰੀ ਫ਼ੌਜੀ ਤਣਾਅ ਬਣਿਆ ਹੋਇਆ ਹੈ।

ਜਿੱਥੋਂ ਤਕ ਅਰੁਣਾਚਲ ਵਿੱਚ ਨਾਮ ਪਰਿਵਰਤਨ ਦੀ ਗੱਲ ਹੈ ਤਾਂ ਇਹ ਨਾ ਤਾਂ ਚੀਨ ਦਾ ਅਜਿਹਾ ਕੋਈ ਪਹਿਲਾ ਪੈਂਤੜਾ ਹੈ ਅਤੇ ਨਾ ਹੀ ਆਖ਼ਰੀ। ਇਸ ਤੋਂ ਪਹਿਲਾਂ ਸੰਨ 2017 ਵਿੱਚ ਵੀ ਚੀਨ ਅਰੁਣਾਚਲ ਦੇ ਛੇ ਸਥਾਨਾਂ ਅਤੇ 2021 ਵਿੱਚ 15 ਸਥਾਨਾਂ ਦੇ ਚੀਨੀ ਨਾਮ ਐਲਾਨ ਕਰ ਚੁੱਕਾ ਹੈ। ਚੀਨੀ ਕਮਿਊਨਿਸਟ ਪਾਰਟੀ ਅਤੇ ਸਰਕਾਰ ਦੇ ਮੁੱਖ ਅਖ਼ਬਾਰ 'ਗਲੋਬਲ ਟਾਈਮਜ਼' ਨੇ ਤਿੰਨ ਅਪ੍ਰੈਲ ਨੂੰ ਲਿਖਿਆ ਕਿ ਚੀਨ ਸਰਕਾਰ ਨੇ ਇਹ ਕਦਮ ਚੀਨ ਦੇ 'ਸਰਬਵਿਆਪਕ ਅਧਿਕਾਰਾਂ' ਦੇ ਅੰਤਰਗਤ ਚੀਨੀ ਇਲਾਕਿਆਂ ਦੇ ਮਾਨਕ ਨਾਮ ਰੱਖਣ ਲਈ ਚੁੱਕਿਆ ਹੈ।

ਚੀਨ ਨੇ ਇਨ੍ਹਾਂ ਇਲਾਕਿਆਂ ਦੇ ਭੂਗੋਲਿਕ ਕੋਆਰਡੀਨੇਟ ਵੀ ਜਾਰੀ ਕੀਤੇ ਹਨ ਜੋ ਹਰੇਕ ਸਥਾਨ ਦੀ ਕੌਮਾਂਤਰੀ ਭੂਗੋਲਿਕ ਸਥਿਤੀ ਨੂੰ ਦਰਸਾਉਂਦੇ ਹਨ। ਹਾਲਾਂਕਿ ਭਾਰਤੀ ਵਿਦੇਸ਼ ਮੰਤਰਾਲੇ ਨੇ ਛੇ ਅਪ੍ਰੈਲ ਨੂੰ ਚੀਨੀ ਦਾਅਵੇ ਦੀ ਹਵਾ ਕੱਢਦੇ ਹੋਏ ਕਿਹਾ ਕਿ ਧਰਾਤਲ 'ਤੇ ਸੱਚਾਈ ਇਹੀ ਹੈ ਕਿ ਇਹ ਖੇਤਰ ਭਾਰਤ ਦੇ ਅਧਿਕਾਰ ਵਿੱਚ ਹਨ। ਅਮਰੀਕਾ ਨੇ ਵੀ ਭਾਰਤ ਦੇ ਰੁਖ਼ ਦੀ ਹਮਾਇਤ ਕੀਤੀ। ਜੋ ਵੀ ਹੋਵੇ, ਚੀਨ ਸਰਕਾਰ ਦਾ ਇਹ ਕਦਮ ਇਸ ਮਾਅਨੇ ਵਿੱਚ ਖ਼ਤਰਨਾਕ ਹੋ ਜਾਂਦਾ ਹੈ ਕਿ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਕੁਝ ਸਮਾਂ ਪਹਿਲਾਂ ਇਕ ਨਵਾਂ ਕਾਨੂੰਨ ਬਣਾਇਆ ਹੈ ਜਿਸ ਤਹਿਤ ਅਜਿਹੇ ਹਰ ਸਥਾਨ 'ਤੇ ਚੀਨ ਦੀ ਸਰਬਵਿਆਪਕਤਾ ਅਤੇ ਕੰਟਰੋਲ ਸਥਾਪਤ ਕਰਨਾ ਸਰਕਾਰ ਅਤੇ ਚੀਨੀ ਫ਼ੌਜ ਲਈ ਲਾਜ਼ਮੀ ਹੈ ਜਿਨ੍ਹਾਂ ਨੂੰ ਚੀਨ ਆਪਣਾ ਅਧਿਕਾਰ ਖੇਤਰ ਮੰਨਦਾ ਹੈ। ਅਰਥਾਤ ਭਾਰਤ ਦੇ ਇਨ੍ਹਾਂ ਖੇਤਰਾਂ 'ਤੇ ਕਬਜ਼ਾ ਕਰਨ ਲਈ ਚੀਨੀ ਫ਼ੌਜ ਨੂੰ ਕਾਰਵਾਈ ਕਰਨ ਦਾ ਸਥਾਈ ਅਧਿਕਾਰ ਅਤੇ ਨਿਰਦੇਸ਼ ਦੋਵੇਂ ਹਨ।

ਚੀਨ ਦਾ ਹਮਲਾਵਰ ਰੌਅ ਸਿਰਫ਼ ਭਾਰਤ ਪ੍ਰਤੀ ਨਹੀਂ ਸਗੋਂ ਆਪਣੇ ਸਾਰੇ ਗੁਆਂਢੀ ਦੇਸ਼ਾਂ ਪ੍ਰਤੀ ਹੈ। ਉਸ ਨੇ ਅਜਿਹੇ ਹੀ ਦਾਅਵੇ ਜਾਪਾਨ ਅਤੇ ਰੂਸ ਦੇ ਕਈ ਇਲਾਕਿਆਂ 'ਤੇ ਕਰਦੇ ਹੋਏ ਉਨ੍ਹਾਂ ਦੇ ਵੀ ਚੀਨੀ ਨਾਮ ਰੱਖੇ ਹਨ। ਇਸ ਸਾਲ 26 ਫਰਵਰੀ ਨੂੰ ਚੀਨ ਨੇ ਰੂਸ ਦੇ ਅੱਠ ਸਥਾਨਾਂ ਦੇ ਚੀਨੀ ਨਾਵਾਂ ਦਾ ਐਲਾਨ ਕੀਤਾ ਅਤੇ ਉਨ੍ਹਾਂ 'ਤੇ ਆਪਣਾ ਦਾਅਵਾ ਪ੍ਰਗਟਾਇਆ।

ਇਨ੍ਹਾਂ ਵਿੱਚ ਰੂਸ ਦੇ ਮਸ਼ਹੂਰ ਸ਼ਹਿਰ ਵਲਾਦਿਵੋਸਤੋਕ ਅਤੇ ਖਾਬਾਰਵੋਸਕ ਵੀ ਸ਼ਾਮਲ ਹਨ। ਇਹ ਕਦਮ ਅਜਿਹੇ ਮੌਕੇ ਚੁੱਕਿਆ ਗਿਆ ਜਦ ਪੂਰੀ ਦੁਨੀਆ ਦੇਖ ਰਹੀ ਹੈ ਕਿ ਯੂਕਰੇਨ ਦੇ ਸਵਾਲ 'ਤੇ ਚੀਨੀ ਰਾਸ਼ਟਰਪਤੀ ਲਗਾਤਾਰ ਰੂਸ ਨੂੰ ਸ਼ਹਿ ਦਿੰਦੇ ਆ ਰਹੇ ਹਨ। ਚੀਨ ਦੀ ਇਸ ਨੀਤੀ ਨੂੰ ਜੇਕਰ ਆਪਣੇ ਗੁਆਢੀਆਂ ਨਾਲ ਉਸ ਦੇ ਹੁਣ ਤਕ ਦੇ ਵਿਵਹਾਰ ਦੇ ਸਬੰਧ ਵਿੱਚ ਦੇਖਿਆ ਜਾਵੇ ਤਾਂ ਦੂਜੇ ਦੇਸ਼ਾਂ ਦੇ ਇਲਾਕਿਆਂ 'ਤੇ ਚੀਨ ਅਜਿਹੇ ਮੌਕੇ 'ਤੇ ਦਾਅਵੇ ਕਰਦਾ ਹੈ ਜਦ ਹਾਲਾਤ ਸ਼ਾਂਤੀਪੂਰਨ ਹੁੰਦੇ ਹਨ ਅਤੇ ਨਿਸ਼ਾਨੇ 'ਤੇ ਖੜ੍ਹਾ ਦੇਸ਼ ਉਸ ਨੂੰ ਮਹਿਜ਼ ਚੀਨੀ ਬਿਆਨਬਾਜ਼ੀ ਵਜੋਂ ਹੀ ਦੇਖਦਾ ਹੈ।

ਚੀਨ ਆਪਣੇ ਨਿਸ਼ਾਨੇ ਵਾਲੇ ਦੇਸ਼ ਦੇ ਕਮਜ਼ੋਰ ਅਤੇ ਨਾਜ਼ੁਕ ਹਾਲਤ ਵਿੱਚ ਪੁੱਜਣ ਦੀ ਉਡੀਕ ਕਰਦਾ ਹੈ ਅਤੇ ਤਦ ਕਿਸੇ ਸੰਧੀ ਜਾਂ ਸਿੱਧੀ ਫ਼ੌਜੀ ਕਾਰਵਾਈ ਰਾਹੀਂ ਉਸ ਦੇ ਇਲਾਕਿਆਂ 'ਤੇ ਕਬਜ਼ਾ ਕਰ ਲੈਂਦਾ ਹੈ। ਚੀਨ ਨੇ ਸ੍ਰੀਲੰਕਾ ਨੂੰ ਭਾਰੀ ਕਰਜ਼ਾ ਦੇ ਕੇ ਉਸ ਨੂੰ ਕਰਜ਼ਾਈ ਕਰ ਦਿੱਤਾ। ਜਦ ਉਸ ਦਾ ਦੀਵਾਲਾ ਨਿਕਲ ਗਿਆ ਤਾਂ ਉਸ ਨੇ ਸ੍ਰੀਲੰਕਾ ਵਿੱਚ ਕਈ ਬੰਦਰਗਾਹਾਂ 'ਤੇ ਕਬਜ਼ਾ ਕਰ ਲਿਆ। ਉਹ ਉੱਥੋਂ ਦੀ ਸਰਕਾਰ ਤੋਂ ਆਪਣੀ ਮਰਜ਼ੀ ਮੁਤਾਬਕ ਕੰਮ ਕਰਵਾ ਰਿਹਾ ਹੈ। ਇਹੀ ਹਾਲ ਉਸ ਨੇ ਪਾਕਿਸਤਾਨ ਦਾ ਕੀਤਾ ਹੈ। ਚੀਨ ਨੇ ਉਸ ਨੂੰ ਆਪਣੇ ਕਰਜ਼ੇ ਦਾ ਜਾਲ ਵਿੱਚ ਬੁਰੀ ਤਰ੍ਹਾਂ ਫਸਾ ਲਿਆ ਹੈ।

ਹੁਣ ਜਦ ਪਾਕਿਸਤਾਨ ਤੋਂ ਕਰਜ਼ਾ ਨਹੀਂ ਉਤਾਰਿਆ ਜਾ ਰਿਹਾ ਤਾਂ ਚੀਨ ਉੱਥੇ ਵੀ ਆਪਣੇ ਪ੍ਰਾਜੈਕਟਾਂ ਦੀ ਸ਼ਹਿ ਵਿੱਚ ਮਨਮਾਨੀ ਕਰ ਰਿਹਾ ਹੈ। ਚੀਨ ਦੇ ਕਰਜ਼ੇ ਦੀ ਵਜ੍ਹਾ ਕਾਰਨ ਹੀ ਅੱਜ ਪਾਕਿਸਤਾਨ ਹੱਥ ਵਿੱਚ ਠੂਠਾ ਫੜ ਕੇ ਦਰ-ਦਰ ਜਾ ਕੇ ਕਰਜ਼ਾ ਰੂਪੀ ਇਮਦਾਦ ਲੈਣ ਲਈ ਲੇਲੜੀਆਂ ਕੱਢਣ ਲਈ ਮਜਬੂਰ ਹੋ ਗਿਆ ਹੈ। ਅਫ਼ਗਾਨਿਸਤਾਨ ਵਿੱਚ ਵੀ ਚੀਨ ਤਾਲਿਬਾਨ 'ਤੇ ਡੋਰੇ ਪਾ ਕੇ ਉੱਥੇ ਆਪਣੇ ਹਿੱਤਾਂ ਨੂੰ ਸੁਰੱਖਿਅਤ ਕਰਨ ਦਾ ਯਤਨ ਕਰ ਰਿਹਾ ਹੈ। ਇਹੀ ਨਹੀਂ ਚੀਨ ਤਾਂ ਈਰਾਨ ਤੇ ਸਾਊਦੀ ਅਰਬ ਦੀ ਲੰਬੀ ਦੁਸ਼ਮਣੀ ਸਮਾਪਤ ਕਰਵਾ ਕੇ ਖਾੜੀ ਖਿੱਤੇ ਵਿੱਚ ਵੀ ਆਪਣੀ ਹੋਂਦ ਸਥਾਪਤ ਕਰ ਰਿਹਾ ਹੈ। ਉਸ ਦੇ ਮੱਕੜਜਾਲ ਤੋਂ ਬਚਣ ਲਈ ਸਭ ਮੁਲਕਾਂ ਨੂੰ ਬਹੁਤ ਜ਼ਿਆਦਾ ਸੂਝ-ਬੂਝ ਦਿਖਾਉਣ ਦੀ ਜ਼ਰੂਰਤ ਹੈ।

ਭਾਰਤ ਦੇ ਪੱਤਰਕਾਰਾਂ 'ਤੇ ਪਾਬੰਦੀ ਲਗਾਉਣ ਦੀ ਖ਼ਬਰ ਭਾਵੇਂ ਹੀ ਆਮ ਲੋਕਾਂ ਨੂੰ ਧਮਾਕੇ ਵਾਂਗ ਲੱਗੇ ਪਰ ਇਸ ਨਾਲ ਜੁੜੀਆਂ ਘਟਨਾਵਾਂ ਅਤੇ ਤੱਥਾਂ ਦੇ ਵਿਸ਼ਲੇਸ਼ਣ ਤੋਂ ਪਤਾ ਲੱਗੇਗਾ ਕਿ ਚੀਨ ਦੀ ਇਹ ਕਾਰਵਾਈ ਭਾਰਤ ਸਰਕਾਰ ਦੇ ਉਨ੍ਹਾਂ ਕਦਮਾਂ ਦੇ ਜਵਾਬ ਵਿੱਚ ਹੈ ਜੋ ਨਵੀਂ ਦਿੱਲੀ ਨੇ ਦਹਾਕਿਆਂ ਤੋਂ ਭਾਰਤ 'ਚ ਚੀਨੀ ਪੱਤਰਕਾਰਾਂ ਦੀ ਭਾਰੀ ਗਿਣਤੀ ਵਿੱਚ ਮੌਜੂਦਗੀ, ਭਾਰਤ 'ਚ ਉਨ੍ਹਾਂ ਦੇ ਘੁੰਮਣ-ਫਿਰਨ ਦੀ ਖੁੱਲ੍ਹੀ ਛੋਟ ਤੇ ਉਸ ਕਾਰਨ ਪੈਦਾ ਹੋਣ ਵਾਲੇ ਖ਼ਤਰਿਆਂ ਅਤੇ ਭਾਰਤ ਬਾਰੇ ਮਨਮਰਜ਼ੀ ਦੇ ਕੂੜ-ਪ੍ਰਚਾਰ ਕਰਨ ਦੀ ਪਰੰਪਰਾ ਵਿਰੁੱਧ ਚੁੱਕੇ ਹਨ।ਕੁਝ ਸਾਲ ਪਹਿਲਾਂ ਤਕ ਇਹ ਹਾਲ ਸੀ ਕਿ ਪੱਤਰ ਸੂਚਨਾ ਦਫ਼ਤਰ ਅਰਥਾਤ ਪੀਆਈਬੀ ਦੁਆਰਾ ਮਾਨਤਾ ਦਿੱਤੇ ਗਏ ਵਿਦੇਸ਼ੀ ਪੱਤਰਕਾਰਾਂ ਦੀ ਸੂਚੀ ਵਿਚ ਚੀਨੀ ਪੱਤਰਕਾਰਾਂ ਦੀ ਭਰਮਾਰ ਰਹਿੰਦੀ ਸੀ। ਓਥੇ ਹੀ ਚੀਨ ਵਿੱਚ ਭਾਰਤ ਦੇ ਸਿਰਫ਼ ਚਾਰ ਪੱਤਰਕਾਰਾਂ ਨੂੰ ਕੰਮ ਕਰਨ ਦੀ ਛੋਟ ਹੈ।

ਭਾਰਤ ਵਿੱਚ ਕੰਮ ਕਰ ਰਹੇ ਚੀਨੀ ਪੱਤਰਕਾਰਾਂ 'ਚੋਂ ਕਿੰਨੇ ਸੱਚਮੁੱਚ 'ਪੱਤਰਕਾਰ' ਹਨ ਅਤੇ ਕਿੰਨੇ ਜਾਸੂਸ, ਇਸ ਦੀ ਖ਼ਬਰ ਰੱਖਣਾ ਪੀਆਈਬੀ ਲਈ ਆਸਾਨ ਨਹੀਂ। ਕਸ਼ਮੀਰ ਵਰਗੇ ਨਾਜ਼ੁਕ ਇਲਾਕੇ ਵਿੱਚ ਵੀ ਚੀਨੀ ਸਰਕਾਰੀ ਏਜੰਸੀ ਸ਼ਿਨਹੂਆ ਲਈ ਇਕ ਕਸ਼ਮੀਰੀ ਪੱਤਰਕਾਰ ਨੂੰ ਰਾਜ ਸਰਕਾਰ ਨੇ ਮਾਨਤਾ ਤੇ ਕੰਮ ਕਰਨ ਦੀ ਛੋਟ ਦਿੱਤੀ ਹੋਈ ਹੈ।

ਚੀਨ ਵਿੱਚ ਤਾਇਨਾਤ ਭਾਰਤੀ ਪੱਤਰਕਾਰਾਂ 'ਤੇ ਹਮੇਸ਼ਾ ਚੀਨੀ ਜਾਸੂਸਾਂ ਦੀ ਨਜ਼ਰ ਰਹਿੰਦੀ ਹੈ ਜਿਨ੍ਹਾਂ 'ਤੇ ਚੀਨ ਨੇ ਕਬਜ਼ਾ ਕੀਤਾ ਹੋਇਆ ਹੈ। ਹੈਰਾਨੀ ਨਹੀਂ ਕਿ ਜੇ ਚੀਨ ਦੋ ਹੋਰ ਭਾਰਤੀ ਪੱਤਰਕਾਰਾਂ ਨੂੰ ਵੀ ਵਾਪਸ ਭੇਜ ਦੇਵੇ। ਇਸ ਲਈ ਅਜਿਹੇ ਤਣਾਅ ਅਤੇ ਮੰਦਭਾਵਨਾ ਭਰੇ ਮਾਹੌਲ ਵਿੱਚ ਭਾਰਤ ਸਰਕਾਰ ਲਈ ਇਕ ਹੀ ਰਾਹ ਬਚਦਾ ਹੈ ਕਿ ਉਹ ਚੀਨ ਦੀਆਂ ਚਾਲਾਂ ਪ੍ਰਤੀ ਲਗਾਤਾਰ ਸਾਵਧਾਨ ਰਹੇ।

( ਲੇਖਕ ਸੈਂਟਰ ਫਾਰ ਹਿਮਾਲਿਅਨ ਏਸ਼ੀਆ ਸਟੱਡੀਜ਼ ਐਂਡ ਇਨਗੇਜਮੈਂਟ ਦਾ ਮੁਖੀ ਤੇ ਪੱਤਰਕਾਰ ਹੈ)।



# ਮਿਆਂਮਾਰ : ਫ਼ੌਜ ਵੱਲੋਂ ਆਪਣੇ ਹੀ ਲੋਕਾਂ ਦਾ ਕਤਲੇਆਮ ਕਿਉਂ ?

## 26 ਮਹੀਨਿਆਂ 'ਚ 3000 ਲੋਕਾਂ ਦੀ ਮੌਤ, 18 ਲੱਖ ਲੋਕ ਭੁੱਖਮਰੀ ਦੀ ਕਗਾਰ 'ਤੇ

ਮਿਆਂਮਾਰ/ਏ.ਟੀ.ਨਿਊਜ਼ :- ਮਿਆਂਮਾਰ ਵਿੱਚ ਫੌਜੀ ਸ਼ਾਸਨ ਦਾ ਬਹੁਤ ਪੁਰਾਣਾ ਇਤਿਹਾਸ ਹੈ, ਇਸ ਦੇਸ਼ ਨੇ 1962 ਵਿੱਚ ਫੌਜੀ ਤਾਨਾਸ਼ਾਹੀ ਦਾ ਸਾਹਮਣਾ ਕੀਤਾ ਸੀ ਪਰ ਹੁਣ ਸਥਿਤੀ ਬਹੁਤ ਖਰਾਬ ਹੋ ਗਈ ਹੈ। ਫੌਜ ਬਾਗੀ ਜਨਤਾ ਨੂੰ ਹਵਾਈ ਹਮਲੇ ਕਰਕੇ ਸ਼ਾਂਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਮਰਨ ਵਾਲਿਆਂ ਦੀ ਗਿਣਤੀ ਦਿਨ-ਬ-ਦਿਨ ਵਧਦੀ ਜਾ ਰਹੀ ਹੈ ਅਤੇ ਲੋਕਤੰਤਰ ਪੱਖੀ ਨੇਤਾ ਆਂਗ ਸਾਨ ਸੂ ਕੀ ਅਜੇ ਵੀ ਜੇਲ੍ਹ ਵਿੱਚ ਹੈ।





ਮਿਆਂਮਾਰ ਦੇ ਦੂਜੇ ਸਭ ਤੋਂ ਵੱਡੇ ਸ਼ਹਿਰ ਮਾਂਡਲੇ ਤੋਂ 110 ਕਿਲੋਮੀਟਰ ਦੂਰ ਕਾਨ ਬਾਲੂ ਟਾਊਨਸ਼ਿਪ ਦੇ ਬਾਜੇਗੀ ਪਿੰਡ 'ਚ ਪਿਛਲੇ ਦਿਨੀਂ ਸੈਂਕੜੇ ਲੋਕ ਇਕੱਠੇ ਹੋਏ। ਸ਼ਗਾਂਗ ਸੂਬੇ ਦੇ ਇਸ ਪਿੰਡ ਵਿੱਚ ਮਿਆਂਮਾਰ ਦੀ ਫ਼ੌਜੀ ਤਾਨਾਸ਼ਾਹੀ ਖ਼ਿਲਾਫ਼ ਲੜ ਰਹੇ ਬਾਗੀ ਸਮੂਹ ਨੈਸ਼ਨਲ ਯੂਨਿਟੀ ਸਰਕਾਰ ਦੇ ਦਫ਼ਤਰ ਦਾ ਉਦਘਾਟਨ ਕੀਤਾ ਜਾਣਾ ਸੀ।ਇਸ ਪ੍ਰੋਗਰਾਮ ਵਿੱਚ ਦਰਜਨਾਂ ਬੱਚੇ ਵੀ ਮੌਜੂਦ ਸਨ, ਇਨ੍ਹਾਂ ਬੱਚਿਆਂ ਨੂੰ ਉਦਘਾਟਨ ਮੌਕੇ ਕਰਵਾਏ ਗਏ ਡਾਂਸ ਪ੍ਰੋਗਰਾਮ ਵਿੱਚ ਪਰਫਾਰਮ ਕਰਨ ਲਈ ਬੁਲਾਇਆ ਗਿਆ ਸੀ। ਅਚਾਨਕ ਇੱਕ ਬੰਬ ਸਿੱਧਾ ਦਫਤਰ 'ਤੇ ਡਿੱਗ ਪਿਆ ਅਤੇ ਚਾਰੇ ਪਾਸੇ ਹਾਹਾਕਾਰ ਮੱਚ ਗਈ। ਇਸ ਤੋਂ ਪਹਿਲਾਂ ਕਿ ਲੋਕ ਕੁਝ ਸਮਝ ਪਾਉਂਦੇ, ਦਫਤਰ ਦੇ ਬਿਲਕੁਲ ਉੱਪਰ ਹੈਲੀਕਾਪਟਰ ਆ ਗਿਆ ਅਤੇ ਅੰਨ੍ਹੇਵਾਹ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ, ਇਸ ਘਟਨਾ ਵਿੱਚ ਬਹੁਤ ਸਾਰੇ ਲੋਕ ਮਾਰੇ ਗਏ ਅਤੇ ਸੈਂਕੜੇ ਲੋਕ ਇਸ ਸਮੇਂ ਹਸਪਤਾਲ ਵਿੱਚ ਇਲਾਜ ਲਈ ਦਾਖਲ ਹਨ।

ਇਹ ਪਹਿਲੀ ਵਾਰ ਨਹੀਂ ਹੈ ਜਦੋਂ ਮਿਆਂਮਾਰ ਦੇ ਲੋਕਾਂ 'ਤੇ ਫੌਜ ਨੇ ਹਮਲਾ ਕੀਤਾ ਹੋਵੇ। ਇਸ ਤੋਂ ਪਹਿਲਾਂ ਵੀ ਫੌਜ ਇੱਥੇ ਆਮ ਲੋਕਾਂ ਨੂੰ ਨਿਸ਼ਾਨਾ ਬਣਾਉਂਦੀ ਰਹਿੰਦੀ ਹੈ। ਹੁਣ ਤੱਕ 3000 ਤੋਂ ਵੱਧ ਲੋਕ ਆਪਣੀ ਜਾਨ ਗੁਆ ਚੁੱਕੇ ਹਨ। ਮਿਆਂਮਾਰ ਦੀ ਫੌਜ ਦੀ ਹਿਰਾਸਤ ਵਿੱਚ 13000 ਤੋਂ ਵੱਧ ਲੋਕਾਂ ਨੂੰ ਰੱਖਿਆ ਗਿਆ ਹੈ ਜੋ ਅਣਮਨੁੱਖੀ ਹਾਲਾਤਾਂ ਦਾ ਸਾਹਮਣਾ ਕਰ ਰਹੇ ਹਨ। ਫੌਜ ਨੇ ਜ਼ਿਆਦਾਤਰ ਕੈਦੀਆਂ ਨੂੰ ਮੌਤ ਦੀ ਸਜ਼ਾ ਸੁਣਾਈ ਹੈ, ਇਨ੍ਹਾਂ ਕੈਦੀਆਂ ਨੂੰ ਕਿਸੇ ਵੀ ਸਮੇਂ ਫਾਂਸੀ ਦਿੱਤੀ ਜਾ ਸਕਦੀ ਹੈ। ਫੌਜੀ ਤਖਤਾਪਲਟ ਦਾ ਸਭ ਤੋਂ ਬੁਰਾ ਅਸਰ ਬੱਚਿਆਂ 'ਤੇ ਪਿਆ ਹੈ।ਲੋਕਤੰਤਰ ਖਤਮ ਹੋਣ ਤੋਂ ਬਾਅਦ ਇੱਥੇ 78 ਲੱਖ ਬੱਚੇ ਸਕੂਲ ਜਾਣ ਤੋਂ ਖੁੰਝ ਗਏ ਹਨ।ਫੌਜ ਦੇ ਅੱਤਿਆਚਾਰਾਂ ਤੋਂ ਦੁਖੀ ਹੋ ਕੇ 18 ਲੱਖ ਲੋਕਾਂ ਨੂੰ ਆਪਣਾ ਘਰ-ਬਾਰ ਛੱਡ ਕੇ ਕਿਤੇ ਹੋਰ ਹਿਜਰਤ ਕਰਨੀ ਪਈ।

ਮਿਆਂਮਾਰ ਵਿੱਚ 1.7 ਕਰੋੜ ਲੋਕ ਭੁੱਖਮਰੀ ਦੀ ਲਪੇਟ ਵਿੱਚ ਆ ਗਏ ਹਨ। ਉਨ੍ਹਾਂ ਨੂੰ ਰੋਜ਼ਾਨਾ ਲੋੜ ਦੀਆਂ ਚੀਜ਼ਾਂ ਵੀ ਨਹੀਂ ਮਿਲ ਰਹੀਆਂ।

**ਨਾਗਰਿਕਾਂ ਦਾ ਕਤਲੇਆਮ ਕਿਉਂ ?**

ਫੌਜ ਨੇ 2021 ਵਿੱਚ ਮਿਆਂਮਾਰ ਦੀ ਲੋਕਤੰਤਰ ਪੱਖੀ ਨੇਤਾ ਆਂਗ ਸਾਨ ਸੂ ਨੂੰ ਸੱਤਾ ਤੋਂ ਜ਼ਬਰਦਸਤੀ ਹਟਾ ਦਿੱਤਾ ਸੀ, ਫੌਜ ਨੇ ਉਸਨੂੰ ਹਟਾਉਣ ਸਮੇਂ ਨਹੀਂ ਸੋਚਿਆ ਸੀ ਕਿ ਜਨਤਾ ਤਖਤਾਪਲਟ ਦਾ ਵਿਰੋਧ ਕਰਨ ਲਈ ਇੰਨੀ ਵੱਡੀ ਗਿਣਤੀ ਵਿੱਚ ਸੜਕਾਂ 'ਤੇ ਉਤਰੇਗੀ। ਇਸ ਲਈ ਫੌਜ ਨੇ ਇਸ ਨਾਲ ਨਜਿੱਠਣ ਲਈ ਫੌਜੀ ਸ਼ਕਤੀ ਨੂੰ ਸਭ ਤੋਂ ਵਧੀਆ ਤਰੀਕਾ ਲੱਭਿਆ। ਇਸ ਤੋਂ ਬਾਅਦ ਅਚਾਨਕ ਫੌਜੀ ਇੱਥੋਂ ਦੇ ਪਿੰਡਾਂ 'ਚ ਪਹੁੰਚ ਜਾਂਦੇ ਹਨ ਅਤੇ ਅੰਨ੍ਹੇਵਾਹ ਗੋਲੀਬਾਰੀ ਸ਼ੁਰੂ ਕਰ ਦਿੰਦੇ ਹਨ ਅਤੇ ਸੈਂਕੜੇ ਲੋਕਾਂ ਨੂੰ ਮਾਰ ਦਿੰਦੇ ਹਨ। ਇਸ ਦਾ ਅਸਰ ਇਹ ਹੋਇਆ ਕਿ

(ਬਾਕੀ ਸਫ਼ਾ 31 'ਤੇ)

# ਪ੍ਰਦੂਸ਼ਣ ਰਹਿਤ ਸਨਅਤੀ ਵਿਕਾਸ ਹੀ ਪੰਜਾਬ ’ਚ ਬੇਰੁਜ਼ਗਾਰੀ ਦਾ ਹੱਲ



ਡਾ. ਰਣਜੀਤ ਸਿੰਘ



ਖੇਤੀ ਦੇ ਨਾਲੋ-ਨਾਲ ਪੰਜਾਬ ਦੇ ਸਨਅਤੀ ਵਿਕਾਸ ਵਿੱਚ ਵੀ ਖੜੋਤ ਆ ਗਈ ਹੈ। ਇੱਥੇ ਜਦੋਂ ਹਰੇ ਇਨਕਲਾਬ ਨਾਲ ਜਾਣਿਆ ਜਾਂਦਾ ਖੇਤੀ ਵਿਕਾਸ ਹੋਇਆ ਸੀ ਉਦੋਂ ਹੀ ਸਨਅਤ ਵਿੱਚ ਵੀ ਚੋਖਾ ਵਿਕਾਸ ਹੋਇਆ ਸੀ। ਸੂਬੇ ਵਿੱਚ ਕਈ ਸਨਅਤੀ ਕੇਂਦਰ ਸਥਾਪਤ ਹੋਏ ਸਨ। ਖੇਤੀ ਦੇ ਨਾਲ ਹੁਣ ਸਨਅਤੀ ਵਿਕਾਸ ਵੱਲ ਵੀ ਧਿਆਨ ਦੇਣ ਦੀ ਲੋੜ ਹੈ ਤਾਂ ਜੋ ਖੇਤੀ ਜੋਤਾਂ ਦੇ ਘਟ ਰਹੇ ਆਕਾਰ ਕਾਰਨ ਵਿਹਲੇ ਹੋ ਰਹੇ ਪੇਂਡੂ ਨੌਜਵਾਨਾਂ ਨੂੰ ਰੁਜ਼ਗਾਰ ਮਿਲ ਸਕੇ। ਸੋਚਣਾ ਪਵੇਗਾ ਕਿ ਇੱਥੇ ਕਿਹੋ ਜਿਹੀ ਸਨਅਤ ਵਿਕਸਤ ਕੀਤੀ ਜਾਵੇ।

ਪੰਜਾਬ ’ਚ ਅਜਿਹੀ ਸਨਅਤ ਦੀ ਲੋੜ ਹੈ ਜਿਹੜੀ ਘੱਟ ਤੋਂ ਘੱਟ ਪ੍ਰਦੂਸ਼ਣ ਫੈਲਾਵੇ ਅਤੇ ਘੱਟੋ-ਘੱਟ ਧਰਤੀ ਦੀ ਵਰਤੋਂ ਕਰੇ ਕਿਉਂਕਿ ਕਿਸਾਨਾਂ ਦੇ ਉਜਾੜੇ ਨਾਲ ਸਨਅਤਾਂ ਦੀ ਕਾਇਮੀ ਲਾਭ ਦੀ ਥਾਂ ਨੁਕਸਾਨ ਵਧੇਰੇ ਕਰਦੀ ਹੈ। ਵੱਡੀ ਫੈਕਟਰੀ ਦੀ ਸਥਾਪਨਾ ਸੈਂਕੜੇ ਕਿਸਾਨਾਂ ਦਾ ਉਜਾੜਾ ਕਰਦੀ ਹੈ। ਇਸ ਨਾਲ ਪ੍ਰਦੂਸ਼ਣ ਵਿੱਚ ਵੀ ਵਾਧਾ ਹੁੰਦਾ ਹੈ। ਫੈਕਟਰੀ ਮਾਲਕ ਉਜਾੜੇ ਗਏ ਲੋਕਾਂ ਨੂੰ ਰੁਜ਼ਗਾਰ ਦੇਣ ਦੀ ਥਾਂ ਪਰਵਾਸੀ ਕਾਮਿਆਂ ਉੱਤੇ ਵਧੇਰੇ ਨਿਰਭਰ ਕਰਦੇ ਹਨ। ਪੰਜਾਬ ਵਿੱਚ ਸੈਰ-ਸਪਾਟਾ, ਵਿੱਦਿਆ ਅਤੇ ਸਿਹਤ-ਸਹੂਲਤਾਂ ਨੂੰ ਸਨਅਤ ਦੇ ਰੂਪ ਵਿੱਚ ਵਿਕਸਤ ਕੀਤਾ ਜਾ ਸਕਦਾ ਹੈ। ਇਸ ਦੇ ਨਾਲ ਹੀ ਖੇਤੀ ਉਪਜ ਆਧਾਰਿਤ ਛੋਟੇ ਕਾਰਖਾਨੇ ਵੀ ਲਗਾਏ ਜਾ ਸਕਦੇ ਹਨ। ਇਨ੍ਹਾਂ ਸਨਅਤਾਂ ਦਾ ਵਿਕਾਸ ਪੰਜਾਬੀਆਂ ਨੂੰ ਰੁਜ਼ਗਾਰ ਦੇਵੇਗਾ, ਕਿਸਾਨਾਂ ਦਾ ਉਜਾੜਾ ਰੁਕੇਗਾ, ਸਰਕਾਰੀ ਆਮਦਨ ਵਿੱਚ ਵਾਧਾ ਹੋਵੇਗਾ ਤੇ ਪ੍ਰਦੂਸ਼ਣ ’ਚ ਵੀ ਵਾਧਾ ਨਹੀਂ ਹੋਵੇਗਾ। ਪੰਜਾਬ ’ਚ ਸੈਰ-ਸਪਾਟਾ ਵਿਭਾਗ ਤੇ ਇਕ ਕਾਰਪੋਰੇਸ਼ਨ ਵੀ ਹੈ। ਇਸ ਮਹਿਕਮੇ ਨੂੰ ਬਹੁਤੀ ਮਹੱਤਤਾ ਨਹੀਂ ਦਿੱਤੀ ਜਾਂਦੀ। ਸ਼ਾਇਦ ਇਹੀ ਸਮਝਿਆ ਜਾਂਦਾ ਹੈ ਕਿ ਪੰਜਾਬ ਵਿੱਚ ਪਹਾੜ ਅਤੇ ਸਮੁੰਦਰੀ ਕੰਢੇ ਨਹੀਂ ਹਨ, ਇਸੇ ਕਰਕੇ ਇੱਥੇ ਸੈਲਾਨੀ ਨਹੀਂ ਆ ਸਕਦੇ ਪਰ ਸਾਨੂੰ ਰਾਜਸਥਾਨ ਵੱਲ ਵੇਖਣਾ ਚਾਹੀਦਾ ਹੈ। ਉੱਥੇ ਰਾਜਿਆਂ ਦੇ ਮਹਿਲਾਂ ਅਤੇ ਰੇਗਿਸਤਾਨ ਦੇ ਸਹਾਰੇ ਹੀ ਸੈਲਾਨੀਆਂ ਨੂੰ ਖਿੱਚਿਆ ਗਿਆ ਹੈ। ਪੰਜਾਬ ’ਚ ਇਹੋ ਜਿਹੀ ਸੈਰ-ਸਪਾਟਾ ਸਨਅਤ ਵਿਕਸਤ ਹੋਵੇ। ਸਰਕਾਰੀ ਕਦਮ ਵੀ ਚੁੱਕੇ ਗਏ ਹਨ ਪਰ ਇੱਕਾ-ਦੁੱਕਾ ਯਤਨ ਵਧੇਰੇ ਪ੍ਰਭਾਵਸ਼ਾਲੀ ਨਹੀਂ ਹੁੰਦੇ ਸਗੋਂ ਇਕ ਵੱਡੇ ਪੱਧਰ ਦੀ ਸਮੁੱਚੀ ਯੋਜਨਾ ਦੀ ਲੋੜ ਹੈ। ਪੰਜਾਬ ਵਿੱਚ ਧਾਰਮਿਕ ਤੇ ਹਰਿਆਵਲ ਯਾਤਰਾਵਾਂ ਬਹੁਤ ਸਫਲ ਹੋ ਸਕਦੀਆਂ ਹਨ। ਇੱਥੇ ਸਿੱਖਾਂ ਦੇ ਤਿੰਨ ਤਖ਼ਤ ਹਨ। ਯਾਤਰੂਆਂ ਲਈ ਇਹ ਯਾਤਰਾ ਦੀ ਸੁੰਦਰ ਤਿਕੋਣ ਬਣ ਸਕਦੀ ਹੈ।

ਸੈਲਾਨੀਆਂ ਵੱਲੋਂ ਭਾਖੜਾ ਤੋਂ ਸ਼ੁਰੂ ਹੋ ਕੇ ਅਨੰਦਪੁਰ ਸਾਹਿਬ, ਚੰਡੀਗੜ੍ਹ, ਛੱਤਬੀੜ, ਫ਼ਤਿਹਗੜ੍ਹ ਸਾਹਿਬ, ਪਟਿਆਲਾ ਤੇ ਦਮਦਮਾ ਸਾਹਿਬ ਦੀ ਯਾਤਰਾ ਕੀਤੀ ਜਾ ਸਕਦੀ ਹੈ। ਇੱਥੋਂ ਹਰੀਕੇ ਪੱਤਣ, ਤਰਨ ਤਾਰਨ ਹੁੰਦੇ ਹੋਏ ਅੰਮ੍ਰਿਤਸਰ ਤੇ ਜਲੰਧਰ ਘੁੰਮਿਆ ਜਾ ਸਕਦਾ ਹੈ। ਅੰਮ੍ਰਿਤਸਰ ਪਹਿਲਾਂ ਹੀ ਕੌਮਾਂਤਰੀ ਹਵਾਈ ਅੱਡਾ ਹੈ ਤੇ ਮੁਹਾਲੀ ਤਿਆਰ ਹੋ ਗਿਆ ਹੈ। ਇਨ੍ਹਾਂ ਦੋਵਾਂ ਥਾਵਾਂ ਤੋਂ ਯਾਤਰਾ ਸ਼ੁਰੂ ਕਰ ਕੇ ਇੱਥੇ ਹੀ ਸਮਾਪਤ ਹੋ ਸਕਦੀ ਹੈ। ਪੰਜਾਬ ਵਿੱਚ ਯੋਜਨਾਬੱਧ ਯਾਤਰਾਵਾਂ ਦਾ ਪ੍ਰਬੰਧ ਨਹੀਂ ਕੀਤਾ ਗਿਆ ਹੈ। ਜੇਕਰ ਵਧੀਆ ਏਸੀ ਬੱਸਾਂ ਰਾਹੀਂ ਸਾਫ਼-ਸੁਥਰੇ ਖਾਣੇ ਅਤੇ ਰਿਹਾਇਸ਼ ਦਾ ਪ੍ਰਬੰਧ ਕੀਤਾ ਜਾਵੇ ਤਾਂ ਹਜ਼ਾਰਾਂ ਵਿਦੇਸ਼ੀ ਸਿੱਖ ਅਤੇ ਗ਼ੈਰ-ਸਿੱਖ ਇਸ ਦਾ ਲਾਭ ਜ਼ਰੂਰ ਉਠਾਉਣਗੇ। ਤਲਵੰਡੀ ਸਾਬੋ ਨੂੰ ਵਿਕਸਤ ਕਰਨ ਦੀ ਲੋੜ ਹੈ। ਇਸ ਇਲਾਕੇ ਵਿੱਚ ਹਰ ਪਾਸੇ ਅੰਗੂਰਾਂ ਅਤੇ ਕਿੰਨੂਆਂ ਦੇ ਬਗੀਚੇ ਹਨ। ਇਸੇ ਤਰ੍ਹਾਂ ਪੰਜਾਬ ਦੀ ਸਾਰੀ ਧਰਤੀ ਸਾਲ ਵਿੱਚ ਦਸ ਮਹੀਨੇ ਫ਼ਸਲਾਂ ਦੀ ਹਰੀ ਚਾਦਰ ਨਾਲ ਢਕੀ ਰਹਿੰਦੀ ਹੈ। ਪਿੰਡਾਂ ਵਿੱਚ ਸ਼ਾਨਦਾਰ ਕੋਠੀਆਂ ਹਨ। ਅਜਿਹੇ ਵਿਕਸਤ ਪਿੰਡ ਹੋਰ ਸੂਬਿਆਂ ਵਿੱਚ ਨਹੀਂ ਹਨ। ਇਸ ਨਜ਼ਾਰੇ ਨੂੰ ਵੀ ਸੈਲਾਨੀਆਂ ਦੀ ਖਿੱਚ ਦਾ ਕੇਂਦਰ ਬਣਾਇਆ ਜਾ ਸਕਦਾ ਹੈ। ਵਿਵਸਥਾ ਅਜਿਹੀ ਹੋਵੇ ਕਿ ਹਵਾਏ ਅੱਡੇ ਤੋਂ ਹੀ ਸੈਲਾਨੀਆਂ ਦਾ ਸਵਾਗਤ ਕਰ ਕੇ ਸਾਰਾ ਪ੍ਰਬੰਧ ਸਬੰਧਤ ਅਦਾਰੇ ਵੱਲੋਂ ਕੀਤਾ ਜਾਵੇ। ਇਸ ਸਬੰਧੀ ਬੁਕਿੰਗ ਵਿਦੇਸ਼ਾਂ ਵਿੱਚ ਵੀ ਹੋ ਸਕਦੀ ਹੈ। ਸਿੰਗਾਪੁਰ, ਦੁਬਈ, ਮਲੇਸ਼ੀਆ ਆਦਿ ਦੇਸ਼ਾਂ ਵੱਲੋਂ ਅਜਿਹੀਆਂ ਸਹੂਲਤਾਂ ਸਾਰੇ ਸੰਸਾਰ ਵਿਚ ਹਨ। ਹਿਮਾਚਲ ਅਤੇ ਕਸ਼ਮੀਰ ਨੂੰ ਜਾਣ ਵਾਲੇ ਯਾਤਰੀ ਵੀ ਪੰਜਾਬ ਦੀ ਪ੍ਰਾਹੁਣਚਾਰੀ ਦਾ ਆਨੰਦ ਮਾਣਨਾ ਚਾਹੁੰਣਗੇ। ਪੰਜਾਬੀ ਪ੍ਰਾਹੁਣਚਾਰੀ ਲਈ ਪ੍ਰਸਿੱਧ ਹਨ ਪਰ ਇੱਥੇ ਯਾਤਰੀਆਂ ਅਤੇ ਸੈਲਾਨੀਆਂ ਲਈ ਢੁੱਕਵਾਂ ਅਤੇ ਸੁਖਾਵਾਂ ਪ੍ਰਬੰਧ ਨਹੀਂ ਹੈ। ਪਿਛਲੇ ਕੁਝ ਸਾਲਾਂ ਦੌਰਾਨ ਪੰਜਾਬ ਵਿਚ ਬਹੁਤ ਸਾਰੇ ਤਕਨੀਕੀ ਕਾਲਜ ਖੁੱਲ੍ਹ ਗਏ ਹਨ। ’ਵਰਸਿਟੀਆਂ ਦੀ ਗਿਣਤੀ ਵਿੱਚ ਵੀ ਵਾਧਾ ਹੋਇਆ ਹੈ।

ਪੰਜਾਬੀ ਖੁੱਲ੍ਹੀ ਕਵਿਤਾ ਦੇ ਮੋਢੀ ਪ੍ਰੋ. ਪੂਰਨ ਸਿੰਘ ਨੂੰ ਚੇਤੇ ਕਰਦਿਆਂ

ਜੇ ਇੱਥੇ ਮਿਆਰੀ ਵਿੱਦਿਆ ਪ੍ਰਦਾਨ ਕੀਤੀ ਜਾਵੇ, ਦੂਜੇ ਸੂਬਿਆਂ ਅਤੇ ਵਿਦੇਸ਼ੀ ਵਿਦਿਆਰਥੀਆਂ ਦਾ ਪੂਰਾ ਧਿਆਨ ਰੱਖਿਆ ਜਾਵੇ ਤਾਂ ਵਿੱਦਿਆ ਨੂੰ ਵੀ ਸਨਅਤ ਦੇ ਰੂਪ ਵਿੱਚ ਵਿਕਸਤ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਲੋਕਾਂ ਨੂੰ ਰੁਜ਼ਗਾਰ ਵੀ ਮਿਲੇਗਾ ਅਤੇ ਸਰਕਾਰੀ ਆਮਦਨ ਵੀ ਵਧ ਸਕਦੀ ਹੈ। ਇਹ ਅਫ਼ਸੋਸ ਨਾਲ ਲਿਖਣਾ ਪੈ ਰਿਹਾ ਹੈ ਕਿ ਇਨ੍ਹਾਂ ’ਚੋਂ ਬਹੁਤੇ ਕਾਲਜ ਮਿਆਰੀ ਵਿੱਦਿਆ ਨਹੀਂ ਦੇ ਰਹੇ ਅਤੇ ਵਿਦਿਆਰਥੀਆਂ ਲਈ ਵੀ ਪੂਰੀਆਂ ਸਹੂਲਤਾਂ ਨਹੀਂ ਹਨ। ਜੇ ਇਹ ਆਪਣਾ ਮਿਆਰ ਉੱਚਾ ਕਰ ਲੈਣ ਤਾਂ ਇਸ ਸਬੰਧੀ ਦੂਜੇ ਸੂਬਿਆਂ ਤੇ ਵਿਦੇਸ਼ਾਂ ’ਚ ਪ੍ਰਚਾਰ ਕੀਤਾ ਜਾ ਸਕਦਾ ਹੈ। ਹੁਣ ਵਿਦੇਸ਼ੀ ਵਿਦਿਆਰਥੀਆਂ ਨੂੰ ਅਪਣੱਤ ਦੀ ਘਾਟ ਰੜਕਦੀ ਹੈ ਜਿਸ ਕਰਕੇ ਉਹ ਉਦਰੇਵਾਂ ਮਹਿਸੂਸ ਕਰਦੇ ਹਨ। ਅਮਰੀਕਾ ਵਰਗੇ ਦੇਸ਼ ਵਿੱਚ ਵੀ ਬਾਹਰੋਂ ਆਏ ਵਿਦਿਆਰਥੀਆਂ ਦਾ ਪੂਰਾ ਧਿਆਨ ਰੱਖਿਆ ਜਾਂਦਾ ਹੈ। ਅਸੀਂ ਵਿਦੇਸ਼ੀਆਂ ਦਾ ਸਵਾਗਤ ਕਰਨ ਦੀ ਥਾਂ ਉਨ੍ਹਾਂ ਨੂੰ ਖ਼ਰਾਬ-ਖੁਆਰ ਕਰਨ ਦਾ ਵਧੇਰੇ ਯਤਨ ਕੀਤਾ ਹੈ। ਪੰਜਾਬ ਵਿੱਚ ਕੁਝ ਵੱਡੇ ਅਤੇ ਵਧੀਆ ਹਸਪਤਾਲ ਹਨ। ਇਨ੍ਹਾਂ ਵਿੱਚ ਹਜ਼ਾਰਾਂ ਲੋਕ ਕੰਮ ਕਰ ਰਹੇ ਹਨ। ਜੇਕਰ ਇਸ ਗਿਣਤੀ ਵਿੱਚ ਵਾਧਾ ਕੀਤਾ ਜਾਵੇ, ਵਿਦੇਸ਼ੀਆਂ ਲਈ ਵੱਖਰੇ ਪ੍ਰਬੰਧ ਕੀਤੇ ਜਾਣ ਅਤੇ ਉਨ੍ਹਾਂ ਦੀ ਪੂਰੀ ਸੇਵਾ ਅਤੇ ਦੇਖ-ਭਾਲ ਕੀਤੀ ਜਾਵੇ ਤਾਂ ਹਜ਼ਾਰਾਂ ਦੀ ਗਿਣਤੀ ਵਿਚ ਵਿਦੇਸ਼ੀ ਇੱਥੇ ਇਲਾਜ ਕਰਵਾਉਣ ਆਉਣਗੇ। ਪੰਜਾਬ ਦੇ ਪਿੰਡਾਂ ਵਿੱਚ ਖੇਤੀ ਉਪਜ ਆਧਾਰਿਤ ਛੋਟੇ ਕਾਰਖਾਨੇ ਸਥਾਪਤ ਕੀਤੇ ਜਾ ਸਕਦੇ ਹਨ। ਇਨ੍ਹਾਂ ਵਿੱਚ ਖੇਤੀ ਉਪਜ, ਫ਼ਲ, ਸਬਜ਼ੀਆਂ, ਦੁੱਧ ਆਦਿ ਦਾ ਪਦਾਰਥੀਕਰਨ ਕੀਤਾ ਜਾ ਸਕਦਾ ਹੈ। ਹੁਣ ਅਜਿਹੀਆਂ ਇਕਾਈਆਂ ਬਹੁਤ ਘੱਟ ਹਨ। ਪੰਜਾਬ ਵਿੱਚ ਵਿਕਣ ਵਾਲਾ ਬਹੁਤ ਸਾਰਾ ਤਿਆਰ ਮਾਲ ਵੀ ਦੂਜੇ ਸੂਬਿਆਂ ਵਿੱਚੋਂ ਆਉਂਦਾ ਹੈ। ਪਿੰਡਾਂ ਵਿੱਚ ਸਥਾਪਤ ਅਜਿਹੀਆਂ ਇਕਾਈਆਂ ਪੇਂਡੂ ਲੋਕਾਂ ਨੂੰ ਰੁਜ਼ਗਾਰ ਦੇਣਗੀਆਂ। ਕਿਸਾਨਾਂ ਦੀ ਆਮਦਨ ਵਿੱਚ ਵਾਧਾ ਹੋਵੇਗਾ ਅਤੇ ਖੇਤੀ ਵਿੱਚ ਵਿਭਿੰਨਤਾ ਆਵੇਗੀ। ਨਵੀਆਂ ਸਨਅਤੀ ਇਕਾਈਆਂ ਸਥਾਪਤ ਕਰਦੇ ਸਮੇਂ ਇਹ ਧਿਆਨ ਰੱਖਿਆ ਜਾਵੇ ਕਿ ਕੇਵਲ ਉਨ੍ਹਾਂ ਇਕਾਈਆਂ ਨੂੰ ਹੀ ਮਨਜ਼ੂਰੀ ਮਿਲੇ ਜੋ ਵਾਤਾਵਰਨ ਤੇ ਪਾਣੀ ਨੂੰ ਪ੍ਰਦੂਸ਼ਿਤ ਨਾ ਕਰਦੀਆਂ ਹੋਣ। ਨਵੇਂ ਕਾਰਖਾਨੇ ਵੱਡੇ ਸ਼ਹਿਰਾਂ ਲਾਗੇ ਲਗਾਉਣ ਦੀ ਥਾਂ ਸੂਬੇ ਦੇ (ਬਾਕੀ ਸਫ਼ਾ 31 ’ਤੇ)

# ਅੰਬ ਦੇ ਇੱਕ ਦਰਖ਼ਤ ’ਤੇ ਲੱਗਦੇ ਹਨ 300 ਤੋਂ ਜ਼ਿਆਦਾ ਕਿਸਮਾਂ ਦੇ ਅੰਬ



## 7ਵੀਂ ਫੇਲ੍ਹ ਵਿਅਕਤੀ ਬਣਿਆ ਅੰਬਾਂ ਦਾ ਡਾਕਟਰ

ਭਾਰਤ ਦੇ ਉੱਤਰ ਪ੍ਰਦੇਸ਼ ਸੂਬੇ ਦੀ ਰਾਜਧਾਨੀ ਲਖਨਊ ਤੋਂ 40 ਕਿਲੋਮੀਟਰ ਦੂਰ ਮਲਿਹਾਬਾਦ ਵਿੱਚ ਅਬਦੁੱਲਾ ਨਰਸਰੀ ਹੈ। ਇਸ ਨਰਸਰੀ ਵਿੱਚ ਇੱਕ ਇਹੋ ਜਿਹਾ ਅੰਬ ਦਾ ਦਰਖਤ ਹੈ, ਜਿਸ ’ਤੇ 300 ਤੋਂ ਵੱਧ ਕਿਸਮਾਂ ਦੇ ਅੰਬ ਲਗਦੇ ਹਨ। ਇਸ ਦਰਖਤ ’ਤੇ ਲੱਗੇ ਹਰ ਕਿਸਮ ਦੇ ਅੰਬ ਦਾ ਸਵਾਦ ਵੱਖਰਾ ਹੁੰਦਾ ਹੈ।ਇਸ ਦਰਖਤ ’ਤੇ ਲੱਗੇ ਅੰਬਾਂ ਦੇ ਪੱਤੇ ਵੀ ਵੱਖ- ਵੱਖ ਕਿਸਮਾਂ ਦੇ ਹਨ।

ਅੰਬ ਦਾ ਇਹ ਦਰਖਤ 30 ਫੁੱਟ ਉਚਾ ਹੈ, ਇਸਦੀਆਂ ਅਨੇਕਾਂ ਡਾਲੀਆਂ/ਟਾਹਣੀਆਂ ਦੂਰ ਦੂਰ ਤਕ ਫੈਲੀਆਂ ਹਨ ਅਤੇ ਕਈ ਡਾਲੀਆਂ/ਟਾਹਣੀਆਂ ਜ਼ਮੀਨ ਨਾਲ ਲੱਗੀਆਂ ਹੋਈਆਂ ਹਨ। ?ਇਸ ਨਰਸਰੀ ਨੂੰ 83 ਸਾਲ ਦੇ ਹਾਜੀ ਕਾਲੀਮੁੱਲ੍ਹਾ ਖਾਨ ਨੇ ਤਿਆਰ ਕੀਤਾ ਹੈ। ਇਸ ਕਾਰਨ ਉਨ੍ਹਾਂ ਨੂੰ ਪਦਮਸ੍ਰੀ ਨਾਲ ਵੀ ਸਨਮਾਨਿਤ ਕੀਤਾ ਗਿਆ ਹੈ।

ਹਾਜੀ ਕਾਲੀਮੁੱਲ੍ਹਾ ਖਾਨ ਦਾਅਵਾ ਕਰਦਾ ਹੈ ਕਿ ਇਹ ਅੰਬ ਦਾ ਦਰਖਤ ਬਿਮਾਰੀਆਂ ਦੂਰ ਕਰਨ ਵਿੱਚ ਵੀ ਸਮਰੱਥ ਹੈ। 5 ਏਕੜ ਵਿੱਚ ਫੈਲੀ ਆਪਣੀ ਨਰਸਰੀ ਵਿੱਚ ਹਾਜੀ ਕਾਲੀਮੁੱਲ੍ਹਾ ਖਾਨ ਪੌਦਿਆਂ ਅਤੇ ਦਰਖਤਾਂ ’ਤੇ ਵੀ ਖੋਜ ਕਰਦਾ ਹੈ। 7ਵੀਂ ਫੇਲ ਖੋਜਕਰਤਾ ਦਾ ਨਵਾਂ ਦਾਅਵਾ ਹੈ ਕਿ ਉਨ੍ਹਾਂ ਨੇ ਇਕ ਅਜਿਹਾ ਕੇਲੇ ਦਾ ਦਰਖਤ ਵਿਕਸਿਤ ਕੀਤਾ ਹੈ, ਜੋ ਆਮ ਕੇਲੇ ਦੇ ਦਰਖਤ ਤੋਂ ਡੇਢ ਗੁਣਾ ਵੱਡਾ ਹੈ। ਇਸਦਾ ਫਲ ਵੀ ਡੇਢ ਗੁਣਾ ਵੱਡਾ ਹੋਵੇਗਾ।



**1957 ਵਿੱਚ 7 ਕਿਸਮ ਵਾਲਾ ਅੰਬ ਦਾ ਦਰਖਤ ਤਿਆਰ ਕੀਤਾ :**

7ਵੀਂ ਜਮਾਤ ਵਿੱਚ ਫੇਲ ਹੋਣ ਤੋਂ ਬਾਅਦ ਹਾਜੀ ਕਾਲੀਮੁੱਲ੍ਹਾ ਖਾਨ ਆਪਣੇ ਪਿਤਾ ਦੇ ਨਾਲ ਨਰਸਰੀ ਜਾਣ ਲੱਗ ਪਏ। ਸਾਲ 1957 ਵਿੱਚ ਉਨ੍ਹਾਂ ਨੇ 7 ਕਿਸਮਾਂ ਦੇ ਅੰਬ ਦੇਣ ਵਾਲਾ ਅੰਬ ਦਾ ਪੌਦਾ ਤਿਆਰ ਕੀਤਾ ਸੀ, ਪਰ 1960 ਵਿੱਚ ਉਹ ਹੜ੍ਹ ਵਿੱਚ ਡੁੱਬ ਗਿਆ। ਹਾਜੀ ਕਾਲੀਮੁੱਲ੍ਹਾ ਖਾਨ ਨੇ ਉਸ ਪੌਦੇ ਨੂੰ ਬਚਾਉਣ ਦੇ ਬਹੁਤ ਯਤਨ ਕੀਤੇ ਪਰ ਬਚਾਅ ਨਹੀਂ ਸਕੇ। ਘਰ ਵਿੱਚ ਗਰੀਬੀ ਸੀ। ਦਰਖਤਾਂ ਵਿੱਚ ਦਿਲਚਸਪੀ ਦੇ ਨਾਲ ਕਾਲੀਮੁੱਲ੍ਹਾ ਆਪਣੇ ਗੁਜ਼ਾਰੇ ਲਈ ਮਜ਼ਦੂਰੀ ਕਰਨ ਲੱਗ ਪਏ। ਉਨ੍ਹਾਂ ਦਾ ਵਿਆਹ ਹੋਇਆ, ਬੱਚੇ ਹੋਏ ਅਤੇ 9 ਸਾਲ ਖੇਤ ਵਿੱਚ ਹੀ ਰਹੇ। ਇਸੇ ਤਰ੍ਹਾਂ 27 ਸਾਲ ਬੀਤ ਗਏ, ਪਰ ਹਾਜੀ ਕਾਲੀਮੁੱਲ੍ਹਾ ਖਾਨ ਦਾ ਦਰਖਤਾਂ ਨਾਲ ਪਿਆਰ ਘੱਟ ਨਹੀਂ ਹੋਇਆ।

**ਦੋਸਤ ਨੇ ਜ਼ਮੀਨ ਕਰਜ਼ੇ ਨਾਲ ਦਿਤੀ, ਫੇਰ ਇਤਿਹਾਸਕ ਦਰਖਤ ਤਿਆਰ ਹੋਇਆ**

ਸਾਲ 1987 ਵਿੱਚ ਕਾਲੀਮੁੱਲ੍ਹਾ ਦੇ ਇੱਕ ਦੋਸਤ ਨੇ 5 ਏਕੜ ਜ਼ਮੀਨ ਕਰਜ਼ੇ ’ਤੇ ਦਿਤੀ। ਦੋਸਤ ਭੋਪਾਲ ਸ਼ਿਫਟ ਹੋ ਗਏ ਅਤੇ ਇੱਥੇ ਹਾਜੀ ਕਾਲੀਮੁੱਲ੍ਹਾ ਖਾਨ ਨੇ ਅਬਦੁੱਲਾ ਨਰਸਰੀ ਦੀ ਸ਼ੁਰੂਆਤ ਦੀ। ਨਰਸਰੀ ਵਿੱਚ ਅੰਬ ਦੀਆਂ 13 ਖਾਸ ਕਿਸਮਾਂ ਦਾ ਵਿਕਾਸ ਕੀਤਾ ਗਿਆ। ਇਸ ਦੇ ਨਾਲ ਉਨ੍ਹਾਂ ਨੇ ਇੱਕ ਅਜਿਹਾ ਦਰਖਤ ਤਿਆਰ ਕੀਤਾ ਹੈ, ਜਿਸਨੂੰ 300 ਤੋਂ ਜ਼ਿਆਦਾ ਕਿਸਮਾਂ ਦੇ ਅੰਬ ਲੱਗਦੇ ਹੈ। ਇਸ ਦਰਖਤ ਨੂੰ ਤਿਆਰ ਕਰਨ ਵਿੱਚ ਉਨ੍ਹਾਂ ਨੂੰ 18 ਸਾਲ ਤੋਂ ਜ਼ਿਆਦਾ ਦਾ ਸਮਾਂ ਲਗਿਆ। ਹਾਲਾਂਕਿ ਇਸ ਦਰਖਤ ਵਿੱਚ ਕਈ ਹੋਰ ਕਿਸਮਾਂ ਨੂੰ ਵਧਾਉਣ ਦੇ ਕੰਮ ਉਹਨਾਂ ਵੱਲੋਂ ਕੀਤੇ ਜਾ ਰਹੇ ਹਨ।ਹਾਜੀ ਕਾਲੀਮੁੱਲ੍ਹਾ ਖਾਨ ਕਹਿੰਦੇ ਹਨ ਕਿ ਸਾਲ 1991 ਵਿੱਚ ਇਹ ਦਰਖਤ ਅੰਬ ਦੀਆਂ 33 ਕਿਸਮਾਂ ਪੈਦਾ ਕਰਦਾ ਸੀ। ਸਫਲਤਾ ਮਿਲਣ ਦੇ ਨਾਲ ਹੀ ਅਸੀਂ ਲਗਾਤਾਰ ਕਿਸਮਾਂ ਵਧਾਉਂਦੇ ਗਏ। ਅਸੀਂ ਇਸ ਦਰਖਤ ਨੂੰ ਗ੍ਰਾਫਟਿੰਗ ਵਿਧੀ ਨਾਲ ਤਿਆਰ ਕੀਤਾ ਹੈ। ਇਸ ਵਿਧੀ ਵਿੱਚ ਦਰਖਤ ਦੀ ਟਾਹਣੀ ’ਤੇ ‘ਵੀ’ ਸ਼ੇਪ ਦਾ ਚੀਰਾ ਲਗਾ ਕੇ ਅੰਬ ਦੀ ਇੱਕ ਨਵੀਂ ਕਿਸਮ ਦੀ ਕਲਮ ਜੋੜ ਦਿਤੀ ਜਾਂਦੀ ਹੈ। ਇਹ ਦਰਖਤ ਹੁਣ ਵਿਸ਼ਾਲ ਰੂਪ ਲੈ ਚੁਕਿਆ ਹੈ। ਇਹ ਦਰਖਤ ਮੇਰੇ ਦਿਲ ਦਾ ਨੇੜੇ ਹੈ। ਦੁਨੀਆਂ ਭਰ ਵਿੱਚ ਇਸਦੀ ਚਰਚਾ ਹੈ, ਲੋਕ ਇਸ ਦੇਖਣ ਲਈ ਆਉਂਦੇ ਹਨ। ਇਸ ਅੰਬਾਂ ਦੀ ਸਪਲਾਈ ਵਿਦੇਸ਼ ਤੱਕ ਹੁੰਦੀ ਹੈ। ਇਹ ਅੰਬ ਮੇਰੀ ਤਰਫੋਂ ਦੁਨੀਆ ਨੂੰ ਤੋਹਫਾ ਹੈ।

**ਇਕ ਅੰਬ ਵਿੱਚ ਦੋ ਛਿਲਕੇ, ਦੋ ਗੁਠਲੀਆਂ, ਦੋ ਸਵਾਦ, ਦੋ ਰੰਗ :** ਕਲੀਮ ਨੇ ਅੰਬ ਦਾ ਇੱਕ ਅਜਿਹਾ ਦਰਖਰਤ ਤਿਆਰ ਕੀਤਾ ਹੈ ਜਿਸਦੇ ਫਲ ਵਿੱਚ ਇੱਕ ਦੇ ਉੱਪਰ 2 ਛਿਲਕੇ ਹਨ। ਅੰਦਰ 2 ਗੁਠਲੀਆਂ, 2 ਰੰਗ, 2 ਕਿਸਮ ਦਾ ਸਵਾਦ ਹੁੰਦਾ ਹੈ।

(ਬਾਕੀ ਸਫ਼ਾ 29 ’ਤੇ)

# ਉਚੇਰੀ ਸਿੱਖਿਆ 'ਚ ਸਿੱਖ ਨੌਜਵਾਨਾਂ ਦੀ ਕਾਰਗੁਜ਼ਾਰੀ ਨਿਰਾਸ਼ਾਜਨਕ



ਤਲਵਿੰਦਰ ਸਿੰਘ ਬੁਟਰ

## ਸਾਲ 1980 'ਚ ਪੰਜਾਬ ਕੇਡਰ ਦੇ ਪਹਿਲੇ 15 ਆਈ.ਪੀ.ਐਸ. ਅਧਿਕਾਰੀਆਂ ਵਿਚੋਂ 10 ਸਿੱਖ ਸਨ ਤੇ ਅੱਜ ਪੰਜਾਬ ਕੇਡਰ ਦੇ ਪਹਿਲੇ 15 ਆਈ.ਪੀ.ਐਸ. 'ਚੋਂ ਸਿਰਫ਼ ਤਿੰਨ

ਪੰਜਾਬ ਇੰਨੇ ਸਹਿਜ ਦੌਰ ਵਿਚੋਂ ਨਹੀਂ ਗੁਜ਼ਰ ਰਿਹਾ, ਜਿੰਨਾ ਅਸੀਂ ਸਮਝੀ ਬੈਠੇ ਹਾਂ। ਜਿਨ੍ਹਾਂ ਨੇ ਪੰਜਾਬ ਦੇ ਭਵਿੱਖ ਦੇ ਵਾਰਿਸ ਬਣਨਾ ਹੈ, ਉਹ ਨੌਜਵਾਨ ਤਬਕਾ ਵੱਡੇ ਦਵੰਦ ਦਾ ਸ਼ਿਕਾਰ ਹੈ। ਵਾਪਰ ਰਹੀਆਂ ਘਟਨਾਵਾਂ ਵਿਚੋਂ ਸਮੇਂ ਦਾ ਸੱਚ ਮਹਿਸੂਸ ਕਰਨ ਦੀ ਲੋੜ ਹੈ ਕਿ ਇਕੱਲੇ ਗਰਮਜੋਸ਼ੀ ਤੇ ਧਰਮ ਦੀ ਜੈ-ਜੈਕਾਰ ਦੇ ਨਾਅਰੇ ਮਾਰਨ ਨਾਲ ਹੀ ਨਵੀਂ ਪੀੜ੍ਹੀ ਦੀ ਕਾਇਆ-ਕਲਪ ਨਹੀਂ ਹੋਣ ਵਾਲੀ, ਨੌਜਵਾਨੀ ਨੂੰ ਨੈਤਿਕ ਕਦਰਾਂ-ਕੀਮਤਾਂ ਨਾਲ ਜੋੜੇ ਬਗ਼ੈਰ ਭਵਿੱਖ ਨੂੰ ਮਹਿਫ਼ੂਜ਼ ਨਹੀਂ ਕੀਤਾ ਜਾ ਸਕਦਾ। ਸਿੱਖ ਪੰਥ ਦੇ ਭਵਿੱਖ ਦੀ ਦਸ਼ਾ ਤੇ ਦਿਸ਼ਾ ਬਾਰੇ ਸੋਚਦਿਆਂ ਕੰਬਣੀ ਜਿਹੀ ਛਿੜਣ ਲਗਦੀ ਹੈ।

ਪੰਜਾਬ ਹਿੰਦੁਸਤਾਨ ਦਾ ਇਕ ਅਜਿਹਾ ਖਿੱਤਾ ਹੈ, ਜਿੱਥੇ ਖੇਤਰੀ ਭਾਵਨਾਵਾਂ ਦੂਜੇ ਖਿੱਤਿਆਂ ਦੇ ਮੁਕਾਬਲੇ ਹਮੇਸ਼ਾ ਬੇਹੱਦ ਪ੍ਰਬਲ ਰਹਿੰਦੀਆਂ ਹਨ। ਸਦੀਆਂ ਤੋਂ ਪੰਜਾਬ ਖ਼ੁਦਮੁਖ਼ਤਿਆਰੀ ਅਤੇ ਬਾਗ਼ੀ ਤਬੀਅਤ ਦਾ ਸੋਮਾ ਰਿਹਾ ਹੈ। ਇਸੇ ਕਾਰਨ ਦੇਸ਼ ਅੰਦਰ ਜਦੋਂ ਵੀ ਕੋਈ ਰਾਜਨੀਤਕ ਜਾਂ ਸਮਾਜਿਕ ਬਦਲਾਅ ਉਠਦਾ ਹੈ ਤਾਂ ਪੰਜਾਬ ਇਸ ਦਾ ਕੇਂਦਰ ਹੁੰਦਾ ਹੈ। ਪੰਜਾਬ ਨੇ ਕਦੇ ਵੀ ਕਿਸੇ ਦੀ ਅਧੀਨਗੀ ਸਵੀਕਾਰ ਨਹੀਂ ਕੀਤੀ ਅਤੇ ਇਹ ਆਪਣੀ ਹੋਂਦ-ਹਸਤੀ ਲਈ ਕੋਈ ਵੀ ਕੀਮਤ ਤਾਰਨ ਤੋਂ ਗੁਰੇਜ਼ ਨਹੀਂ ਕਰਦਾ।1990 ਤੋਂ ਇਕ ਦਹਾਕਾ ਬਾਅਦ ਤੱਕ ਪੰਜਾਬ ਦੇ ਸਰਹੱਦੀ ਇਲਾਕਿਆਂ ਦੇ ਬਹੁਤ ਸਾਰੇ ਪਿੰਡਾਂ ਵਿਚੋਂ ਕੋਈ ਜੰਞ ਨਹੀਂ ਉੱਠ ਸਕੀ, ਕਿਉਂਕਿ ਖਾੜਕੂਵਾਦ ਦੇ ਖ਼ਾਤਮੇ ਦੇ ਨਾਂਅ 'ਤੇ ਹੋਏ ਘਾਣ ਦੌਰਾਨ ਇਨ੍ਹਾਂ ਪਿੰਡਾਂ ਵਿੱਚ ਪੂਰੀ ਦੀ ਪੂਰੀ ਇਕ ਪੀੜ੍ਹੀ ਖ਼ਤਮ ਹੋ ਗਈ ਸੀ। ਸਮੇਂ ਦੇ ਪਹੀਏ ਨੇ ਆਪਣਾ ਇਕ ਗੇੜ ਪੂਰਾ ਕੀਤਾ ਤੇ ਪੰਜਾਬ ਮੁੜ ਅੰਗੜਾਈ ਲੈਣ ਯੋਗ ਹੋਇਆ ਪਰ ਜਿਸ ਹਿਸਾਬ ਨਾਲ ਅੱਜ ਸਵੈ-ਨਫ਼ਰਤ ਵਿਚੋਂ ਉਪਜੀ ਇਕ ਹੀਣ-ਭਾਵਨਾ ਤੇ ਬੇਵੱਸੀ ਦੇ ਸ਼ਿਕਾਰ ਹੋ ਕੇ ਸਿੱਖ ਜ਼ਮੀਨ-ਜੋਤਾਂ ਵੇਚ-ਵੱਟ ਕੇ ਆਪਣੇ ਨਿਆਣਿਆਂ ਨੂੰ ਕੈਨੇਡਾ, ਅਮਰੀਕਾ ਦੀ ਪੀ.ਆਰ. ਦਿਵਾਉਣ ਦੀ ਭੱਜ-ਦੌੜ ਵਿਚ ਲੱਗੇ ਹੋਏ ਹਨ, ਭਵਿੱਖ ਵਿੱਚ ਪੰਜਾਬ ਅੰਦਰ ਸਿੱਖਾਂ ਦਾ ਬਾਕੀ ਆਧਾਰ ਕੀ ਰਹਿ ਜਾਣਾ ਹੈ? ਪੰਦਰਾਂ ਤੋਂ ਪੰਝੀ ਸਾਲ ਦੇ ਕਿਸੇ ਵੀ ਸਿੱਖ ਨੌਜਵਾਨ ਨੂੰ ਪੁੱਛ ਕੇ ਵੇਖੋ ਕਿ, ਆਪਣੇ ਭਵਿੱਖ ਬਾਰੇ ਕੀ ਸੋਚਦੇ ਹੋ? ਤਾਂ ਸਭ ਦਾ ਤਕਰੀਬਨ ਇੱਕੋ ਜਵਾਬ ਹੋਵੇਗਾ, ਕੈਨੇਡਾ। ਜੇ ਖ਼ੁਦ ਆਈਲੈਟਸ ਨਹੀਂ ਤਾਂ ਪਿਓ ਦੀ ਦੋ ਕਿੱਲੇ ਜ਼ਮੀਨ ਵੇਚ ਕੇ ਆਈਲੈਟਸ ਪਾਸ ਕੁੜੀ ਨਾਲ ਵਿਆਹ ਕਰਵਾ ਕੇ ਕੈਨੇਡਾ ਜਾਣ ਦਾ ਰਾਹ ਤਾਂ ਕਿਤੇ ਗਿਆ ਹੀ ਨਹੀਂ। ਕੈਨੇਡਾ ਜਾ ਕੇ ਟਰੱਕ ਡਰਾਇਵਰੀ ਜਾਂ ਸਕਿਓਰਿਟੀ ਗਾਰਡ ਦੀ ਨੌਕਰੀ ਕਰਨੀ ਹੀ ਬੱਸ ਹੁਣ ਪੰਜਾਬੀਆਂ, ਖ਼ਾਸ ਕਰਕੇ ਸਿੱਖਾਂ ਦੇ ਜੀਵਨ ਦੀ ਅੰਤਿਮ ਮੰਜ਼ਿਲ ਬਣ ਕੇ ਰਹਿ ਗਈ ਹੈ। ਜੇਕਰ ਕਿਸੇ ਨੂੰ ਕਹਿ ਦੇਵੋ ਕਿ ਵਿਦੇਸ਼ਾਂ ਨੂੰ ਕਿਉਂ ਜਾਂਦੇ ਹੋ, ਇੱਥੇ ਹੀ ਰਹਿ ਕੇ ਕੋਈ ਨੌਕਰੀ ਜਾਂ ਕੰਮ-ਕਾਰ ਕਰ ਲਵੋ, ਤਾਂ ਬੜੇ ਦਾਅਵੇ ਨਾਲ ਕਹਿਣਗੇ, ਇੱਥੇ ਨੌਕਰੀਆਂ ਕਿੱਥੇ ਮਿਲਦੀਆਂ ਨੇ ਤੇ ਕੰਮ-ਕਾਰ ਕੋਈ ਚੱਲਦਾ ਨਹੀਂ।





ਨੌਕਰੀ ਮਿਲੇਗੀ ਵੀ ਕਿੰਜ? ਜਦੋਂ ਪੰਜਾਬ ਦੇ 60 ਫ਼ੀਸਦੀ ਪੇਂਡੂ ਸਿੱਖ ਨੌਜਵਾਨ ਦਸਵੀਂ ਪੱਧਰ ਦੀ ਪੜ੍ਹਾਈ ਤੋਂ ਅੱਗੇ ਨਹੀਂ ਵਧ ਰਹੇ। ਉਚੇਰੀ ਸਿੱਖਿਆ ਵਿੱਚ ਸਿੱਖ ਨੌਜਵਾਨਾਂ ਦੀ ਕਾਰਗੁਜ਼ਾਰੀ ਨਿਰਾਸ਼ਾਜਨਕ ਹੈ। ਵਿਗਿਆਨ, ਗਣਿਤ ਅਤੇ ਅੰਗਰੇਜ਼ੀ ਵਰਗੇ ਵਿਸ਼ਿਆਂ 'ਚ ਪੰਜਾਬੀ ਸਿੱਖ ਪਨੀਰੀ ਦਾ ਪੱਧਰ ਬਹੁਤ ਨੀਵਾਂ ਹੈ। ਦੁਨੀਆ ਦੀਆਂ ਦੂਜੀਆਂ ਕੌਮਾਂ ਤੇ ਧਰਮਾਂ ਦੇ ਮੁਕਾਬਲੇ ਕੌਮਾਂਤਰੀ ਪੱਧਰ 'ਤੇ ਵੀ ਪੰਜਾਬੀਆਂ ਜਾਂ ਸਿੱਖਾਂ ਦੀ ਸਿੱਖਿਆ ਪੱਖੋਂ ਕਾਰਗੁਜ਼ਾਰੀ ਬਹੁਤੀ ਤਸੱਲੀਬਖ਼ਸ਼ ਨਹੀਂ ਹੈ। ਪੰਜਾਬ 'ਚ ਪੜ੍ਹੇ-ਲਿਖੇ ਨੌਜਵਾਨਾਂ ਦਾ ਕੌਮਾਂਤਰੀ ਸਿੱਖਿਆ ਸੰਸਥਾਵਾਂ 'ਚ ਦਾਖ਼ਲਾ ਨਾਂ-ਮਾਤਰ ਹੈ। ਨੌਕਰੀਆਂ ਦੇ ਇਮਤਿਹਾਨੀ ਮੁਕਾਬਲਿਆਂ ਵਿਚ ਬੈਠਣ ਦੀ ਯੋਗਤਾ ਹੀ ਨਹੀਂ ਹੈ ਤਾਂ ਫਿਰ ਸਰਕਾਰੀ ਨੌਕਰੀਆਂ ਕਿਵੇਂ ਮਿਲ ਸਕਦੀਆਂ ਹਨ? ਪੰਜਾਬ ਜਾਂ ਭਾਰਤ ਵਿਚ ਪੜ੍ਹ-ਲਿਖ ਕੇ ਨੌਕਰੀਆਂ ਨਾ ਮਿਲਣ ਦੇ ਪ੍ਰਚਾਰ ਦਾ ਹਿਸਾ ਬਣ ਰਹੇ ਸਿੱਖ ਕੀ ਇਹ ਦੱਸ ਸਕਦੇ ਹਨ ਕਿ ਦੇਸ਼ ਦੀਆਂ ਸਿਵਲ ਸੇਵਾਵਾਂ ਵਿੱਚ ਹਿੱਸਾ ਲੈਣ ਲਈ ਹਰ ਸਾਲ ਕਿੰਨੇ ਕੁ ਸਿੱਖ ਪ੍ਰੀਖਿਆ ਦਿੰਦੇ ਹਨ? ਕਿੰਨੇ ਸਿੱਖ ਆਈ.ਏ.ਐਸ. ਤੇ ਆਈ.ਪੀ.ਐਸ. ਬਣਦੇ ਹਨ? ਸਾਲ 1980 ਵਿੱਚ ਪੰਜਾਬ ਕੇਡਰ ਦੇ ਪਹਿਲੇ 15 ਆਈ.ਪੀ.ਐਸ. ਅਧਿਕਾਰੀਆਂ ਵਿਚੋਂ 10 ਸਿੱਖ ਸਨ ਤੇ ਅੱਜ ਪੰਜਾਬ ਕੇਡਰ ਦੇ ਪਹਿਲੇ 15 ਆਈ.ਪੀ.ਐਸ. ਵਿਚੋਂ ਸਿਰਫ਼ ਤਿੰਨ ਸਿੱਖ ਹਨ ਜਦੋਂਕਿ ਇਨ੍ਹਾਂ ਵਿਚੋਂ ਸਾਰੇ ਡਾਇਰੈਕਟਰ ਜਨਰਲ ਰੈਂਕ ਤੱਕ ਪਹੁੰਚਣ ਤੋਂ ਪਹਿਲਾਂ ਹੀ ਸੇਵਾਮੁਕਤ ਹੋ ਜਾਣਗੇ। ਸਾਲ 2021-22 ਵਿੱਚ ਪੂਰੇ ਦੇਸ਼ ਵਿਚੋਂ ਕੇਵਲ ਤਿੰਨ ਸਿੱਖ ਆਈ.ਪੀ.ਐਸ. ਲਈ ਚੁਣੇ ਗਏ ਅਤੇ ਪੰਜਾਬ ਕੇਡਰ ਦੇ ਵੀ ਸਿਰਫ਼ ਤਿੰਨ ਆਈ.ਪੀ.ਐਸ. ਚੁਣੇ ਗਏ, ਜਿਨ੍ਹਾਂ ਵਿਚੋਂ ਇਕ ਵੀ ਸਿੱਖ ਨਹੀਂ ਹੈ। ਇਸ ਹਿਸਾਬ ਨਾਲ ਇਹ ਅੰਦਾਜ਼ਾ ਲਾਉਣਾ ਔਖਾ ਨਹੀਂ ਹੋਵੇਗਾ ਕਿ ਭਵਿੱਖ ਵਿੱਚ ਪੰਜਾਬ ਦੇ ਪ੍ਰਸ਼ਾਸਨ ਵਿੱਚ ਸਿੱਖਾਂ ਦੀ ਕੀ ਸ਼ਮੂਲੀਅਤ ਹੋਵੇਗੀ ਜਦੋਂਕਿ ਕੁਝ ਸਾਲ ਪਹਿਲਾਂ ਤੱਕ ਇਕ ਰਵਾਇਤ ਰਹੀ ਹੈ ਕਿ ਪੰਜਾਬ ਦੇ ਡੀ.ਜੀ.ਪੀ. ਜਾਂ ਮੁੱਖ ਸਕੱਤਰ, ਦੋਵਾਂ ਵਿਚੋਂ ਇਕ ਜ਼ਰੂਰ ਸਿੱਖ ਹੁੰਦਾ ਸੀ।

ਅੱਜ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰ ਅਤੇ ਐਸ.ਐਸ.ਪੀਜ਼ ਵਿੱਚ ਸਿੱਖ ਅਧਿਕਾਰੀਆਂ ਦੀ ਗਿਣਤੀ ਵੀ ਨਾ-ਮਾਤਰ ਹੁੰਦੀ ਜਾ ਰਹੀ ਹੈ। ਇਸ ਸਭ ਲਈ ਜ਼ਿੰਮੇਵਾਰ ਕੌਣ ਹੈ? ਪੰਜਾਬ ਵਿਚ ਥਾਂ-ਥਾਂ, ਕੰਧਾਂ-ਇਮਾਰਤਾਂ 'ਤੇ ਤੁਹਾਨੂੰ ਬੋਰਡ ਮਿਲਣਗੇ, 'ਬਿਨਾਂ ਆਈਲੈਟਸ, ਕੈਨੇਡਾ, ਅਮਰੀਕਾ, ਆਸਟਰੇਲੀਆ ਜਾਓ', 'ਪੰਜ ਬੈਂਡ ਆਈਲੈਟਸ ਨਾਲ ਵੀ ਕੈਨੇਡਾ ਦੇ ਵੀਜ਼ੇ ਦੀ ਗਾਰੰਟੀ', 'ਆਈਲੈਟਸ ਕਰਨ ਲਈ ਮਿਲੋ'। ਦੂਜੇ ਪਾਸੇ ਬਿਹਾਰ ਵਿਚ ਚਲੇ ਜਾਵੋ ਤਾਂ ਤੁਹਾਨੂੰ ਇਹ ਬੋਰਡ ਥਾਂ-ਥਾਂ ਲਿਖੇ ਮਿਲਣਗੇ, 'ਆਈ.ਏ.ਐਸ., ਆਈ.ਪੀ.ਐਸ. ਦੀ ਕੋਚਿੰਗ ਲਈ ਆਓ', 'ਸਾਡੇ ਕੋਲੋਂ ਕੋਚਿੰਗ ਕਰ ਚੁੱਕੇ ਵਿਦਿਆਰਥੀ ਆਈ.ਏ.ਐਸ., ਆਈ.ਪੀ.ਐਸ. ਵਿਚ ਫਲਾਂ, ਫਲਾਂ ਕੇਡਰ ਵਿੱਚ ਨਿਯੁਕਤ ਹਨ।' ਪੰਜਾਬ ਵਿਚੋਂ ਵਿਦੇਸ਼ਾਂ ਵੱਲ ਪਰਵਾਸ ਕੋਈ ਆਮ ਹਿਜਰਤ ਨਹੀਂ ਹੈ, ਇਹ ਸਾਡੀ ਧਰਤੀ ਦਾ ਬੌਧਿਕ ਪਰਵਾਸ ਹੈ। ਇਹ ਸਾਡੀ ਵਿੱਦਿਅਕ ਕੰਗਾਲੀ ਦੇ ਲੱਛਣ ਹਨ। ਇਹ ਸਾਡੇ ਉਜਾੜੇ ਦਾ ਰਾਹ ਹੈ।

ਕੋਈ ਪੰਥਕ ਮੋਰਚਾ ਹੋਵੇ, ਕੋਈ ਧਰਨਾ-ਰੈਲੀ ਜਾਂ ਵਿਰੋਧ ਪ੍ਰਦਰਸ਼ਨ ਹੋਵੇ, ਤੁਹਾਨੂੰ ਪੰਜਾਬ ਦੇ ਨੌਜਵਾਨਾਂ ਦਾ ਠਾਠਾਂ ਮਾਰਦਾ ਜੋਸ਼ ਦਿਖਾਈ ਦੇਵੇਗਾ। ਮੂੰਹ-ਸਿਰ 'ਤੇ ਦਾੜ੍ਹੀ-ਕੇਸ ਨਹੀਂ ਵੀ ਹੋਣਗੇ ਤਾਂ ਨਾਅਰਿਆਂ ਵਿਚਲਾ ਜੋਸ਼ ਪੰਥ ਪ੍ਰਸਤੀ ਨੂੰ ਬੇ-ਦਾਅਵਾ ਨਹੀਂ ਹੋਣ ਦੇਵੇਗਾ, ਪਰ ਹਕੀਕਤ ਕੀ ਹੈ? ਉਹੀ ਨੌਜਵਾਨ ਅਮਰ ਸਿੰਘ ਚਮਕੀਲੇ ਦਾ ਕਤਲ ਕਰਨ ਵਾਲਿਆਂ ਦਾ ਗੁਣਗਾਣ ਕਰਦੇ ਦਿਖਾਈ ਦੇਣਗੇ ਅਤੇ ਉਹੀ ਮੁੰਡੇ ਕਿਸੇ ਵੇਲੇ ਤੁਹਾਨੂੰ ਚਮਕੀਲੇ ਦੇ ਗੀਤ ਆਪਣੇ ਟਰੈਕਟਰਾਂ 'ਤੇ ਧਮਕ-ਬੇਸ ਵਿੱਚ ਲਾ ਕੇ ਮੇਲਿਆਂ ਵਿੱਚ ਜਾਂਦੇ ਦਿਖਾਈ ਦੇਣਗੇ।

ਉਹੀ ਨੌਜਵਾਨ ਤੁਹਾਨੂੰ ਕੌਮੀਅਤ ਦੇ ਜਾਹੋ-ਜਲਾਲ ਦੀਆਂ ਗਰਮ-ਤਕਰੀਰਾਂ ਦੇ ਰਹੇ ਕਿਸੇ ਬੁਲਾਰੇ ਦੇ ਸਾਹਮਣੇ ਖੜ੍ਹੇ ਨਾਅਰੇ ਮਾਰਦੇ ਮਿਲਣਗੇ ਅਤੇ ਉਹੀ ਗੱਭਰੂ ਬਾਅਦ ਵਿੱਚ ਹੋਲਾ-ਮਹੱਲਾ ਦੇ ਜੋੜ-ਮੇਲੇ ਵਿੱਚ ਲੱਚਰ ਗੀਤ ਲਾ ਕੇ ਹੁੱਲੜਬਾਜ਼ੀ ਕਰਨੋਂ ਕਿਸੇ ਸੁਹਿਰਦ ਸਿੰਘ ਦੁਆਰਾ ਰੋਕੇ ਜਾਣ 'ਤੇ, ਝਗੜਾ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦੇ। ਇਹ ਪੰਥ ਦੀ ਨੌਜਵਾਨੀ ਦਾ ਗਹਿਰਾ ਦਵੰਦ ਨਹੀਂ ਤਾਂ ਹੋਰ ਕੀ ਹੈ? ਕੌਣ ਇਸ ਦੁਬਿਧਾ ਵਿਚੋਂ ਨੌਜਵਾਨੀ ਨੂੰ ਕੱਢ ਕੇ ਕੌਮ ਦੇ ਭਵਿੱਖ ਦੇ ਵਾਰਿਸ ਬਣਾਉਣ ਦੀ ਸਮਰੱਥਾ ਵਿਚ ਲਿਆਵੇਗਾ? ਨੌਜਵਾਨੀ ਇਕੱਲੇ ਨਾਅਰਿਆਂ-ਦਾਅਵਿਆਂ ਦੀ ਬਜਾਇ, ਆਪਣੇ ਧਰਮ ਦੀਆਂ ਉੱਚੀਆਂ-ਸੁੱਚੀਆਂ ਕਦਰਾਂ-ਕੀਮਤਾਂ ਦੀ ਧਾਰਨੀ ਬਣੇ। ਨੈਤਿਕ ਸਿੱਖਿਆ ਸਾਡੇ ਵਿੱਦਿਆ-ਤੰਤਰ ਵਿਚ ਸ਼ਾਮਿਲ ਹੋਣੀ ਚਾਹੀਦੀ ਹੈ ਜੋ ਨੌਜਵਾਨ ਪੀੜ੍ਹੀ ਨੂੰ ਔਰਤਾਂ, ਬਜ਼ੁਰਗਾਂ ਅਤੇ ਵੱਡਿਆਂ ਨਾਲ ਸਲੀਕੇ ਦਾ ਚੱਜ, ਚੰਗੇ ਅਤੇ ਮਾੜੇ ਵਿਚਲੇ ਫਰਕ, ਆਪਣੇ ਅਤੇ ਪਰਾਏ ਦੀ ਪਛਾਣ, ਧਰਮ ਅਤੇ ਅਧਰਮ ਵਿਚਲੇ ਅੰਤਰ ਨੂੰ ਸਮਝਣ ਦੇ ਸਮਰੱਥ ਬਣਾਉਂਦੀ ਹੈ, ਜਿਸ ਤੋਂ ਬਗੈਰ ਕਿਸੇ ਵੀ ਕੌਮ ਦੀ ਜਵਾਨੀ ਭਵਿੱਖ ਦੀ ਵਾਰਿਸ ਨਹੀਂ ਬਣ ਸਕਦੀ।





ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਮੇਰੀ ਜੂਹ ਦਾ ਪ੍ਰੇਮ ਗੋਰਖੀ

## (25 ਅਪ੍ਰੈਲ ਨੂੰ ਦੂਜੀ ਬਰਸੀ ’ਤੇ ਵਿਸ਼ੇਸ਼)

ਪ੍ਰਸਿੱਧ ਕਹਾਣੀਕਾਰ,ਪੱਤਰਕਾਰ,ਕਾਲਮਨਵੀਸ ਅਤੇ ਨਾਵਲਕਾਰ ਪ੍ਰੇਮ ਗੋਰਖੀ ਮੇਰੀ ਜੂਹ ਲਾਡੋਵਾਲੀ (ਜਲੰਧਰ) ਦਾ ਸੀ। ਉਮਰ ਵਿੱਚ ਮੇਰੇ ਤੋਂ ਵੱਡਾ ਹੋਣ ਕਰਕੇ, ਮੇਰੇ ਬਚਪਨ ਦੇ ਹਾਣੀਆਂ ਵਾਂਗ ਉਸ ਨਾਲ ਬਹੁਤੀ ਸਾਂਝ ਨਹੀਂ ਸੀ। ਇੱਕਠੇ ਖੇਡਦੇ ਵੀ ਰਹੇ ਪਰ ਸੀਮਤ ਹਾਲ ਚਾਲ ਪੁੱਛਣ ਤੱਕ ਹੀ ਸੀਮਤ ਸੀ। ਗੋਰਖੀ ਪਹਿਲਾਂ ਵਿਹੜੇ ਦਾ ਪ੍ਰੇਮ ਨਾਊਂ ਕਰਕੇ ਹੀ ਜਾਣਿਆਂ ਜਾਂਦਾ ਸੀ। ਉਹ ਬਚਪਨ ਤੋਂ ਮੇਰੀਆਂ ਅੱਖਾਂ ਸਾਹਮਣੇ ਹੀ ਵਿਚਰਦਾ ਰਿਹਾ। ਉਸਨੇ ਜਦ ਕੇਸ ਰੱਖਣੇ ਸ਼ੁਰੂ ਕੀਤੇ ਤਾਂ ਪੱਟਿਆਂ ਵਾਲਾ ਪ੍ਰੇਮ ਕਿਹਾ ਜਾਂਦਾ ਸੀ। ਉਹ ਸਰਦਾਰ ਬਣਕੇ ਵਧੀਆ ਕੱਪੜੇ ਪਾ ਕੇ ਸੋਹਣੀ ਦਸਤਾਰ ਸਜਾਉਣਾ ਲਗਿਆ ਤਾਂ ਸੋਹਣਾ ਗੱਭਰੂ ਸਰਦਾਰ ਜਚ ਚੁਕਾ ਸੀ। ਸੋਹਣੇ ਕੱਪੜੇ ਪਾਉਣ ਦਾ ਸ਼ੌਂਕ ਉਸਨੂੰ ਉਮਰ ਭਰ ਰਿਹਾ।

ਪ੍ਰੇਮ ਦਾ ਜਨਮ ਇਕ ਦਲਿਤ ਗਰੀਬ ਪਰਿਵਾਰ ਵਿੱਚ ਆਪਣੇ ਨਾਨਕਾ ਪਿੰਡ ਬੁਹਾਨੀ -ਫਗਵਾੜਾ (ਕਪੂਰਥਲਾ) ਵਿਖੇ 15 ਜੂਨ 1947 ਨੂੰ ਹੋਇਆ। ਉਸਦੇ ਪਿਤਾ ਦਾ ਨਾਮ ਅਰਜਨ ਅਤੇ ਮਾਤਾ ਦਾ ਨਾਮ ਰਖੀ ਸੀ। ਉਹ 6 ਭੈਣ ਭਰਾ ਸਨ, ਪ੍ਰੇਮ ਹੀ ਕੁਝ ਪੜ ਸਕਿਆ ਸੀ। ਘਰ ਦੀ ਗਰੀਬੀ ਕਰਕੇ ਬੱਚਿਆਂ ਨੂੰ ਆਪਣੇ ਪਿਉ ਦਾਦਾ ਨਾਲ ਰੋਜੀ ਕਮਾਉਣ ਲਈ ਹੱਥ ਵਟਾਉਣਾ ਪੈਂਦਾ ਸੀ। ਤੰਗੀਆਂ ਤੁਰਛੀਆਂ ਵਿਚੋਂ ਲੰਘਦਾ ਪਰਿਵਾਰ ‘ਡੂੰਨੇ’ ਬਣਾਉਣ ਦਾ ਕੰਮ ਕਰਦਾ ਸੀ। ਕਈ ਵਾਰ ਮੌਸਮਾਂ ਦੀ ਮਾਰ ਕਰਕੇ ਕੰਮ ਘੱਟ ਜਾਂਦਾ ਸੀ ਤਾਂ ਬਾਪ ਕੋਲੋਂ ਗੁੱਸੇ ਵਿੱਚ ਬੱਚਿਆਂ ਨੂੰ ਵੀ ਮਾਰ ਪੈਂਦੀ ਸੀ। ਸੱਠਵਿਆਂ ਦੇ ਦੌਰ ਵਿੱਚ ਕੁਝ ਮੋਹਤਬਰਾਂ ਨੂੰ ਲਾਗਤਬਾਜ਼ੀ ਹੇਠ ਪ੍ਰੇਮ ਨੂੰ ਛੋਟੀਆਂ ਮੋਟੀਆਂ ਚੋਰੀਆਂ ਦੇ ਝੂਠੇ ਜੁਰਮਾਂ ਵਿੱਚ ਪੁਲਿਸ ਕੋਲ ਫੜਵਾ ਦਿੱਤਾ। ਉਸਦਾ ਨਾਮ ਨਕਸਲਬਾੜੀ ਲਹਿਰ ਨਾਲ ਵੀ ਜੋੜਿਆ ਗਿਆ। ਪੁਲਿਸ ਤਸੱਦਦ ਹੇਠ ਉਹ ਪੜ੍ਹਾਈ ਤੋਂ ਪਛੜ ਗਿਆ।

ਘਰੇਲੂ ਗਰੀਬੀ ਅਤੇ ਸਮੇਂ ਦੀ ਲੋੜ ਅਨੁਸਾਰ ਉਸ ਨੂੰ ਕਈ ਸ਼ਹਿਰਾਂ ਅਤੇ ਕਸਬਿਆਂ ਵਿੱਚ ਹੇਠਲੇ ਪੱਧਰ ਦੀ ਮਜਦੂਰੀ ਕਰਨੀ ਪਏ। ਜਿਵੇਂ ਜਲੰਧਰ ਛਾਉਣੀ ਵਿੱਚ ਅਫਸਰਾਂ ਦੀਆਂ ਕੋਠੀਆਂ ਵਿੱਓ ਰੰਗ ਰੋਗਨ ਦਾ ਕੰਮ ਕੀਤਾ। ਉਥੇ ਹੀ ਕੋਠੀਆਂ ਵਿੱਚ ਇਕ ਨਿਪਾਲਣ ਕੁੜੀ ਕੰਮ ਕਰਦੀ ਸੀ। ਪ੍ਰੇਮ ਦਾ ਉਸਤੇ ਇਕ ਤਰਫ਼ਾ ਪਿਆਰ ਹੋ ਗਿਆ। ਉਸ ਨੂੰ ਆਉਂਦੀ ਜਾਂਦੀ ਨੂੰ ਵੇਖਣ ਲਈ ਉਸਦੇ ਘਰ ਦੇ ਨੇੜੇ ਬਸ਼ੀਰਪੁਰ ਫਾਟਕ ਦੇ ਕੋਲ ਚਾਹ ਦੇ ਖੋਖੇ ਤੇ ਬੈਠਾ ਪ੍ਰੇਮ ਚਾਹ ਪੀਂਦਾ ਰਹਿੰਦਾ। ਉਸ ਕੁੜੀ ਦੀ ਸੜਕ ਹਾਦਸੇ ਵਿੱਚ ਮੌਤ ਹੋ ਗਈ। ਨਿਪਾਲਣਾਂ ਨੂੰ ‘ਗੋਰਖੀ’ ਪੰਜਾਬੀ ਵਿੱਚ ਕਿਹਾ ਜਾਂਦਾ ਹੈ। ਉਸ ਵਿੱਚ ਨੂੰ ਦਿਲ ਵਿੱਚ ਜਿੰਦਾ ਰੱਖਣ ਲਈ ਪ੍ਰੇਮ ਨੇ ਆਪਣੇ ਨਾਮ ਨਾਲ ‘ਗੋਰਖੀ’ ਜੋੜ ਲਿਆ ਅਰਥਾਤ ਪ੍ਰੇਮ ਗੋਰਖੀ। ਇਹ ਇਕ ਦਰਦਨਾਕ ਅਤੇ ਦਿਲਚਸਪ ਘਟਨਾ ਸੀ ਉਸਦੇ ਜੀਵਨ ਦੀ।

ਉਸਨੈ ਹੋਰ ਵੀ ਮਜਦੂਰੀ ਦੇ ਕੰਮ ਕੀਤੇ ਜਿਵੇਂ ਸਾਇਕਲ ਮੁਰੰਮਤ, ਪੈਟਰੋਲ ਪੰਪ ਤੇ ਕੰਮ ਅਤੇ ਹੋਰ ਦਿਹਾੜੀਦਾਰ ਕੰਮ ਕੀਤੇ। ਉਸਨੇ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਦੀ ਲਾਇਬ੍ਰੇਰੀ ਵਿੱਚ ਚਪੜਾਸੀ ਦੀ ਨੌਕਰੀ ਕੀਤੀ। ਇਥੇ ਉਸ ਨੂੰ ਬਹੁਤ ਸਾਰੀਆਂ ਪੁਸਤਕਾਂ ਪੜ੍ਹਨ ਦਾ ਮੌਕਾ ਮਿਲਿਆ। ਉਸਦੀ ਪੜ੍ਹਾਈ ਮੈਟਰਿਕ ਅਤੇ ਗਿਆਨੀ ਤੱਕ ਸੀ। ਉਸਦੀ ਪਹਿਲੀ ਕਹਾਣੀ ਜਦੋਂ ਉਹ ਗਿਆਨੀ ਵਿੱਚ ਪੜ੍ਹਦਾ ਸੀ, ਤਦ ਛਪੀ ਸੀ।

ਸੰਨ 1972-1978 ਤੱਕ ਉਸਨੇ ਨਵਾਂ ਜ਼ਮਾਨਾ ਅਤੇ ਅਜੀਤ ਅਖਬਾਰ ਜਲੰਧਰ ਵਿੱਚ ਨੌਕਰੀ ਕੀਤੀ। ਸੰਨ 1978 ਵਿੱਚ ਉਹ ਉਹ ਪੰਜਾਬੀ ਟ੍ਰਿਬਿਊਨ ਵਿੱਚ ਕੰਮ ਕਰਦੇ ਮੁੱਢਲੇ ਅਮਲੇ ਵਿੱਚ ਸ਼ਾਮਲ ਸੀ। ਸੇਵਾ ਮੁਕਤੀ ਤੋਂ ਬਾਅਦ ਉਸਨੇ ਦੇਸ਼ ਸੇਵਕ ਅਖਬਾਰ ਵਿੱਚ ਅਤੇ ਲੋਕ ਗੀਤ ਪ੍ਰਕਾਸ਼ਨ ਨਾਲ ਕੰਮ ਕੀਤਾ। ਉਸਨੇ ਸਿੰਗਾਪੁਰ, ਕਨੇਡਾ ਅਤੇ ਅਮਰੀਕਾ ਦਾ ਦੌਰਾ ਵੀ ਕੀਤਾ।

ਗੋਰਖੀ ਦੀ ਲੇਖਣੀ ਦਾ ਸਰਗਰਮ ਸਫਰ 1969 ਵਿੱਚ ਸ਼ੁਰੂ ਹੁੰਦਾ ਹੈ। ਉਸ ਨੂੰ ਛੱਤ ਤੇ ਨੰਗੇ ਧੜ ਦੀਵੇ ਦੀ ਲੋਅ ਹੇਠ ਲਿਖਦਿਆਂ ਵੇਖਿਆ ਜਾਂਦਾ ਸੀ। ਉਸਦੀ ਕਹਾਣੀ ‘ਇੱਕ ਭੁੱਲ’1971 ਵਿੱਚ ਪ੍ਰਸਿੱਧ ਲੇਖਿਕਾ ਅੰਮ੍ਰਿਤਾ ਪ੍ਰੀਤਮ ਦੇ ਬਹੁ ਚਰਚਿਤ ਅਤੇ ਬਹੁਤ ਪੜ੍ਹੇ ਜਾਣ ਵਾਲੇ ਪਰਚੇ ਨਾਗਮਣੀ ਵਿੱਚ ਛਪੀ। ਜਿਸਦਾ ਉਸ ਨੂੰ ਸਦਾ ਮਾਣ ਸੀ ਕਿ ਮੈਂ ਨਾਗਮਣੀ ਰਾਹੀਂ ਸਥਾਪਤੀ ਵੱਲ ਵਧਿਆ। ਗੋਰਖੀ ਦਾ ਆਪਣਾ ਮੁੱਢਲਾ ਜੀਵਨ ਸੰਘਰਸ਼ ਵਿੱਚ ਬੀਤਿਆ ਸੀ। ਉਹ ਸੰਗਾਉ ਨਿਮਰਤਾ ਅਤੇ ਸਹਿਜ ਸੁਭਾਅ ਦਾ ਇੱਕ ਸਾਦਾ ਇਨਸਾਨ ਸੀ। ਸ਼ੁਰੂ ਵਿੱਚ ਉਹ ਪ੍ਰੇਮ ‘ਨਿਮਾਣਾ’ ਦੇ ਨਾਮ ਹੇਠ ਛਪਿਆ। ਉਸਨੇ ਗਰੀਬ ਵਰਗ ਦੇ ਦਲਿਤ ਲੋਕਾਂ ਦੀ ਗਰੀਬੀ ਦਾ ਯਥਾਰਥ ਲਿਖਿਆ ਜੋ ਉਸਨੇ ਆਪ ਹੰਡਾਇਟਾ ਸੀ। ਸਾਹਿਤਕਾਰ ਸੁਜਾਨ ਸਿੰਘ ਦੇ ਪਦਚਿੰਨਾਂ ’ਤੇ ਚਲਦਿਆਂ ਉਹ ਦਲਿਤ ਲੋਕਾਂ ਦੀ ਆਵਾਜ਼ ਬਣਿਆ, ਜੋ ਉਹਨਾਂ ਦੇ ਹੇਠਲੇ ਜੀਵਨ ਪੱਧਰ ਦੀ ਬਾਤ ਪਾਈ ਹੈ। ਅਣਗੌਲੇ ਲੋਕ ਜੋ ਸਰਮਾਏਦਾਰੀ ਵੱਲੋਂ ਹਮੇਸ਼ਾ ਹਾਸ਼ੀਏ ਵੱਲ ਧੱਕੇ ਜਾਂਦੇ ਹਨ , ਦੀ ਗਲ ਕਰਦਾ ਹੈ। ਉਨ੍ਹਾਂ ਦੇ ਕਰੂਰ ਜੀਵਨ ਦੀਆਂ ਹਾਲਤਾਂ ਤੋਂ ਪਰਦਾ ਚੁੱਕਦਾ ਹੈ। ਉਸਨੇ ਅਜਿਹੇ ਸਾਹਿਤ ਤੇ ਬੜੀ ਲਿਆਕਤ, ਲਗਨ, ਮਿਹਨਤ ਅਤੇ ਸਿਰੜ ਨਾਲ ਕੰਮ ਕੀਤਾ ਹੈ। ਉਸਨੇ ਜੋ ਗਰੀਬੀ, ਮਜਦੂਰੀ ਵੇਖੀ ਕਿ ਕਿਵੇਂ ਰੱਜੇ ਪੁੱਜੇ ਜਿੰਮੀਦਾਰ ਜਾਂ ਮਿੱਲ ਮਾਲਕ, ਕਾਰਖਾਨੇਦਾਰ ਆਪ ਤਾਂ ਐਸ਼ ਕਰਦੇ ਹਨ। ਗਰੀਬ ਮਜ਼ਦੂਰ ’ਤੇ ਤਸ਼ੱਦਦ ਕਰਦੇ ਹਨ। ਆਪ ਤਾਂ ਘਰ ਦੀ ਕੱਢੀ ਪੀ ਰਹੇ ਹੁੰਦੇ ਹਨ, ਐਸ਼ ਵਿੱਚ ਹੁੰਦੇ ਹਨ ਪਰ ਗਰੀਬ ਮਜਦੂਰ ਉਹਨਾਂ ਦੀ ਖਿਦਮਤ ਵਿੱਚ ਹੱਥ ਬੰਨੀ ਖੜਾਂ ਰਹਿੰਦਾ ਹੈ। ਉਸ ਨੂੰ ਐਂਵੇ ਹੀ ਟੋਹਰ ਵਿੱਚ ਚੋਕੀਦਾਰੇ ’ਤੇ ਬਿਠਾ ਛੱਡਦੇ ਹਨ। ਜੋ ਆਪਣੀ ਖਾਹਿਸ਼ਾਂ ਨੂੰ ਦਬਾ ਕੇ ਬੇਵੱਸ ਉਹਨਾਂ ਦੇ ਮੂੰਹ ਵੱਲ ਵੇਖਦਾ ਰਹਿੰਦਾ ਹੈ। ਗੋਰਖੀ ਨੇ ਸਾਰੀ ਉਮਰ ਅਜਿਹੇ ਵਰਤਾਰੇ ਦੇ ਵਿਸ਼ਿਆਂ ਨੂੰ ਉਭਾਰਨ ’ਤੇ ਪਹਿਰਾ ਦਿਤਾ। ਇਹ ਕਿਆਸ ਉਸਨੇ ਵੀ ਆਪਣੇ ਪਿੰਡੇ ’ਤੇ ਹੰਢਾਇਆ ਹੈ। ਇਸ ਲਈ ਦਲਿਤ ਲੋਕਾਂ ਦੇ ਜੀਵਨ ਨੂੰ ਦਰਸਾਉਣ ਦਾ ਕੰਮ ਉਸਨੇ ਬੜੀ ਦਿਆਨਤਦਾਰੀ ਨਾਲ ਨਿਭਾਉਣ ਦਾ ਫਰਜ਼ ਨਿਭਾਇਆ ਹੈ। ਜੋ ਉਸਦੇ ਸਿਰੜੀ ਸਾਹਿਤਕਾਰ ਹੋਣ ਦਾ ਸਬੂਤ ਹੈ। ਉਸਦੇ ਪਾਤਰ ਉਸਦੇ ਆਪਣੈ ਲੋਕ ਹਨ, ਉਸਦੀ ਜੂਹ ਦੇ ਹਨ। ਉਸਦੇ ਆਂਢ ਗੁਆਂਢ ਦੇ ਹਨ। ਉਸਦੀ ਬਰਾਦਰੀ ਦੇ ਹਨ। ਉਸਦੇ ਵਿਹੜੇ ਦੇ ਹਨ। ਉਸਨੇ ਬੜੀ ਬੇਬਾਕੀ ਨਾਲ ਅਸਲੀ ਨਾਮ ਵਰਤੇ ਹਨ। ਜਿਨਾਂ ਨੂੰ ਮੈਂ ਵੀ ਖੁਦ ਜਾਣਦਾ ਹਾਂ। ਜਿਨਾਂ ਨਾਲ ਮੈਂ ਖੇਡਿਆ ਅਤੇ ਪੜ੍ਹਿਆਂ ਹਾਂ। ਕਈ ਤਾਂ ਸਾਡੀਆਂ ਮੱਝਾਂ ਵੀ ਚਾਰਦੇ ਰਹੇ ਸਨ।



ਉਸਨੂੰ ਬਰੀਕੀ ਨਾਲ ਗਿਆਨ ਹਾਸਿਲ ਕਰਨ ਦੀ ਹਮੇਸ਼ਾ ਤਾਂਘ ਰਹਿੰਦੀ ਸੀ। ਇਸੇ ਲਈ ਤਾਂ ਉਹ ਆਪਣੇ ਵਡੇਰਿਆਂ ਤੋਂ ਆਪਣੇ ਨਾਨਕਾ, ਦਾਦਕਾ ਦੇ ਲੋਕਾਂ ਬਾਰੇ ਪੁੱਛਦਾ ਰਹਿੰਦਾ। ਜਿਸ ਨੂੰ ਉਸਨੇ ਆਪਣੀ ਲੇਖਣੀ ਵਿੱਚ ਯਥਾਰਥ ਬਣਾਇਆ ਹੈ। ਪਾਤਰਾਂ ਦੇ ਅਸਲੀ ਨਾਵਾਂ ਦੇ ਨਾਲ ਦ੍ਰਿਸ਼ ਵੀ ਅਸਲੀ ਹਨ, ਜਿਵੇਂ ਪਿਲਕਣ ਦਾ ਦਰਖਤ, ਸੜਕ ਕੰਢੇ ਰੁੱਖ, ਵਿਹੜਾ ਅਤੇ ਵਿਹੜੇ ਦੀਆਂ ਲੜਾਈਆਂ ਆਦਿ, ਜੋ ਉਸਦੀ ਲੇਖਣੀ ਦਾ ਰੌਚਿਕ ਪੱਖ ਹੈ। ਉਸਦਾ ਬਿਰਤਾਂਤ ਕਮਾਲ ਦਾ ਹੈ। ਉਸਨੇ ਸ਼ਬਦ ਚਿਤ੍ਰ ਸਾਹਿਤ ਲਿਖਿਆ ਹੈ ਕਿ ਘਟਨਾਵਾਂ ਤੁਹਾਡੇ ਸਾਹਮਣੇ ਹੀ ਵਾਪਰ ਰਹੀਆਂ ਹੋਣ।

ਉਸਦੀ ਸਾਹਿਤਕ ਦੇਣ ਦਾ ਇੱਕ ਮੀਲ ਪੱਥਰ ਇਹ ਵੀ ਹੈ ਕਿ ਉਸਨੇ ਆਪਣੇ ਸਮਕਾਲੀ ਲੇਖਕਾਂ ਕ੍ਰਿਪਾਲ ਕਜ਼ਾਕ ਅਤੇ ਦਲਬੀਰ ਚੇਤਨ ਨਾਲ ਮਿਲ ਕੇ ‘ਦੀਵਾ ਬਲੇ ਸਾਰੀ ਰਾਤ’ ਹੇਠ ਕਹਾਣੀ ਗੋਸ਼ਟੀਆਂ ਸ਼ੁਰੂ ਕੀਤੀਆਂ, ਜੋ ਫਗਵਾੜਾ , ਬਿਆਸ,ਬਰਨਾਲਾ, ਪਟਿਆਲਾ ਵਿਖੇ ਸਜਦੀਆਂ ਰਹੀਆਂ। ਪੜ੍ਹੀਆਂ ਜਾਂਦੀਆਂ ਕਹਾਣੀਆਂ ਤੇ ਉਸਰੂ ਆਲੋਚਨਾ ਹੁੰਦੀ, ਸੁਝਾਅ ਦਿਤੇ ਜਾਂਦੇ, ਹੋਰ ਲਿਖਣ ਦੀ ਪ੍ਰੇਰਣਾ ਦਿਤੀ ਜਾਂਦੀ। ਨਵੇਂ ਉਭਰ ਰਹੇ ਲੇਖਕਾਂ ਲਈ ਸੰਦੇਸ਼ ਹੁੰਦਾ ਕਿ ਲਿਖਣ ਵਿੱਚ ਕਾਹਲੀ ਨਾ ਕਰੋ। ਥੋੜਾ ਲਿਖੋ, ਚੰਗਾ ਲਿਖੋ। ਜਲਦੀ ਪੁਸਤਕਾਂ ਛਪਵਾਉਣ ਦੀ ਹੌੜ ਵਿੱਚ ਸ਼ਾਮਲ ਨਾ ਹੋਵੋ ਆਦਿ।

ਗੋਰਖੀ ਦੀਆਂ ਪੁਸਤਕਾਂ ਹਨ ਮਿੱਟੀ ਰੰਗੇ ਲੋਕ, ਜੀਣ ਮਰਨ, ਅਰਜਨ ਸਫੈਦੀ ਵਾਲਾ, ਧਰਤੀ ਪੁੱਤ, ਜਨਰੇਸ਼ਨ ਗੈਪ। ਨਾਵਲੈਟ ਹਨ ਤਿੱਤਰ ਖੰਭੀ, ਜੂਹ, ਵਣਵੇਲਾ, ਬੁੱਢੀ ਰਾਤ ਅਤੇ ਸੂਰਜ, ਆਪੋ ਆਪਣਾ ਗੁਨਾਹ ਅਤੇ ਸਭ ਤੋਂ ਉਪਰ ਪੁਸਤਕ ਗੈਰ ਹਾਜ਼ਰ ਆਦਮੀ (ਸਵੈ ਜੀਵਨੀ) ਨੇ ਉਸ ਨੂੰ ਪ੍ਰਸਿੱਧੀ ਦੇ ਸਿਖਰ ’ਤੇ ਪਹੁੰਚਾ ਦਿੱਤਾ ਹੈ। ਜੋ ਦੱਬੇ ਕੁਚਲੇ ਲੋਕਾਂ ਦੀ ਜੀਵਨ ਗਾਥਾਂ ਨੂੰ ਵਿਸਥਾਰ ਵਿੱਚ ਬਿਆਨ ਕਰਦੀ ਹੈ। ਜੋ ਰੌਚਿਕ ਸਾਹਿਤ ਪ੍ਰਦਾਨ ਕਰਦੀ ਹੈ। ਇੱਕ ਪ੍ਰਪੱਕ ਸਾਹਿਤਕਾਰ ਹੋਣ ਦਾ ਸਬੂਤ ਹੈ। ਉਸਨੇ ਸੰਪਾਦਨਾ ਵੀ ਕੀਤੀ, ਅਨੁਵਾਦ ਕੀਤਾ, ਵਿਸ਼ੇਸ਼ ਪਾਤਰਾਂ ਸਖ਼ਸੀਅਤਾਂ ਬਾਰੇ ਲੜੀਵਾਰ ਕਾਲਮਨਵੀਸੀ ਕੀਤੀ। ਉਸਨੇ ਕੁੰਭ ਮੈਗਜੀਨ ਕਢਿਆ। ਉਸਦੀਆਂ ਕਹਾਣੀਆਂ ਤੇ ਨਾਟਕ ਖੇਡੇ ਗਏ। ਉਸਨੇ ਆਲੋਚਨਾਂ ਬਾਰੇ ਕਿਹਾ ਕਿ ਇਸ ਵਿਚ ਮਿਹਨਤ ਦੀ ਕਮੀ ਹੈ।

ਉਸਨੇ ਸਾਹਿਤ ਖੇਤਰ ਵਿੱਚ ਅਣਥੱਕ ਕੰਮ ਕੀਤਾ ਹੈ। ਉਸਦੇ ਸਮਕਾਲੀਆਂ ਨੂੰ ਭਾਰਤ ਸਾਹਿਤ ਅਕਾਦਮੀ ਦਾ ਪੁਰਸਕਾਰ ਮਿਲ ਗਿਆ ਪਰ ਗੋਰਖੀ ਅਣਗੋਲਿਆ ਹੀਂ ਰਹਾ, ਜਿਸਦਾ ਉਸ ਨੂੰ ਅਫਸੋਸ ਸੀ। ਪਰ ਉਹ ਇਕ ਵਿਸ਼ੇਸ ਪਾਠਕ ਵਰਗ ਦੇ ਦਿਲਾਂ ਵਿਚ ਆਪਣੀਆਂ ਵੱਡਮੁਲੀਆਂ ਰਚਨਾਂਵਾਂ ਨਾਲ ਅਮਰ ਰਹੇਗਾ। ਇਹ ਹੀ ਉਸਦੀ ਪ੍ਰਾਪਤੀ ਹੈ। ਇਹੀ ਉਸਦੀ ਵਿਰਾਸਤ ਹੈ।

ਗੋਰਖੀ ਸੇਵਾ ਮੁਕਤੀ ਤੋਂ ਬਾਅਦ ਆਪਣੇ ਪਰਿਵਾਰ ਘਰਵਾਲੀ, ਤਿੰਨ ਧੀਆਂ ਤੇ ਇੱਕ ਪੁੱਤਰ ਨਾਲ ਜੀਰਕਪੁਰ ਰਹਿ ਰਿਹਾ ਸੀ। ਅੰਤ 25 ਅਪ੍ਰੈਲ 2021 ਨੂੰ ਉਸਦਾ ਦੇਹਾਂਤ ਹੋ ਗਿਆ। ਜੋ ਸਾਹਿਤ ਖੇਤਰ ਵਿੱਚ ਇੱਕ ਵੱਡਾ ਘਾਟਾ ਹੈ।

ਗੋਰਖੀ ਨਾਲ ਮੇਰਾ ਸੰਪਰਕ ਕੁਝ ਇਸ ਤਰਾਂ ਰਿਹਾ ਕਿ ਮੈਂ 1976 ਵਿੱਚ ਨੌਕਰੀ ਕਰਦਾ ਕਈ ਜ਼ਿਲ੍ਹਿਆਂ ਵਿੱਚ ਰਿਹਾ। ਗੋਰਖੀ ਵੀ 1978 ਵਿੱਚ ਪੰਜਾਬੀ ਟ੍ਰਿਬਿਊਨ ਚਲਾ ਗਿਆ। ਲਾਡੋਵਾਲੀ ਆਉਣਾਂ ਜਾਣਾ ਵੀ ਘੱਟ ਗਿਆ। ਇਸ ਦੌਰਾਨ ਕੋਈ ਖਾਸ ਮੁਲਾਕਾਤ ਨਹੀਂ ਹੋਈ, ਜਾਂ ਮਿਲਣਾ ਹੀ ਘੱਟ ਹੋ ਗਿਆ ਸੀ ਸੰਨ 1994 ਅਪ੍ਰੈਲ ਵਿੱਚ ਮੈਂ ਅਮਰੀਕਾ ਪ੍ਰਵਾਜ਼ ਕੀਤਾ। ਮਈ 29 1997 ਨੂੰ ਮੇਰੀ ਛੋਟੀ ਧੀ ‘ਗਿੰਨੀ’ ਦੀ ਇੱਕ ਸੜਕ ਹਾਦਸੇ ਵਿੱਚ ਦਰਦਨਾਕ ਮੌਤ ਹੋ ਗਈ ਸੀ। ਉਸਦੀ ਯਾਦ ਵਿੱਚ ਮੈਂ ‘ਗਿੰਨੀ ਸਿਮਰਤੀ ਗ੍ਰੰਥ’ ਦੀ ਸੰਪਾਦਨਾ ਸ਼ੁਰੂ ਕੀਤੀ। ਛਪਵਾਉਣ ਦੀ ਸਲਾਹ ਹੇਠ ਮੈਂ ਸੰਨ 2001 ਵਿੱਚ ਚੰਡੀਗੜ੍ਹ ਗਿਆ। ਮੈਂ ਸੋਚਿਆ ਕਿ ਛਪਾਈ ਲਈ ਪ੍ਰੇਮ ਗੋਰਖੀ ਦੀ ਸੇਵਾ ਕਿਉਂ ਨਾ ਲਈ ਜਾਵੇ ਜੋ ਅੱਖਰਾਂ ਦਾ ਮਾਹਿਰ ਹੈ। ਮੈਂ ਉਸ ਨੂੰ ਪੰਜਾਬੀ ਟ੍ਰਿਬਿਊਨ ਦੇ ਦਫਤਰ ਹੀ ਜਾ ਮਿਲਿਆ। ਖਰੜਾਂ ਮੈਂ ਉਸ ਨੂੰ ਸੌਂਪ ਦਿਤਾ, ਪਹਿਲਾਂ ਤਾਂ ਉਹ ਇਸ ਗਲ ਤੇ ਬੜਾ ਦੁਖੀ ਹੋਇਟਾ ਕਿ ਤੂੰ ਮੈਨੂੰ ਕਿਹੜੇ ਕੰਮ ਲਈ ਕਹਿ ਰਿਹਾ ਏਂ। ਬੱਚੀ ਦੇ ਦੁੱਖ ਤੇ ਲਿਖਣਾਂ ਸੌਖਾ ਨਹੀਂ। ਤੂੰ ਤਾਂ ਪਹਿਲਾਂ ਹੀ ਟੁੱਟ ਚੁੱਕਾ ਜਾਪ ਰਿਹਾ ਏ।

(ਬਾਕੀ ਸਫ਼ਾ 31 ’ਤੇ)

ਹਰਫ਼ਾਂ ਦਾ ਨੂਰ
ਜਸਪਾਲ ਜੱਸੀ

# ਜੰਗਾਲ਼ੇ ਜਿੰਦਰੇ ਦਾ ਦਰਦ

ਹਾੜਾ ਵੇ ਵੀਰਾ, ਮਾਰ ਆਈਂ ਗੇੜਾ ਮੇਰੇ ਘਰ ਵੀ, ਹੁਣ ਜਦੋਂ ਚੱਲਿਆ ਹੀ ਹੈ ਤੂੰ ਆਪਣੇ ਪਿੰਡ। ਮੂੰਹ ਬੋਲੀ ਬਾਹਰਲੇ ਮੁਲਕ ਬੈਠੀ ਭੈਣ ਦੀ ਤਾਕੀਦ ਲੈ ਕੇ ਪਿੰਡ ਵੱਲ ਪ੍ਰਸਥਾਨ ਕੀਤਾ। ਪਿੰਡ ਤਾਂ ਸੋਹਣਾ ਬਣ ਗਿਆ ਸੀ। ਸੜਕਾਂ ਵੀ ਪੱਕੀਆਂ, ਪਰ ਭੈਣ ਦਾ ਘਰ ਦੇਖ ਕੇ ਭੁੱਬ ਨਿਕਲੀ, ‘ਖੰਡਰਾਤ’।

ਜੰਗਾਲੇ ਜਿੰਦਰੇ ਦੇ ਦਰਸ਼ਨ ਕੀਤੇ, ਪਿਆਰ ਭਰਿਆ ਹੱਥ ਉਸ ਤੇ ਫੇਰਿਆ, ਓਦਰਿਆ ਜਿਹਾ ਸੀ, ਖੁੱਲ੍ਹਣਾ ਚਾਹੁੰਦਾ ਸੀ ਜਿਵੇਂ ਦਹਾਕਿਆਂ ਬਾਅਦ। ਸਮੋਈ ਬੈਠਾ ਸੀ ਆਪਣੇ ਢਿੱਡ ਅੰਦਰ ਅੰਤਾਂ ਦਾ ਦਰਦ, ਖੋਲ੍ਹਣਾ ਚਾਹੁੰਦਾ ਸੀ ਦਿਲ ਦੀਆਂ ਗਹਿਰਾਈਆਂ ਦੇ ਰਾਜ, ਉਦਾਸੀਆਂ ਦੇ ਭੇਤ, ਇਸ ਦਰਦ ਭਰੀ ਮਿਲਣੀ ਦੇ ਨਾਲ। ਜਦੋਂ ਗੁਆਂਢੀਆਂ ਤੋਂ ਚਾਬੀ ਮੰਗ ਕੇ ਉਸ ਦੇ ਦਿਲ ਵਿਚ ਲਾਈ, ਚਾਬੀ ਵੀ ਜੰਗਾਲੀ ਪਈ ਸੀ, ਚਾਬੀ ਤੇ ਜੰਦਰਾ ਦੋਵੇਂ ਮਿਲੇ, ਬਹੁਤ ਰੋਏ। ਉਨ੍ਹਾਂ ਦੀ ਮਿਲਣੀ ਦਾ ਦਰਦ ਅਸਹਿ ਸੀ। ਜੰਦਰਾ ਕੋਈ ਭੇਤ ਨਹੀਂ ਸੀ ਖੋਲ੍ਹ ਰਿਹਾ। ਜੰਦਰੇ ਨੂੰ ਕਿਹਾ, ਇੰਤਜ਼ਾਰ ਕਰ ਮੈਂ ਆਉਨੈਂ । ਮੁੜਨ ਲੱਗਿਆਂ ਤਾਏ ਦਾ ਮੁੰਡਾ ਟਿੰਡੀ ਗਲੀ ਵਿਚ ਹੀ ਟੱਕਰ ਗਿਆ। ਦੂਰੋਂ ਹੀ ਪਛਾਣ ਕੇ ਬੋਲਿਆ, ‘ਕਿਵੇਂ ਪਾਲ ਸਿਆਂ। ਅੱਜ ਕਿਵੇਂ ਆਉਣਾ ਹੋਇਆ।’ ਗੱਲਾਂ ਕਰਦੇ ਕਰਦੇ ਉਨ੍ਹਾਂ ਦੇ ਘਰ ਚਲੇ ਗਏ। ਟਿੰਡੀ ਦੀ ਬੇਬੇ ਜੋ ਤਾਈ ਦੀ ਥਾਂ ਲਗਦੀ ਸੀ, ਨੂੰ ਜਾ ਮੱਥਾ ਟੇਕਿਆ। ਟਿੰਡੀ ਨੇ ਆਪਣੀ ਬੇਬੇ ਨੂੰ ਕਿਹਾ, ‘ਪਛਾਣਿਆ ਨੀ ਤੂੰ ਬੇਬੇ, ਆਪਣੇ ਪ੍ਰਗਾਸ ਚਾਚੇ ਦਾ ਮੁੰਡਾ ਪਾਲ ਐ। ਬਾਹਰ ਨੌਕਰੀ ਕਰਦੈ। ਪਿੰਡ ਡਸਕੇ ਜਾਂਦਾ ਹੋਇਆ ਏਧਰ ਆ ਗਿਆ। ਸੂਬੇਦਾਰ ਸਾਹਿਬ ਹੋਰਾਂ ਦੀ ਕੁੜੀ ਭੈਣ ਬਣੀ ਹੋਈ ਹੈ ਇਸ ਦੀ। ਘਰ ਦੇਖਣ ਆਇਐ ਅੱਜ ਉਨ੍ਹਾਂ ਦਾ। ਬੀਬੀ ਜੋ ਬਾਹਰਲੇ ਮੁਲਕ ਰਹਿੰਦੀ ਐ, ਉਸ ਨੇ ਸੁਨੇਹਾ ਲਾਇਐ ਵੀ ਆਪਣੇ ਪਿੰਡ ਜਾਂਦਾ ਹੋਇਆ ਸਾਡੇ ਘਰ ਵੀ ਗੇੜਾ ਮਾਰ ਆਈਂ। ‘ਲੈ, ਮੈਂ ਤਾਂ ਪਛਾਣਿਆ ਈ ਨੀਂ। ਕਿਵੇਂ ਐਂ ਪੁੱਤ ਤੇਰੇ ਬੱਚੇ ਤੇ ਬਹੂ ? ਬੱਸ ਤਾਈ, ਉਹ ਵੀ ਪ੍ਰਦੇਸੀ ਨੇ। ਠੀਕ ਐ ਸਾਰੇ। ਆ ਕੇ ਫੇਰ ਮਿਲਦਾਂ, ਇੱਕ ਵਾਰ ਗੇੜਾ ਮਾਰ ਆਵਾਂ ਸੂਬੇਦਾਰ ਜੀ ਦੇ ਘਰ।’ ਕੀ ਕਹਾਂ ਪੁੱਤ, ਘਰ ਤਾਂ ਬੰਦਿਆਂ ਨਾਲ ਹੀ ਹੁੰਦੇ ਨੇ, ਜਦੋਂ ਦੇ ਦੋਵੇਂ ਜੀਅ ਤੇ ਮੁੰਡਾ ਰੱਬ ਕੋਲ ਗਏ ਨੇ, ਅੱਖ਼ ਹੀ ਨਹੀਂ ਰੋਂਦੀ, ਦਿਲ ਵੀ ਰੋਂਦਾ ਹੈ। ਕੁੜੀਆਂ ਤਾਂ ਆਪਣੇ ਘਰੇ ਚਲੀਆਂ ਗਈਆਂ ਵਿਆਹ ਕਰਵਾ ਕੇ। ਹੁਣ ਕੌਣ ਗੇੜਾ ਮਾਰੇ। ਬਹਿ ਜਾ ਪੁੱਤ, ਪਹਿਲਾਂ ਚਾਹ ਦਾ ਘੁੱਟ ਪੀ ਜਾ, ਗੇੜਾ ਫੇਰ ਮਾਰ ਆਈਂ, ਨਾਲੇ ਉੱਥੇ ਹੁਣ ਕਿਹੜੈ, ਮੈਨੂੰ ਤਾਂ ਲਗਦੈ ਦੱਸਾਂ ਪੰਦਰਾਂ ਸਾਲਾਂ ਤੋਂ ਜੰਦਰਾ ਵੀ ਨਹੀਂ ਖੁੱਲ੍ਹਿਆ ਹੋਣਾਂ। ’ਨਹੀਂ ਤਾਈ, ਇੱਕ ਵਾਰ ਘਰ ਦੇਖ ਆਵਾਂ, ਚਾਬੀ ਵੀ ਗੁਆਂਢੀਆਂ ਕੋਲੋਂ ਲੈ ਕੇ, ਲਾਈ ਸੀ, ਪਰ ਜਿੰਦਰਾ ਜੰਗਾਲਿਆ ਹੋਇਐ, ਥੋੜ੍ਹਾ ਬਿੱਚਰ ਗਿਆ ਲੱਗਦੈ, ਤੇਲ ਲਾ ਕੇ ਖੁੱਲੂ। ਮੈਂ ਤਾਂ ਤੇਲ ਦੀ ਕੁੱਪੀ ਲੈਣ ਆਇਆਂ, ਟਿੰਡੀ ਗਲੀ ’ਚ ਟੱਕਰ ਗਿਆ ਸੀ। ਇਹਦੇ ਨਾਲ ਹੀ ਤੈਨੂੰ ਮਿਲਣ ਆ ਗਿਆ। ਸੋਚਿਆ ਤਾਈ ਨੂੰ ਵੀ ਮਿਲ ਲੂੰਗਾ ਤੇ ਨਾਲੇ ਤੇਲ ਦੀ ਕੁੱਪੀ ਫੜ ਲਿਆਊਂ।

ਚੰਗਾ, ਭਾਈ ਮਾਰ ਆ ਗੇੜਾ, ਚਾਹ ਮੁੜਦਾ ਪੀ ਲਵੀਂ। ਪਾਲ ਤੇਲ ਦੀ ਕੁੱਪੀ ਫੜ ਸੂਬੇਦਾਰਾਂ ਦੇ ਘਰ ਨੂੰ ਆ ਗਿਆ। ਚਾਬੀ ਤੇਲ ਵਿਚ ਡਬੋਈ, ਕੁਝ ਤੇਲ ਪਿਆਸੇ, ਤ੍ਰਿਹਾਏ ਜੰਦਰੇ ਦੇ ਮੂੰਹ ਨੂੰ ਲਾਇਆ। ਜੰਦਰੇ ਨੇ ਚੁਰ ਚੁਰ ਕਰਦਿਆਂ, ਸ਼ਿਕਵਾ ਵੀ ਕੀਤਾ, ਐਨੇ ਐਨੇ ਦਿਨ ਵੀ ਕੋਈ ਆਪਣੇ ਘਰ ਤੋਂ ਦੂਰ ਜਾਂਦੈ, ਲਾਅ ਦੇਵੀਂ ਭੈਣ ਨੂੰ ਸੁਨੇਹਾ। ਬੇਬੇ, ਬਾਪੂ, ਵੀਰੇ ਦੇ ਚਲੇ ਜਾਣ ਤੋਂ ਬਾਅਦ, ਉਸ ਕੁੜੀ ਨੂੰ ਵੀ ਕਹੀਂ, ਤੁਸੀਂ ਦੋਵੇਂ ਭੈਣਾਂ ਵੀ ਨਿਰਮੋਹੀਆਂ ਹੋ ਗਈਆਂ। ਡਾਲਰਾਂ ਨੇ ਸ਼ਾਇਦ ਉਨ੍ਹਾਂ ਨੂੰ ਵੀ ਭਰਮਾ ਲਿਆ। ਜੰਦਰੇ ਨੂੰ ਹੌਂਸਲਾ ਦੇਣ ਤੋਂ ਬਾਅਦ ਬਰਾਂਡੇ ’ਚ ਪ੍ਰਵੇਸ਼ ਕੀਤਾ।

ਮਕੜੀਆਂ ਦੇ ਜਾਲ਼ਿਆਂ ਨੇ ਮੂੰਹ ਚੁੰਮ ਕੇ ਸਵਾਗਤ ਕੀਤਾ। ਅੱਖ਼ਾਂ ’ਤੇ ਵੀ ਪਿਆਰ ਦਾ ਚੁੰਮਣ ਦਿੱਤਾ। ਉਨ੍ਹਾਂ ਨੂੰ ਮਸਾਂ ਮਸਾਂ ਮੂੰਹ ਤੋਂ ਦੂਰ ਕੀਤਾ। ਪੌੜੀਆਂ ਦੀ ਹਰਿਆਵਲ ਦਿਲ ਖੋਲ੍ਹ ਕੇ ਸਵਾਗਤ ਕਰ ਰਹੀ ਸੀ। ਹੌਲੀ ਹੌਲੀ ਪੌੜੀਆਂ ਚੜ੍ਹ ਕੇ ਛੱਤ ’ਤੇ ਗਿਆ। ਛੱਤ ’ਤੇ ਉੱਗੇ ਖੱਬਲ, ਘਾਹ ਨੇ ਸਤਿਕਾਰ ਕੀਤਾ।

ਜਿਵੇਂ ਕਹਿ ਰਿਹਾ ਹੋਵੇ, ਸੂਬੇਦਾਰ ਹੋਰਾਂ ਦੇ ਜਾਣ ਪਿੱਛੋਂ ਅਸੀਂ ਇਸ ਘਰ ਦੀ ਹਰਿਆਵਲ ਨਹੀਂ ਮਰਨ ਦਿੱਤੀ। ਘਰ ਦੀ ਨਿਗਰਾਨੀ ਹੁਣ ਅਸੀਂ ਹੀ ਕਰਦੇ ਹਾਂ। ਅੱਖ਼ਾਂ ਭਰੀਆਂ ਨਾਲ ਹੀ ਨੀਚੇ ਆ ਕੇ ਘਰ ’ਚ ਗੇੜਾ ਮਾਰਿਆ। ਹਲ਼ ਪੰਜਾਲ਼ੀ, ਤੰਗਲ਼ੀ, ਬੱਠਲ, ਬਾਲਟੀਆਂ, ਕਸੀਏ, ਰਿੜਕਣੇ, ਇੱਕ ਖੂੰਜੇ ’ਚ ਲੱਗੇ ਸਤਿ ਸ੍ਰੀ ਅਕਾਲ ਬੋਲ ਰਹੇ ਸਨ। ਮਨ ਭਰ ਆਇਆ ਸੀ ਜਿੰਦਰਾ ਫੇਰ ਮਾਰ ਦਿੱਤਾ। ਬਾਹਰ ਸੜਕ ਵੱਲ ਉਭੜਵਾਹੇ ਤੁਰ ਪਿਆ। ਆਪਣੇ ਹੀ ਖਿਆਲਾਂ ਵਿਚ। ਗੁਆਂਢੀਆਂ ਨੂੰ ਚਾਬੀ ਦੇਣੀ ਵੀ ਭੁੱਲ ਗਿਆ। ਤੇਲ ਦੀ ਕੁੱਪੀ ਵੀ ਮਖੌਲ ਕਰ ਰਹੀ ਸੀ। ਆਪਣੀ ਹੀ ਧੁਨ ਵਿਚ ਪਤਾ ਨਹੀਂ ਕਦੋਂ ਸੜਕ ’ਤੇ ਪਹੁੰਚ ਗਿਆ।

ਮੈਨੂੰ ਲੱਗਿਆ ਕਿਸੇ ਨੇ ਆਵਾਜ਼ ਮਾਰੀ ਹੈ। ਸਾਹਮਣੇ ਬਲਦੇਵ ਚਾਚੇ ਦਾ ਮੁੰਡਾ ਨੀਲਾ ਟੱਕਰ ਗਿਆ। ਉਹ ਖੇਤ ਰਮਾ ਕੇ ਆਇਆ ਸੀ। ਉਸ ਨੂੰ ਸਾਰੀ ਕਹਾਣੀ ਦੱਸੀ। ਉਸ ਨੇ ਦੱਸਿਆ ਕਿ ਸਾਰੇ ਪਿੰਡ ’ਚ ਤੈਨੂੰ ਪੰਜ ਚਾਰ ਘਰਾਂ ਤੋਂ ਇਲਾਵਾ ਕਿਸੇ ਦੇ ਘਰ ਵੀ ਜੁਆਨ ਪੁੱਤ ਨਹੀਂ ਮਿਲੂਗਾ। ਕੁਝ ਨਸ਼ਿਆਂ ਨੇ ਖਾਅ ਲਏ ਤੇ ਜਿਹੜੇ ਸਰਦੇ ਪੁੱਜਦੇ ਸੀ ਉਨ੍ਹਾਂ ਨੇ ਬੱਚੇ ਕੈਨੇਡਾ, ਅਮਰੀਕਾ, ਆਸਟ੍ਰੇਲੀਆ, ਭੇਜ ਦਿੱਤੇ। ਜ਼ਿਆਦਾਤਰ ਘਰਾਂ ਦੇ ਜੰਦਰੇ ਜੰਗਾਲ ਚੁੱਕੇ ਨੇ। ਉਸ ਨੇ ਬੜਾ ਜੋਰ ਲਾਇਆ ਕਿ ਘਰ ਆ ਜਾਵਾਂ, ਚਾਹ ਪਾਣੀ ਪੀਵਾਂਗੇ। ਮੈਂ ਉਸ ਨੂੰ ਜ਼ਰੂਰੀ ਕੰਮ ਦਾ ਬਹਾਨਾ ਕਰਕੇ ਤੇ ਘਰ ਦੀ ਚਾਬੀ ਗੁਆਂਢੀਆਂ ਨੂੰ ਦੇਣ ਲਈ ਕਹਿ ਕੇ ਅਤੇ ਤੇਲ ਦੀ ਕੁੱਪੀ ਤਾਈ ਹੋਰਾਂ ਨੂੰ ਮੋੜਨ ਦੀ ਤਾਕੀਦ ਕਰਕੇ ਉੱਥੋਂ ਨਿਕਲ ਆਇਆ। ਭੈਣ ਨੂੰ ਫ਼ੋਨ ਕਰਨ ਦੀ ਹਿੰਮਤ ਨਹੀਂ ਸੀ। ਮੇਰੇ ਸਾਹਮਣੇ ਮੇਰੇ ਆਪਣੇ ਘਰ ਦਾ ਜੰਗਾਲ਼ਿਆ ਜਿੰਦਰਾ ਚੀਕ ਰਿਹਾ ਸੀ।

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

# ਪੰਜਾਬ ਦੀ ਖ਼ੁਦਮੁਖ਼ਤਿਆਰੀ ਦੀ ਵਿਰਾਸਤ ਖ਼ਾਲਸਾ ਰਾਜ ਦੇ ਸਿੱਕੇ

**ਗੁਰਜਿੰਦਰ ਸਿੰਘ ਬੁੱਟਰ**







ਸਤਿਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਮੁਤਾਬਕ ਬਾਬਾ ਬੰਦਾ ਸਿੰਘ ਬਹਾਦਰ ਨੇ ਪੰਜਾਬ ਵਿੱਚ ਦਾਖਲ ਹੁੰਦੇ ਹੀ ਸਾਰੇ ਧਰਮਾਂ ਦੇ ਲੋਕਾਂ ਨੂੰ ਮੁਗਲਾਂ ਦੇ ਜ਼ੁਲਮਾਂ ਖ਼ਿਲਾਫ਼ ਇਕਜੁੱਟ ਕੀਤਾ ਅਤੇ 1709 ਤੋਂ 1710 ਈ. ਦੌਰਾਨ ਸਮਾਣਾ, ਸਢੌਰਾ, ਕਪੂਰੀ ਅਤੇ ਚੱਪੜਚਿੜੀ ਦੇ ਮੈਦਾਨ ਵਿੱਚ ਵਜ਼ੀਰ ਖਾਨ ਨੂੰ ਹਰਾ ਕੇ ਸਰਹੰਦ 'ਤੇ ਫ਼ਤਹਿ ਹਾਸਲ ਕਰਕੇ ਖਾਲਸਾ ਰਾਜ ਸਥਾਪਤ ਕੀਤਾ। ਉਨ੍ਹਾਂ ਨੇ ਲੋਕਾਂ ਦੀ ਭਲਾਈ ਲਈ ਜ਼ਮੀਨਦਾਰੀ ਪਰੰਪਰਾ ਖਤਮ ਕਰਕੇ ਕਿਸਾਨਾਂ ਨੂੰ ਉਨ੍ਹਾਂ ਦੀਆਂ ਜ਼ਮੀਨਾਂ ਦੀ ਮਲਕੀਅਤ ਦੇ ਅਧਿਕਾਰ ਦੇਣ ਦਾ ਫ਼ੈਸਲਾ ਕੀਤਾ ਅਤੇ ਖਾਲਸਾ ਰਾਜ ਦੇ ਪਹਿਲੇ ਸਿੱਕੇ, ਮੋਹਰ ਅਤੇ ਕੈਲੰਡਰ ਵੀ ਜਾਰੀ ਕਰ ਦਿੱਤੇ। ਇਹ ਸਿੱਕੇ 1710 ਈ: ਤੋਂ 1713 ਈ: ਵਿੱਚ ਜਾਰੀ ਕੀਤੇ ਗਏ, ਜੋ ਕਿ ਸਿੱਖ ਗੁਰੂਆਂ ਦੇ ਨਾਂ 'ਤੇ ਆਧਾਰਿਤ ਹੋਣ ਕਰਕੇ ਨਾਨਕਸ਼ਾਹੀ ਕਹਿਲਾਏ। ਨਾਨਕਸ਼ਾਹੀ ਸਿੱਕੇ ਖਾਲਸਾ ਰਾਜ ਦੀ ਆਰੰਭਤਾ, ਸਵਤੰਤਰਤਾ, ਖ਼ੁਦਮੁਖ਼ਤਿਆਰੀ ਅਤੇ ਗੁਲਾਮੀ ਦੀ ਮਾਨਸਿਕਤਾ ਨੂੰ ਤੋੜਨ ਦੇ ਨਿਸ਼ਾਨ ਬਣੇ। ਇਨ੍ਹਾਂ ਸਿੱਕਿਆਂ 'ਤੇ ਫਾਰਸੀ ਭਾਸ਼ਾ ਦੀ ਵਰਤੋਂ ਕੀਤੀ ਗਈ ਅਤੇ ਧਾਤ ਦੇ ਤੌਰ 'ਤੇ ਚਾਂਦੀ ਵਰਤੀ ਗਈ ਸੀ। ਪਹਿਲੇ ਸਿੱਖ ਸਿੱਕਿਆਂ 'ਤੇ ਹੇਠ ਲਿਖੇ ਸ਼ਬਦ ਅੰਕਿਤ ਕੀਤੇ ਗਏ ਸਨ;

ਅੱਗੇ: ਸਿੱਕਾ ਯਦ ਬਰ ਹਰ ਦੋ ਆਲਮ ਤੇਗ-ਏ-ਨਾਨਕ ਵਾਹਿਬ ਅਸਤ ਫ਼ਤਹਿ ਗੋਬਿੰਦ ਸਿੰਘ ਸ਼ਾਹ-ਏ-ਸ਼ਾਹਾਂ ਫ਼ਜ਼ਲ ਸੱਚਾ ਸਾਹਿਬ ਅਸਤ

ਪਿੱਛੇ: ਜ਼ਰਬ ਬਾ-ਅਮਨ-ਅਲ-ਦੀਨ ਮਾਸਵਾਰਤ ਸ਼ਹਿਰ ਜ਼ੀਨਤ-ਅਲ-ਤਖ਼ਤ ਖਾਲਸਾ ਮੁਬਾਰਕ ਬਖ਼ਤ

ਸਿੱਖਾਂ ਦਾ ਪਹਿਲਾ ਰਾਜ ਬਹੁਤਾ ਲੰਮਾ ਸਮਾਂ ਸਥਾਪਿਤ ਨਹੀਂ ਰਹਿ ਸਕਿਆ। 1715 ਈ: ਵਿੱਚ ਬਾਬਾ ਬੰਦਾ ਸਿੰਘ ਬਹਾਦਰ ਅਤੇ ਸਿੰਘਾਂ ਨੂੰ ਗੁਰਦਾਸ ਨੰਗਲ ਦੀ ਗੜ੍ਹੀ 'ਚੋਂ ਗ੍ਰਿਫ਼ਤਾਰ ਕਰ ਕੇ ਦਿੱਲੀ ਲਿਜਾਇਆ ਗਿਆ। ਇਥੇ ਉਨ੍ਹਾਂ ਨੂੰ ਬਾਦਸ਼ਾਹ ਫਰਖਸੀਅਰ ਦੇ ਹੁਕਮਾਂ 'ਤੇ ਜੂਨ 1716 ਈ: ਵਿੱਚ ਸ਼ਹੀਦ ਕਰ ਦਿੱਤਾ ਗਿਆ। ਇਸ ਦੇ ਨਾਲ ਹੀ ਖ਼ਾਲਸੇ ਦਾ ਪਹਿਲਾ ਰਾਜ ਅਤੇ ਪਹਿਲੇ ਸਿੱਕੇ ਖਤਮ ਹੋ ਗਏ।

ਅਗਲੇ ਪੰਜਾਹ ਸਾਲਾਂ (1715-1765) ਵਿੱਚ ਨਾਦਰ ਸ਼ਾਹ ਦਾ ਦਿੱਲੀ ਨੂੰ ਲੁੱਟਣਾ, ਮੁਗਲਾਂ ਦੀ ਸ਼ਾਨ ਦਾ ਖ਼ਤਮ ਹੋਣਾ, ਅਹਿਮਦ ਸ਼ਾਹ ਅਬਦਾਲੀ ਦੇ ਨਿਰੰਤਰ ਹਮਲੇ, ਪਾਣੀਪਤ ਦੇ ਰਣ ਵਿੱਚ ਮਰਾਠਿਆਂ ਦਾ ਅਬਦਾਲੀ ਦੇ ਹੱਥੋਂ ਹਾਰਨਾ, ਸਿੱਖਾਂ ਦਾ ਮਿਸਲਾਂ ਦੇ ਰੂਪ ਵਿੱਚ ਇਕਜੁੱਟ ਹੋ ਕੇ ਅਬਦਾਲੀ ਨੂੰ ਪੰਜਾਬ ਤੋਂ ਭਜਾਉਣਾ ਅਤੇ ਆਪ ਯਮੁਨਾ ਤੋਂ ਇੰਡਸ ਤੱਕ ਦੇ ਇਲਾਕਿਆਂ ਵਿੱਚ ਕਾਬਜ਼ ਹੋ ਕੇ ਮੁੜ ਤੋਂ ਪੰਜਾਬ ਦਾ ਸਰਦਾਰ ਬਣ ਜਾਣਾ ਵਿਸ਼ੇਸ਼ ਘਟਨਾਵਾਂ ਸਨ। ਇਹ ਸਰਦਾਰੀ ਸਿੱਖਾਂ ਨੂੰ ਬੇਅੰਤ ਮੁਸ਼ਕਲਾਂ ਅਤੇ ਦੋ ਲੱਖ ਬਹਾਦਰ ਸਿੰਘਾਂ-ਸਿੰਘਣੀਆਂ ਦੇ ਸਿਰਾਂ ਦੀ ਕੁਰਬਾਨੀ ਦੇ ਕੇ ਹਾਸਲ ਹੋਈ ਸੀ। ਫਲਸਰੂਪ ਸਿੱਖਾਂ ਨੇ ਲਾਹੌਰ ਤੋਂ 1765 ਈ: ਵਿੱਚ ਚਾਂਦੀ ਦੇ ਸਿੱਕੇ ਜਾਰੀ ਕੀਤੇ ਜੋ ਕਿ ਪੰਜਾਬ ਦੀ ਆਜ਼ਾਦੀ, ਅਖੰਡਤਾ ਅਤੇ ਸੰਯੁਕਤਾ ਦੇ ਪ੍ਰਤੀਕ ਸਨ। ਇਨ੍ਹਾਂ ਸਿੱਕਿਆਂ 'ਤੇ ਹੇਠ ਲਿਖੇ ਸ਼ਬਦ ਅੰਕਿਤ ਕੀਤੇ ਗਏ ਸਨ।

ਅੱਗੇ: ਦੇਗ ਤੇਗ ਫ਼ਤਹਿ ਓ ਨੁਸਰਤ ਬੇਦਰੰਗ

ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ

ਪਿੱਛੇ: ਜ਼ਰਬ ਦਰ-ਅਲ-ਸਲਤਨਤ



ਲਾਹੌਰ ਸੰਮਤ 1822

ਮਇਮੀਨਤ ਮਨੁਸ ਜਲੂਸ

ਇਨ੍ਹਾਂ ਸਿੱਕਿਆਂ 'ਤੇ ਜਿਹੜੇ ਸ਼ਬਦ 'ਅੱਗੇ' ਅੰਕਿਤ ਕੀਤੇ ਗਏ ਸਨ, ਉਹ ਹੀ ਸ਼ਬਦ ਬਾਬਾ ਬੰਦਾ ਸਿੰਘ ਬਹਾਦਰ ਦੀ ਮੋਹਰ ਅਤੇ ਹੁਕਮਨਾਮਿਆਂ 'ਤੇ ਵੀ ਵਰਤੇ ਗਏ। ਦਸ ਸਾਲਾਂ ਬਾਅਦ 1775 ਈ: ਵਿੱਚ ਸਿੱਖਾਂ ਨੇ ਅੰਮ੍ਰਿਤਸਰ ਸ਼ਹਿਰ ਤੋਂ ਵੀ ਸਿੱਕੇ ਜਾਰੀ ਕੀਤੇ। ਇਸ ਦੇ 'ਅੱਗੇ' ਵਾਲੇ ਸ਼ਬਦ ਬਾਬਾ ਬੰਦਾ ਸਿੰਘ ਬਹਾਦਰ ਦੁਆਰਾ ਜਾਰੀ ਕੀਤੇ ਗਏ ਸਿੱਕੇ ਵਾਲੇ ਹੀ ਸਨ, ਪਰ 'ਪਿੱਛੇ' ਅੰਮ੍ਰਿਤਸਰ ਸ਼ਹਿਰ ਅਤੇ ਅਕਾਲ ਤਖ਼ਤ ਦਾ ਨਾਮ ਅੰਕਿਤ ਕੀਤਾ ਗਿਆ ਸੀ। ਇਨ੍ਹਾਂ ਸਿੱਕਿਆਂ 'ਤੇ 1783 ਈ: ਤੋਂ ਨਿਰੰਤਰ ਦਰੱਖਤਾਂ ਦੀਆਂ ਪੱਤੀਆਂ ਵੀ ਅੰਕਿਤ ਕੀਤੀਆਂ ਜਾਣ ਲੱਗੀਆਂ ਸਨ। ਇਨ੍ਹਾਂ ਪੱਤੀਆਂ ਨੂੰ 1781 ਤੋਂ 1783 ਈ: ਵਿੱਚ ਆਏ ਭਿਆਨਕ ਅਕਾਲ ਨਾਲ ਜੋੜ ਕੇ ਦੇਖਿਆ ਜਾਂਦਾ ਹੈ।ਸਿੱਖ ਮਿਸਲਾਂ ਨੇ ਮਿਲ ਕੇ ਪੱਛਮ ਤੋਂ ਆਉਣ ਵਾਲੇ ਹਮਲਾਵਰਾਂ 'ਤੇ ਮੁਕੰਮਲ ਰੋਕ ਲਾ ਦਿੱਤੀ ਸੀ, ਪਰ ਹੁਣ ਇਹ ਮਿਸਲਾਂ ਧਨ, ਜ਼ਮੀਨ ਅਤੇ ਅਹੰਕਾਰ ਕਰਕੇ ਆਪਸ ਵਿੱਚ ਜੰਗਾਂ ਕਾਰਨ ਲੱਗ ਪਈਆਂ ਸਨ। ਇਨ੍ਹਾਂ ਮਿਸਲਾਂ ਨੂੰ ਇੱਕ ਕਰਨ ਅਤੇ ਪੰਜਾਬ ਨੂੰ ਬਾਹਰੀ ਹਮਲਿਆਂ ਤੋਂ ਬਚਾਉਣ ਲਈ ਸੁੱਕਰਚੱਕੀਆ ਮਿਸਲ ਦੇ ਸਰਦਾਰ ਰਣਜੀਤ ਸਿੰਘ ਨੇ ਸਿਰ ਤੋੜ ਰਣਨੀਤੀ, ਕੂਟਨੀਤੀ ਅਤੇ ਰਿਸ਼ਤੇਦਾਰੀਆਂ ਦਾ ਪ੍ਰਯੋਗ ਕਰਕੇ ਪੰਜਾਬ ਨੂੰ ਇੱਕ ਵੱਡੇ ਰਾਜ ਵਿੱਚ ਤਬਦੀਲ ਕਰ ਦਿੱਤਾ। ਇਸ ਦੀਆਂ ਸੀਮਾਵਾਂ ਉੱਤਰ ਵਿੱਚ ਲੱਦਾਖ, ਪੂਰਬ ਵਿੱਚ ਸਤਲੁਜ, ਦੱਖਣ ਵਿੱਚ ਸਿੰਧ ਅਤੇ ਪੱਛਮ ਵਿੱਚ ਅਫ਼ਗਾਨਿਸਤਾਨ ਤੱਕ ਲੱਗਦੀਆਂ ਸਨ। ਰਣਜੀਤ ਸਿੰਘ ਨੇ ਮਹਾਰਾਜਾ ਬਣਨ ਤੋਂ ਬਾਅਦ 1801 ਈ: ਵਿੱਚ ਨਵੇਂ ਸਿੱਕੇ ਜਾਰੀ ਕੀਤੇ ਜਿਹੜੇ ਕਿ ਲਾਹੌਰ 1765 ਈ: ਅਤੇ ਅੰਮ੍ਰਿਤਸਰ 1775 ਈ: ਦੇ ਸਿੱਕਿਆਂ 'ਤੇ ਹੀ ਆਧਾਰਿਤ ਸਨ। ਇਹ ਸਿੱਕੇ ਵੀ ਨਾਨਕਸ਼ਾਹੀ ਹੀ ਕਹਿਲਾਏ।

ਮਹਾਰਾਜਾ ਦੇ ਰਾਜ ਵਿੱਚ ਸਿੱਕੇ ਲਾਹੌਰ, ਅੰਮ੍ਰਿਤਸਰ, ਕਸ਼ਮੀਰ, ਮੁਲਤਾਨ, ਡੇਰਾਜੱਟ ਅਤੇ ਪੇਸ਼ਾਵਰ ਵਿੱਚ ਬਣਾਏ ਜਾਂਦੇ ਸਨ। ਸੋਨੇ ਅਤੇ ਚਾਂਦੀ ਦੇ ਸਿੱਕੇ ਦਰਬਾਰ ਵੱਲੋਂ ਅਤੇ ਤਾਂਬੇ ਦੇ ਸਿੱਕੇ ਵੱਡੇ ਵਪਾਰੀ ਦਰਬਾਰ ਤੋਂ ਆਗਿਆ ਲੈ ਕੇ ਆਪ ਬਣਵਾਉਂਦੇ ਸਨ। ਇਨ੍ਹਾਂ ਤਾਂਬੇ ਦੇ ਸਿੱਕਿਆਂ 'ਤੇ 'ਅਕਾਲ ਸਹਾਇ', 'ਗੁਰੂ ਨਾਨਕ ਜੀ' ਅਤੇ 'ਨਾਨਕ ਸ਼ਾਹੀ' ਅੰਕਿਤ ਕੀਤਾ ਜਾਂਦਾ ਸੀ।

ਸਿੱਖਾਂ ਦੇ ਫੂਲਕੀਆ ਮਿਸਲਾਂ ਦੇ ਰਾਜਿਆਂ 'ਚੋਂ ਪਟਿਆਲਾ, ਨਾਭਾ ਅਤੇ ਜੀਂਦ ਦੇ ਰਾਜਿਆਂ ਨੇ ਆਪਣੇ ਰਾਜਾਂ ਵਿੱਚ ਅਹਿਮਦ ਸ਼ਾਹ ਅਬਦਾਲੀ ਦੇ ਨਾਂ 'ਤੇ ਆਧਾਰਿਤ 'ਦੁਰਾਨੀ ਸਿੱਕੇ' ਚਲਾਏ। ਇਹ ਰਾਜੇ ਅਬਦਾਲੀ ਅਤੇ ਅੰਗਰੇਜ਼ਾਂ ਦੇ ਮੋਹਰੇ ਬਣ ਕੇ ਸ਼ੇਰ-ਏ-ਪੰਜਾਬ ਦੇ ਰਾਜ ਤੋਂ ਵੱਖਰੇ ਹੋ ਕੇ ਆਪਣਾ ਰਾਜ ਸਿਰਫ਼ ਨਿੱਜੀ ਹਿੱਤਾਂ ਲਈ ਚਲਾ ਰਹੇ ਸਨ। ਇਨ੍ਹਾਂ ਰਾਜਿਆਂ ਵਿਚੋਂ ਸਿਰਫ਼ ਨਾਭਾ ਦੇ ਰਾਜਾ ਜਸਵੰਤ ਸਿੰਘ ਨੇ 1835 ਈ: ਵਿੱਚ 'ਦੁਰਾਨੀ ਸਿੱਕੇ' ਬੰਦ ਕਰਾ ਕੇ ਸਿੱਖ ਗੁਰੂਆਂ ਦੇ ਨਾਂ 'ਤੇ ਸਿੱਕੇ ਚਲਵਾਏ, ਜਦੋਂ ਕਿ ਪਟਿਆਲਾ ਰਿਆਸਤ ਵਿੱਚ ਗੁਰੂਆਂ ਦੇ ਨਾਂ ਵਾਲੇ ਸਿੱਕੇ ਸਿਰਫ਼ ਦੁਸਹਿਰੇ ਦੀ ਪੂਜਾ 'ਤੇ ਹੀ ਜਾਰੀ ਕੀਤੇ ਜਾਂਦੇ ਸਨ।

ਮਹਾਰਾਜਾ ਰਣਜੀਤ ਸਿੰਘ ਦੀ 27 ਜੂਨ 1839 ਈ: ਵਿੱਚ ਮੌਤ ਹੋ ਜਾਣ ਤੋਂ ਬਾਅਦ ਖ਼ਾਲਸਾ ਰਾਜ ਦਸਾਂ ਸਾਲਾਂ ਵਿੱਚ ਖ਼ਤਮ ਹੋ ਗਿਆ ਅਤੇ ਨਾਲ ਹੀ 'ਨਾਨਕਸ਼ਾਹੀ ਸਿੱਕੇ' ਵੀ ਬੰਦ ਹੋ ਗਏ।






# ਵਾਤਾਵਰਣ

# ਪ੍ਰਦੂਸ਼ਣ ਦਾ ਵਧਣਾ ਮਨੁੱਖੀ ਜੀਵਨ ਦਾ ਅੰਤ





**ਰਵਿੰਦਰ ਸਿੰਘ**

ਮਨੁੱਖੀ ਲੋੜਾਂ ਦੀ ਗੱਲ ਤੁਰਦੇ ਹੀ ਧਿਆਨ ਪਾਣੀ, ਰੋਟੀ, ਛੱਤ ਵੱਲ ਜਾਂਦਾ ਹੈ, ਪਰ ਅੱਜ ਇਨ੍ਹਾਂ ਜ਼ਰੂਰਤਾਂ ਤੋਂ ਬਿਨ੍ਹਾਂ ਚੌਥੀ ਲੋੜ ਹਵਾ ਵੀ ਧਿਆਨ ਦੀ ਮੰਗ ਕਰਦੀ ਹੈ। ਹੁਣ ਸੋਚਣ ਵਾਲ਼ੀ ਗੱਲ ਇਹ ਹੈ ਕਿ ਜਦੋਂ ਤੋਂ ਧਰਤੀ ’ਤੇ ਜੀਵਨ ਸ਼ੁਰੂ ਹੋਇਆ ਉਦੋਂ ਤੋਂ ਹਵਾ ਮੌਜੂਦ ਹੈ, ਲੱਖਾਂ ਸਾਲ ਇਨਸਾਨ ਦੇ ਜਨਮ ਨੂੰ ਹੋਏ ਹਨ, ਉਦੋਂ ਤੋਂ ਹਵਾ ਕੋਈ ਇਨਸਾਨਾਂ ਲਈ ਮਸਲਾ ਨਹੀਂ ਰਹੀ, ਪਰ ਪਿਛਲੇ ਸਮੇਂ ਦੌਰਾਨ ਲਗਾਤਾਰ ਹਵਾ ਪ੍ਰਦੂਸ਼ਣ ਦਾ ਵਧਣਾ ਫਿਕਰਮੰਦੀ ਦਾ ਵਿਸ਼ਾ ਹੈ। ਜਿਵੇਂ ਇਨਸਾਨ ਲਈ ਪੀਣ ਯੋਗ ਪਾਣੀ ਦੀ ਜ਼ਰੂਰਤ ਹੈ ਉਸੇ ਤਰ੍ਹਾਂ ਸਾਹ ਲੈਣ ਯੋਗ ਹਵਾ ਦੀ ਵੀ ਜ਼ਰੂਰਤ ਹੈ।

ਭਾਰਤ ਦੇਸ਼ ਨੇ ਪੂਰੇ ਸੰਸਾਰ ਵਿੱਚ ਕਈ ਮਾਅਰਕੇ ਮਾਰੇ ਹਨ, ਉਦਾਹਰਣ ਲਈ ਔਰਤਾਂ ਦੇ ਰਹਿਣ ਲਈ ਸਭ ਤੋਂ ਖਤਰਨਾਕ, ਭੁੱਖ ਕਾਰਨ ਹੋਣ ਵਾਲ਼ੀਆਂ ਮੌਤਾਂ ਵਿੱਚ ਮੋਹਰੀ, ਸੰਸਾਰ ਦੇ ਸਭ ਤੋਂ ਜ਼ਿਆਦਾ ਪ੍ਰਦੂਸ਼ਿਤ 20 ਸ਼ਹਿਰਾਂ ਵਿੱਚੋਂ 13 ਸ਼ਹਿਰ ਭਾਰਤ ਦੇ ਹਨ, ਭਾਰਤ ਦਾ ਅਜਿਹਾ ਕੋਈ ਸੂਬਾ ਨਹੀ ਹੈ ਜਿੱਥੇ 10 ਤੱਕ ਦੇ ਮਾਪਕ (ਹਵਾ ਦੀ ਗੁਣਵੱਤਾ) ਦੀ ਪਾਲਣਾ ਹੁੰਦੀ ਹੋਵੇ (ਸੰਸਾਰ ਸਿਹਤ ਸੰਗਠਨ ਦੀ ਰਿਪੋਰਟ)। ਇੱਕ ਰਿਪਰੋਟ ‘ਗਲੋਬਲ ਬਰਡਨ ਆਫ ਡਜੀਜ਼ ਸਟੱਡੀ 2013’ ਮੁਤਾਬਕ ਭਾਰਤ ਵਿੱਚ ਹੋਣ ਵਾਲ਼ੀਆ ਮੌਤਾਂ ਲਈ ਪੰਜਵਾਂ ਵੱਡਾ ਕਾਰਨ ਹਵਾ ਪ੍ਰਦੂਸ਼ਣ ਹੈ। ਹਰ ਸਾਲ ਲੱਖਾਂ ਮੌਤਾਂ ਸਮੇਂ ਤੋਂ ਪਹਿਲਾਂ ਹੋਣ ਦਾ ਕਾਰਨ ਹਵਾ ਪ੍ਰਦੂਸ਼ਣ ਹੈ, 2017 ਵਿੱਚ 12.4 ਲੱਖ ਲੋਕਾਂ ਦੀ ਜਾਨ ਇਸੇ ਕਾਰਨ ਗਈ। ਦੇਸ਼ ਦੀ 77% ਅਬਾਦੀ 40 ਤੋਂ ਉਬਪਰ ਦੇ ਪੈਮਾਨੇ ਦਾ ਸਾਹਮਣਾ ਕਰਦੀ ਹੈ। ਸਾਹ ਦੀ ਬਿਮਾਰੀ, ਫੇਫੜਿਆ ’ਤੇ ਅਸਰ, ਦਿਲ ਦੀਆਂ ਬਿਮਾਰੀਆਂ ਉਬਨ੍ਹੀਆਂ ਤੰਬਾਕੂ ਤੋਂ ਨਹੀਂ ਹੁੰਦੀਆਂ ਜਿੰਨੀਆਂ ਹਵਾ ਪ੍ਰਦੂਸ਼ਣ ਕਾਰਨ ਹੁੰਦੀਆਂ ਹਨ। ਦਿੱਲੀ ਹਾਰਟ ਐਂਡ ਲੰਗ ਇੰਸਟੀਚਿਊਟ ਅਨੁਸਾਰ 20 ਲੱਖ ਬੱਚੇ (ਅੱਧੇ ਦਿੱਲੀ ਸ਼ਹਿਰ ਵਿੱਚ) ਫੇਫੜਿਆਂ ਦੀ ਕੰਮ ਕਰਨ ਦੀ ਦਿੱਕਤ ਨਾਲ਼ ਜੂਝ ਰਹੇ ਹਨ। ਉਬਤਰ ਪ੍ਰਦੇਸ਼, ਪੰਜਾਬ, ਹਰਿਆਣਾ, ਮੁੰਬਈ, ਦਿੱਲੀ ਵਿੱਚ ਸਭ ਤੋਂ ਜ਼ਿਆਦਾ ਪ੍ਰਦੂਸ਼ਿਤ ਹਵਾ ਮਿਲ਼ਦੀ ਹੈ। ਦਿੱਲੀ ਦੇਸ਼ ਦੀ ਰਾਜਧਾਨੀ ਹੈ, ਜ਼ੁਰਮ ਦੀ ਰਾਜਧਾਨੀ ਹੈ ਉਸੇ ਤਰ੍ਹਾਂ ਹਵਾ ਪ੍ਰਦੂਸ਼ਣ ਦੀ ਵੀ ਰਾਜਧਾਨੀ ਹੈ! 73% ਦਿੱਲੀ ਸ਼ਹਿਰ ਦੇ ਵਸਨੀਕ ਹਵਾ ਦੀ ਗੁਣਵੱਤਾ ਤੋਂ ਨਾਖੁਸ਼ ਹਨ, 30% ਦਾ ਕਹਿਣਾ ਹੈ ਕਿ ਘਟੀਆ ਗੁਣਵੱਤਾ ਹੈ ਹਵਾ ਦੀ।

ਹਵਾ ਦੀ ਗੁਣਵਤਾ ਨੂੰ ਏਅਰ ਕੁਆਲਟੀ ਇੰਡੈਕਸ (ਏਕਿਯੂਆਈ) ਦੇ ਤੌਰ ’ਤੇ ਮਾਪਿਆ ਜਾਂਦਾ ਹੈ। ਵਾਤਾਵਰਨ ਸੁਰੱਖਿਆ ਪ੍ਰਣਾਲੀ ਦੇ ਅਨੁਸਾਰ ਏਕਿਯੂਆਈ ਨੂੰ ਪੰਜ ਵੱਡੇ ਪ੍ਰਦੂਸ਼ਕਾਂ ਦੇ ਆਧਾਰ ’ਤੇ ਤੈਅ ਕੀਤਾ ਜਾਂਦਾ ਹੈ : ਜ਼ਮੀਨੀ ਸਤਹਿ ’ਤੇ ਓਜੋਨ ਦੀ ਮਾਤਰਾ, ਹਵਾ ਵਿਚ ਲਮਕਦੇ ਕਣ ਪਦਾਰਥ, ਕਾਰਬਨ ਮੋਨੋਆਕਸਾਈਡ, ਸਲਫਰ ਡਾਈਆਕਸਾਈਡ ਅਤੇ ਨਾਈਟ੍ਰੋਜਨ ਡਾਈਆਕਸਾਈਡ। ਏਕਿਯੂਆਈ ਦੇ ਪੱਧਰ ਨੂੰ 0-500 ਦੀ ਸ਼੍ਰੇਣੀ ਵਿੱਚ ਵੰਡਿਆ ਗਿਆ ਹੈ। 0-50 ਦਾ ਏਕਿਯੂਆਈ ਪੱਧਰ ਸਾਡੀ ਸਿਹਤ ਲਈ ਸੰਤੁਸ਼ਟੀਜਨਕ ਮੰਨਿਆ ਗਿਆ ਹੈ। ਦਰਮਿਆਨੀ ਏਕਿਯੂਆਈ 51-100 ਤੱਕ ਮੰਨੀ ਜਾਂਦੀ ਹੈ। ਇਹ ਕੁਝ ਲੋਕ ਜਿਨ੍ਹਾਂ ਨੂੰ ਸਾਹ ਦੀਆਂ ਬਿਮਾਰੀਆਂ ਹਨ, ਉਨ੍ਹਾਂ ਲਈ ਹਾਨੀਕਾਰਕ ਹੁੰਦਾ ਹੈ। 101-150 ਦੇ ਪੱਧਰ ਉਨ੍ਹਾਂ ਵਿਅਕਤੀਆਂ ਲਈ ਨੁਕਸਾਨਦੇਹ ਹੋ ਸਕਦੇ ਹਨ ਜੋ ਪਹਿਲਾਂ ਹੀ ਸਾਹ ਦੀਆਂ ਸਮੱਸਿਆਵਾਂ ਜਾਂ ਦਿਲ ਦੀਆਂ ਬਿਮਾਰੀਆਂ ਨਾਲ ਜੂਝ ਰਹੇ ਹਨ ਤੇ ਇਨ੍ਹਾਂ ਵਿਚ ਬੱਚਿਆਂ ਅਤੇ ਬਜੁਰਗਾਂ ਨੂੰ ਵਧੇਰੇ ਜੋਖਮ ਹੁੰਦਾ ਹੈ। 151-200 ਦਾ ਪੱਧਰ ਹਰ ਨਾਗਰਿਕ ਲਈ ਹਾਨੀਕਾਰਕ ਹੈ। 201-300 ਦੇ ਵਿਚਕਾਰ ਦਾ ਪੱਧਰ ਵਧੇਰੇ ਗੰਭੀਰ ਪ੍ਰਭਾਵ ਪੈਦਾ ਕਰਦਾ ਹੈ ਤੇ ਸਿਹਤ ਲਈ ਗੰਭੀਰ ਚਿਤਾਵਨੀ ਹੈ। 300 ਤੋਂ ਵੱਧ ਦਾ ਪੱਧਰ ਇਕ ਸੰਕਟਕਾਲੀਨ ਸਥਿਤੀ ਹੈ। ਇਸ ਪ੍ਰਸੰਗ ’ਚ, 8 ਨਵੰਬਰ, 2017 ਨੂੰ ਦਿੱਲੀ ਦੇ ਪੰਜਾਬੀ ਬਾਗ ਖੇਤਰ ਵਿੱਚ ਜੋ ਪੱਧਰ 999 ਤੱਕ ਪਹੁੰਚੇ ਸਨ, ਉਹ ਅਤਿ ਗੰਭੀਰ ਚਿੰਤਾ ਦਾ ਕਾਰਨ ਹਨ।

‘ਯੂਨਾਇਟਡ ਰੈਜ਼ੀਡੈਂਟਸ ਜੁਆਇਨ ਐਕਸ਼ਨ’ ਦੇ ਸਰਵੇਖਣ ਨੇ ਇਹ ਦਿਖਾਇਆ ਕਿ ਇਸ ਤਰ੍ਹਾਂ ਦੀਆਂ ਸਕਰੀਨਜ਼ ਜੋ ਹਵਾ ਦੀ ਗੁਣਵੱਤਾ ਬਾਰੇ ਦੱਸਦੀਆਂ ਹਨ ਬਾਰੇ 89% ਲੋਕ ਸੁਚੇਤ ਹੀ ਨਹੀ ਹਨ। ਡਾਕਟਰਾਂ ਅਨੁਸਾਰ ਦਿੱਲੀ ਵਿੱਚ ਸਾਹ ਲੈਣਾ ਹਰ ਰੋਜ਼ 50 ਸਿਗਰਟਾਂ ਪੀਣ ਦੇ ਬਰਾਬਰ ਹੈ। ਇਹ ਮਹਿਜ਼ ਅੰਕੜੇ ਨਹੀਂ ਹਨ, ਇਹ ਸੱਚਾਈ ਹੈ ਕਿ ਸਾਹ ਲੈਣ ਦੀ ਕੀਮਤ ਮੌਤ ਦੇ ਨੇੜੇ ਜਾਣ ਦੇ ਬਰਾਬਰ ਹੈ। ਜਿਸ ਸਮੇਂ ਵਿੱਚ ਆਪਾਂ ਜਿਉਂ ਰਹੇ ਹਾਂ ਉਸ ਵਿੱਚ ਮਨੁੱਖਾਂ ਲਈ ਜਿਊਣਾ ਸਜ਼ਾ ਬਣਿਆ ਹੋਇਆ ਹੈ, ਸਿਰ ’ਤੇ ਛੱਤ ਦਾ ਨਾ ਹੋਣਾ, ਦੋ ਡੰਗ ਦੀ ਰੋਟੀ ਲਈ ਸਾਰੀ ਉਮਰ ਗਧੀ ਗੇੜ ਵਿੱਚ ਕੱਢ ਦੇਣਾ ਅਤੇ ਹੁਣ ਸਾਹ ਲੈਣ ਲਈ ਵੀ ਯੋਗ ਹਵਾ ਦਾ ਇੰਤਜ਼ਾਮ ਕਰਨਾ ਨਵਾਂ ਸਿਆਪਾ ਆ ਜੁੜਿਆ ਹੈ (ਹਵਾ ਨੂੰ

**(ਬਾਕੀ ਸਫ਼ਾ 31 ’ਤੇ)**

# ਹਵਾ ਪ੍ਰਦੂਸ਼ਣ ਨੂੰ ਰੋਕਣ ਲਈ ਕਾਰਬਨ ਡਾਇਆਕਸਾਈਡ ਘਟਾਉਣੀ ਜ਼ਰੂਰੀ

**ਡਾ. ਅਮਨਪ੍ਰੀਤ ਸਿੰਘ**

ਅੱਜ ਕੱਲ ਹਵਾ ਵਿਚਲੇ ਪ੍ਰਦੂਸ਼ਣ ’ਤੇ ਬਹੁਤ ਜ਼ਿਆਦਾ ਚਰਚਾ ਹੋ ਰਹੀ ਹੈ। ਭਾਵੇਂ ਸਾਡੇ ਦੇਸ਼ ਅਤੇ ਸੂਬੇ ਵਿੱਚ ਪਾਣੀ ਦਾ ਪ੍ਰਦੂਸ਼ਣ ਵੀ ਘੱਟ ਨਹੀਂ ਪਰ ਚਰਚਾ ਜ਼ਿਆਦਾ ਹਵਾ ਦੇ ਪ੍ਰਦੂਸ਼ਣ ਦੀ ਹੈ। ਇਸ ਦਾ ਅਸਲ ਕਾਰਨ ਇਹ ਹੈ ਕਿ ਦੁਨੀਆ ਦੇ ਵਿਕਸਤ ਦੇਸ਼ ਹਵਾ ਵਿੱਚ ਵਧਦੀ ਕਾਰਬਨ ਅਤੇ ਉਸ ਨਾਲ ਵਧਦੇ ਧਰਤੀ ਦੇ ਤਾਪਮਾਨ ਤੋਂ ਚਿੰਤਤ ਹਨ। ਤਾਪਮਾਨ ਵਧਣ ਨਾਲ ਗਲੇਸ਼ੀਅਰ (ਬਰਫ਼ ਦੇ ਪਹਾੜ) ਪਿਘਲਣੇ ਸ਼ੁਰੂ ਹੋ ਗਏ ਹਨ। ਸੰਨ 1750 ਦੇ ਮੁਕਾਬਲੇ ਹੁਣ ਵਾਯੂਮੰਡਲ ਦਾ ਤਾਪਮਾਨ 1.10 ਸੈਂਟੀਗਰੇਡ ਵਧ ਗਿਆ ਹੈ ਜਿਹੜਾ 2050 ਤੱਕ 2.00 ਸੈਂਟੀਗਰੇਡ ਤੱਕ ਹੋ ਸਕਦਾ ਹੈ, ਜਿਸ ਨਾਲ ਗਲੇਸ਼ੀਅਰ ਪਿਘਲਣ ਕਰਕੇ ਦੁਨੀਆ ਦੇ ਕਈ ਸ਼ਹਿਰ ਸਮੁੰਦਰ ਵਿੱਚ ਡੁੱਬ ਜਾਣਗੇ। ਕੁਦਰਤੀ ਆਫ਼ਤਾਂ, ਤੇਜ਼ ਝੱਖੜ, ਤੂਫ਼ਾਨ, ਬੱਦਲ ਫਟਣੇ, ਹੜ੍ਹ ਆਉਣੇ ਅਤੇ ਸੋਕਾ ਪੈਣਾ, ਵਧਦੇ ਤਾਪਮਾਨ ਨਾਲ ਹੀ ਜੋੜ ਕੇ ਵੇਖਿਆ ਜਾਂਦਾ ਹੈ। ਇਸ ਦਾ ਕਾਰਨ ਹੈ ਵਾਯੂਮੰਡਲ ਵਿੱਚ ਵਧਦੀਆਂ ਗਰੀਨ ਹਾਊਸ ਗੈਸਾਂ।

ਗਰੀਨ ਹਾਊਸ ਗੈਸਾਂ:- ਹਵਾ ਵਿੱਚ 78 ਫ਼ੀਸਦੀ ਨਾਈਟ੍ਰੋਜਨ, 21 ਫ਼ੀਸਦੀ ਆਕਸੀਜਨ, 0.9 ਫ਼ੀਸਦੀ ਆਰਗੋਨ ਅਤੇ 0.1 ਫ਼ੀਸਦੀ ਹੋਰ ਗੈਸਾਂ ਹਨ। ਅੱਗੋਂ 0.1 ਫ਼ੀਸਦੀ ਵਿਚ ਪਾਣੀ (ਸਿਲ/ਨਮੀ) (ਵੱਧ ਤੋਂ ਵੱਧ 4 ਫ਼ੀਸਦੀ), ਕਾਰਬਨ ਡਾਇਆਕਸਾਈਡ (0.036 ਫ਼ੀਸਦੀ), ਮੀਥੇਨ ਅਤੇ ਨਾਈਟਰਸ ਆਕਸਾਈਡ ਵਰਗੀਆਂ ਗੈਸਾਂ ਹੁੰਦੀਆਂ ਹਨ। ਕਾਰਬਨ ਡਾਈਆਕਸਾਈਡ, ਨਮੀ, ਮੀਥੇਨ ਅਤੇ ਨਾਈਟਰਸ ਆਕਸਾਈਡ ਗੈਸਾਂ ਨੂੰ ਗਰੀਨ ਹਾਊਸ ਗੈਸਾਂ ਕਿਹਾ ਜਾਂਦਾ ਹੈ। ਇਹ ਸੂਰਜ ਦੀਆਂ ਕਿਰਨਾਂ ਨੂੰ ਰੇਡੀਏਟ ਕਰ ਕੇ ਧਰਤੀ ਨੂੰ ਗਰਮ ਕਰਦੀਆਂ ਹਨ ਜੇ ਇਹ ਗੈਸਾਂ ਨਾ ਹੋਣ ਤਾਂ ਧਰਤੀ ਦਾ ਤਾਪਮਾਨ ਜੀਰੋ ਤੋਂ ਹੇਠਾਂ (-18 ਡਿਗਰੀ ਸੈਂਟੀਗਰੇਡ ’ਤੇ) ਆ ਜਾਵੇ ਜਿਹੜਾ ਹੁਣ ਔਸਤ 15 ਡਿਗਰੀ ਸੈਂਟੀਗਰੇਡ ਹੈ। ਇਸੇ ਕਰਕੇ ਹੀ ਧਰਤੀ ’ਤੇ ਬਨਸਪਤੀ ਅਤੇ ਹਰਿਆਵਲ ਹੈ। ਇਨ੍ਹਾਂ ਗੈਸਾਂ ਨੂੰ ਗਰੀਨ ਹਾਊਸ ਮਤਲਬ ਹਰਿਆਵਲ ਵਾਲੀਆਂ ਗੈਸਾਂ ਕਿਹਾ ਜਾਂਦਾ ਹੈ। ਕੁਦਰਤ ਨੇ ਇਨ੍ਹਾਂ ਗੈਸਾਂ ਦਾ ਸੰਤੁਲਨ ਬਣਾਇਆ ਹੋਇਆ ਸੀ। ਇਨ੍ਹਾਂ ਦੇ ਸਦਕਾ ਗਰਮੀ, ਸਰਦੀ, ਬਾਰਿਸ਼, ਬਰਫ਼ ਅਤੇ ਬਨਸਪਤੀ ਆਦਿ ਦਾ ਸੰਤੁਲਨ ਬਣਿਆ ਹੋਇਆ ਸੀ, ਜਿਵੇਂ-ਜਿਵੇਂ ਮਨੁੱਖ ਦੀ ਅਬਾਦੀ ਵਧਦੀ ਗਈ ਅਤੇ ਕੁਦਰਤੀ ਸਰੋਤਾਂ ਦੇ ਨਾਲ ਲੋੜ ਮੁਤਾਬਿਕ ਛੇੜ-ਛਾੜ ਹੁੰਦੀ ਗਈ ਤਾਂ ਹਵਾ ਵਿਚ ਇਹ ਗੈਸਾਂ ਵਧਣ ਲੱਗੀਆਂ। ਇਨ੍ਹਾਂ ਗੈਸਾਂ ਦੇ ਵਧਣ ਨਾਲ ਤਾਪਮਾਨ ਵਧੇਗਾ। ਬਨਸਪਤੀ ਵਿੱਚ ਤਾਂ ਵਾਧਾ ਹੋ ਸਕਦਾ ਹੈ ਪਰ ਬਰਫ਼ ਪਿਘਲਣ ਨਾਲ ਧਰਤੀ ਦਾ ਤਾਪਮਾਨ ਵਧ ਜਾਵੇਗਾ, ਜਿਸ ਕਰਕੇ ਸਮੁੰਦਰ ਵਿੱਚ ਵੀ ਪਾਣੀ ਵਧ ਜਾਵੇਗਾ, ਜਿਸ ਨਾਲ ਸਮੁੰਦਰ ਦੇ ਕਿਨਾਰਿਆਂ ਤੋਂ ਧਰਤੀ ਹੋਰ ਪਾਣੀ ਵਿੱਚ ਡੁੱਬ ਜਵੇਗੀ। ਮੌਸਮ ਵਿੱਚ ਤਬਦੀਲੀ ਪਾਣੀ ਦੇ ਚੱਕਰ ਵਿੱਚ ਵੀ ਤਬਦੀਲੀ ਲਿਆਵੇਗੀ।



ਕਾਰਬਨ ਸਾਈਕਲ-ਵਾਯੂਮੰਡਲ ਤੋਂ ਇਲਾਵਾ ਬਹੁਤੀ ਕਾਰਬਨ ਜ਼ਮੀਨ, ਸਮੁੰਦਰ ਅਤੇ ਬਨਸਪਤੀ ਵਿਚ ਹੁੰਦੀ ਹੈ। ਕਾਰਬਨ ਹਰ ਜੀਵ ਵਿੱਚ ਹੁੰਦੀ ਹੈ। ਬੂਟੇ ਆਪਣੀ ਖ਼ੁਰਾਕ ਬਣਾਉਣ ਲਈ ਕਾਰਬਨ ਵਰਤਦੇ ਹਨ। ਇਹੋ ਖ਼ੁਰਾਕ ਜਦੋਂ ਜੀਵ ਜੰਤੂ ਖਾਂਦੇ ਹਨ ਅਤੇ ਉਨ੍ਹਾਂ ਦੇ ਮਲ ਮੂਤਰ ਅਤੇ ਮਰਨ ਤੋਂ ਬਾਅਦ ਗਲ ਸੜ ਕੇ ਕਾਰਬਨ ਫਿਰ ਵਾਯੂ ਮੰਡਲ ਵਿੱਚ ਆ ਜਾਂਦੀ ਹੈ। ਇਸੇ ਤਰ੍ਹਾਂ ਜਿਹੜੀ ਕਾਰਬਨ ਜ਼ਮੀਨ ਵਿੱਚ ਖਣਿਜ ਪਦਾਰਥਾਂ ਦੇ ਰੂਪ ’ਚ ਸਮੁੰਦਰ ਵਿੱਚ ਜਮ੍ਹਾ ਹੈ, ਉਹ ਵੀ ਵਾਯੂਮੰਡਲ ਨਾਲ ਕੁਝ ਹੱਦ ਤੱਕ ਘੁੰਮਦੀ ਰਹਿੰਦੀ ਹੈ। ਜਦੋਂ ਤੱਕ ਸਨਅਤ ਬਹੁਤੀ ਵਧੀ ਨਹੀਂ ਸੀ ਅਤੇ ਆਬਾਦੀ ਘੱਟ ਸੀ ਕਾਰਬਨ ਦਾ ਵਾਯੂਮੰਡਲ ਵਿੱਚ ਸੰਤੁਲਨ ਬਣਿਆ ਹੋਇਆ ਸੀ। ਪਰ ਪਿਛਲੀਆਂ ਤਕਰੀਬਨ ਦੋ ਸਦੀਆਂ ਵਿੱਚ ਵਧਦੀ ਆਬਾਦੀ ਅਤੇ ਸਨਅਤ ਨੇ ਵਾਯੂਮੰਡਲ ਵਿੱਚ ਕਾਰਬਨ ਦੀ ਮਾਤਰਾ ਡੇਢ ਗੁਣਾ ਕਰ ਦਿੱਤੀ।

ਕਾਰਬਨ ਦੇ ਸਰੋਤ:- ਕਾਰਬਨ ਧਰਤੀ ’ਤੇ 4 ਸਰੋਤਾਂ ਵਿਚ ਮੌਜੂਦ ਹੈ (1) ਵਾਯੂਮੰਡਲ ਵਿੱਚ ਕਾਰਬਨ ਡਾਇਆਕਸਾਈਡ ਅਤੇ ਮੀਥੇਨ ਗੈਸ ਦੇ ਰੂਪ ਵਿਚ (2) ਜੀਵਕ ਮਾਦਾ ਸਾਰੀ ਧਰਤੀ ’ਤੇ ਜੀਵ ਜੰਤੂ ਅਤੇ ਬਨਸਪਤੀ (ਜਿਉਂਦੇ ਤੇ ਮਰੇ ਹੋਏ) ਦੇ ਰੂਪ ਵਿਚ। ਜ਼ਮੀਨ ਵਿੱਚ ਜੀਵਕ ਮਾਦੇ ਦੇ ਤੌਰ ’ਤੇ। (3) ਧਰਤੀ ਵਿਚ ਫੌਸਿਲ ਫਿਊਲ (ਜੈਵਿਕ ਈਂਧਣ), ਖਣਿਜਾਂ ਦੇ ਰੂਪ ਵਿਚ ਜਿਵੇਂ ਚੂਨਾ ਅਤੇ ਡੋਲੋਮਾਈਟ ਆਦਿ। (4) ਸਮੁੰਦਰ ਵਿਚ ਜੀਵ ਜੰਤੂ, ਹਰਾ ਜਾਲਾ (ਐਲਗੀ) ਅਤੇ ਕੋਰਲ ਸਮੁੰਦਰ ਦੇ ਹੇਠਾਂ। ਵਾਯੂ ਮੰਡਲ ਵਿੱਚ 1750 ਵਿਚ 280 ਪੀ.ਪੀ. ਐਮ. (280 ਹਿੱਸੇ 10 ਲੱਖ ਪਿੱਛੇ) ਕਾਰਬਨ ਡਾਇਆਕਸਾਈਡ ਸੀ, ਜੋ ਹੁਣ ਵਧ ਕੇ 421 ਪੀ.ਪੀ.ਐਮ.ਤੱਕ ਪਹੁੰਚ ਗਈ ਹੈ। 1950 ਵਿੱਚ ਪ੍ਰਤੀ ਸਾਲ ਵਾਯੂਮੰਡਲ ਵਿਚ 600 ਕਰੋੜ ਟਨ ਕਾਰਬਨ ਡਾਇਆਕਸਾਈਡ ਗੈਸ ਵੱਖ-ਵੱਖ ਸਰੋਤਾਂ ਤੋਂ ਜਾਂਦੀ ਸੀ। ਇਹ 1990 ਵਿੱਚ ਵਧ ਕੇ 2220 ਕਰੋੜ ਟਨ ਅਤੇ 2022 ਵਿਚ 3900 ਕਰੋੜ ਟਨ ਹੋ ਗਈ। ਇਸ ਵਿਚੋਂ ਤਕਰੀਬਨ ਅੱਧੀ ਕਾਰਬਨ ਡਾਇਆਕਸਾਈਡ ਫਿਰ ਬਨਸਪਤੀ, ਬਾਰਿਸ਼ ਅਤੇ ਜੀਵ ਜੰਤੂਆਂ ਦੇ ਆਸਰੇ ਦੋਬਾਰਾ ਆਪਣੇ ਮੁੱਢਲੇ ਸਰੋਤਾਂ ਧਰਤੀ, ਖਣਿਜ ਪਦਾਰਥਾਂ ਅਤੇ ਸਮੁੰਦਰ ਵਿਚ ਜਾ ਸਮਾਉਂਦੀ ਹੈ,

ਕਹਾਣੀ

# ਸੱਗੀ ਫੁੱਲ

**ਗੁਰਦਿਆਲ ਸਿੰਘ**

ਜਦੋਂ ਦੀ ਈਸਰ ਦੀ ਭੈਣ ਮੁੰਡੇ ਦੇ ਵਿਆਹ ਦੀ ਭੇਲੀ ਦੇ ਕੇ ਗਈ ਸੀ, ਮੁਨੋ ਨੇ ਓਦੋਂ ਦਾ ਈ ਰੱਟਾ ਪਾਇਆ ਹੋਇਆ ਸੀ। ਆਥਣ-ਉਗਣ ਓਹੋ ਗੱਲ ਛੇੜੀ ਰਖਦੀ। ਪਰ ਈਸਰ ਅਜੇ ਤਾਈਂ ਆਪਣੀ ਅੜੀ ਫੜੀ ਬੈਠਾ ਸੀ। ਓਹ ਗ਼ਰੀਬੀ-ਦਾਵੇ ਵਾਲ ਕੰਮ ਕਰਕੇ ਡੰਗ ਸਾਰਨਾ ਚਾਹੁੰਦਾ ਸੀ। ਪਰ ਮੁਨੋ ਕਹਿੰਦੀ ਸੀ, ਜਾਣੈ ਤਾਂ ਗੱਜਵੱਜ ਕੇ ਜਾਣੈਂ ਨਹੀਂ ਤਾਂ ਸਰੀਕਾਂ ਤੋਂ ਨੱਕ ਵਢੌਣ ਨਾਲੋਂ ਚੁੱਪ ਈ ਚੰਗੀ।

ਆਥਣੇ ਜਦੋਂ ਈਸਰ ਹਲ ਛਡ ਕੇ ਆਇਆ ਤਾਂ ਮੁਨੋ ਨੇ ਫੇਰ ਰੇੜਕਾ ਪਾ ਲਿਆ।ਅਜ ਬਚਨੀ ਦੀ ਬੇਬੇ ਆਈ ਸੀ, ਉਸ ਈਸਰ ਕੋਲ ਗੱਲ ਛੇੜੀ। ਉਹ ਜਿਹੜੀਆਂ ਦੱਸ ਕੇ ਗਈ ਐ ਸੁਣ ਕੇ ਕਾਲਜਾ ਮੱਚ ਗਿਆ। ਕਹਿੰਦੀ, ਤੇਰੀ ਜਠਾਣੀ ਪਿੰਡ 'ਚ ਗੁੱਡਾ ਬੰਨ੍ਹੀ ਫਿਰਦੀ ਐ। ਕਹਿੰਦੀ, ਅੱਡ ਹੋਣ ਵੇਲੇ ਤਾਂ ਦੋਵੇਂ ਤੀਵੀਂ-ਮਾਲਕ ਦੂੰਬ ਚੱਕੀ ਫਿਰਦੇ ਸੀ - ਜੈਦਾਤ ਜੋ ਵੰਡੌਣੀ ਸੀ, ਪਤਾ ਤਾਂ ਹੁਣ ਲਗੂ ਜਦੋਂ ਬਰਾਬਰ ਝੁੱਗਾ ਲਟੌਣਾ ਪਿਆ। ਦੇਖੂੰ ਨਾ ਹੁਣ ਕਿਹੜੇ ਤੱਗੇ ਕਰਾ ਕੇ ਲੈ ਜਾਂਦੇ ਐ। ਮੈਂ ਵੀ ਪਾਲੇ ਦੀ ਧੀ ਨ੍ਹੀਂ ਜੇ ਸੱਗੇ-ਰਤਿਆਂ 'ਚ ਇਨ੍ਹਾਂ ਦਾ ਸੂੰਡਕਾ ਨੀਵਾਂ ਨਾ ਕੀਤਾ ਤਾਂ, ਸਾਡੀ ਛਪਰੀ ਤੇ ਭਾਵੇਂ ਕੱਖ ਨਾ ਰਹੇ।

ਪਰ ਈਸਰ ਨੇ ਉਹਦੀ ਗੱਲ ਦਾ ਕੋਈ ਮੋੜ ਨਾ ਦਿੱਤਾ। ਕੁਝ ਤਾਂ ਸਾਰੇ ਦਿਨ ਦੇ ਥਕੇਵੇਂ ਨਾਲ ਉਹਦੇ ਹੱਡ ਚਸਕੀ ਜਾਂਦੇ ਸਨ, ਉਤੋਂ ਕੌੜੀਆਂ-ਕੁਸੈਲੀਆਂ ਸੁਣ ਕੇ ਚਿੱਤ ਹੋਰ ਭੈੜਾ ਪੈ ਗਿਆ।

ਇਹ ਤਾਂ ਹੂਲ੍ਹਾ ਫੱਕਣਾ ਈ ਪਊ, ਮੁਨੋ ਨੇ ਗੱਲ ਉਸ ਪਾਸੇ ਮੋੜ ਲਈ।

ਜੇ ਮਾੜਾ ਮੋਟਾ ਵੀ ਹੱਥ ਘੁੱਟ ਲਿਆ ਤਾਂ ਏਸ ਕਲ-ਮੂੰਹੀਂ ਨੇ ਸਾਰੀ ਉਮਰ ਮੈਨੂੰ ਨ੍ਹੈਣ ਕੇ ਮਾਰ ਦੇਣੈਂ। ਕੌਲ੍ਹੇ ਨਾਲ ਚੁਲ੍ਹੈ, ਚੱਤੋ ਪਹਿਰ ਆਰਾਂ ਲਾਇਆ ਕਰੂ। ਓਧਰੋਂ ਤੇਰੀ ਭੈਣ ਵਨੀਓਂ ਵੀ ਡਰ ਲੱਗਦੈ। ਕੁਸ਼ ਉਹਦਾ ਸਭਾ ਖਰ੍ਹਵੈ, ਕੁਸ਼ ਇਹੋ ਜਿਹਾਂ ਦੀ ਸਿਖੀ-ਸਖਾਈ ਉਹ ਹੋਰ ਦੀਆਂ ਹੋਰ ਬਣਾ ਲੂ। ਉਹਨੇ ਆਖਣੈਂ, ਚਾਰ ਛਿਲੜ ਲੌਣ ਦੇ ਮਾਰੇ ਘੇਸਲ ਵਟ ਗਏ। ਊਂ ਵੀ ਪਹਿਲਾ ਸਾਹੈ। ਲੈਣ-ਦੇਣ ਜੱਗ ਤੇ ਬਣਿਆ ਆਇਐ। ਜਿਨ੍ਹਾਂ ਦੇ ਡੰਗ ਨੀਂ ਪਕਦੀ ਏਹੋ ਜੇ ਮੌਕੇ ਤਾਂ ਉਹ ਵੀ ਭੈਣ-ਭਰਾਵਾਂ ਤੋਂ ਮਗਰ ਨੀਂ ਰਹਿੰਦੇ।

ਮੁਨੋ ਕਿੰਨਾ ਚਿਰ ਬੋਲਦੀ ਰਹੀ। ਈਸਰ ਚੁੱਪ ਕੀਤਾ ਸੁਣਦਾ ਰਿਹਾ। ਉਹਨੂੰ ਕਿਸੇ ਗੱਲ ਦਾ ਜੁਆਬ ਨਹੀਂ ਸੀ ਔੜ੍ਹ ਰਿਹਾ। ਉਹ ਸੋਚੀਂ ਪਿਆ, ਸਿਰ ਫੜੀ ਖੁਰਲੀ ਉਤੇ ਬੈਠਾ ਰਿਹਾ।

ਮੁਨੋ ਤੋਂ ਘਰ ਦੀ ਹਾਲਤ ਗੁੱਝੀ ਨਹੀਂ ਸੀ। ਭਰਾ ਨਾਲੋਂ ਅੱਡ ਹੋਣ ਵੇਲੇ, ਈਸਰ ਦੇ ਵਿਆਹ ਲਈ ਲਏ ਕਰਜ਼ੇ ਉਤੇ, ਉਹਦਾ ਗੂਠਾ ਲੁਆ ਕੇ ਫੇਰ ਈਸਰ ਦੀ ਭਰਜਾਈ ਨੇ ਭਾਂਡੇ ਚੁੱਕਣ ਦਿੱਤੇ ਸਨ। ਪੈਲੀ ਵੀ ਅੱਧਿਓਂ ਬਹੁਤੀ ਮਾਰੂ ਦਿੱਤੀ ਸੀ। ਉਤੋਂ ਕਰਜ਼ਾ ਹੋਰ ਵਧੀ ਜਾਂਦਾ ਸੀ। ਏਸੇ ਕਰਕੇ ਹੋਰ ਕੋਈ ਵਾਧੂ ਖਰਚ ਸਹੇੜਨਾ ਉਹਨੂੰ ਅੱਡੀਆਂ ਚੁੱਕ ਕੇ ਫਾਹਾ ਲੈਣ ਵਾਲੀ ਗੱਲ ਲੱਗਦੀ ਸੀ। ਮੁਨੋ ਵੀ ਚਿੱਤੋਂ ਉਹਨੂੰ ਦੁਖੀ ਕਰਕੇ ਰਾਜ਼ੀ ਨਹੀਂ ਸੀ ਪਰ ਜਦੋਂ ਜਠਾਣੀ ਦੇ ਤਾਹਨੇ-ਮਿਹਣੇ ਸੁਣਦੀ ਤਾਂ ਉਹਦੀ ਕੋਈ ਵਾਹ ਨਾ ਜਾਂਦੀ। ਜੱਗ ਭਾਵੇਂ ਕਿਸੇ ਨਹੀਂ ਜਿੱਤਿਆ ਪਰ ਨਮੋਸ਼ੀ ਝੱਲਣੀ ਵੀ ਕਿਹੜਾ ਸੌਖੀ ਸੀ।



ਚੰਗਾ ਫੇਰ ਐਂ ਕਰ, ਈਸਰ ਨੂੰ ਢਿੱਲਾ ਵੇਖ ਕੇ, ਮੁਨੋ ਨੇ ਕੁਝ ਸੋਚ ਕੇ ਕਿਹਾ: ਤੂੰ ਮੁੰਡੇ ਦੇ ਕੱਪੜੇ-ਲੀੜੇ ਬਣਵਾ ਲਿਆ, ਹੋਰ ਸਾਰਾ ਮੈਂ ਆਪੇ ਸਾਰ ਲਊਂ।ਆਪੇ ਸਾਰ ਲਏਂਗੀ ? ਈਸਰ ਨੇ ਹੈਰਾਨੀ ਨਾਲ ਉਹਦੇ ਮੂੰਹ ਵੱਲ ਝਾਕਦਿਆਂ ਕਿਹਾ।

ਆਹੋ, ਮੈਂ ਆਪੇ ਸਾਰ ਲਊਂ। ਕੁਝ ਮਾਣ ਜਿਹੇ ਨਾਲ ਮੁਨੋ ਨੇ ਅੱਗੋਂ ਜੁਆਬ ਦਿੱਤਾ ਤੇ ਉਠ ਕੇ ਆਪਣੇ ਕੰਮ ਜਾ ਲੱਗੀ।

ਈਸਰ ਏਸ ਗੁੱਝੀ ਗੱਲ ਬਾਰੇ ਖਾਸਾ ਚਿਰ ਸੋਚਦਾ ਰਿਹਾ ਪਰ ਉਹਨੂੰ ਕੋਈ ਸਮਝ ਨਾ ਆਈ। ਅਗਲੇ ਦਿਨ ਈਸਰ ਨੇ ਮੰਡੀਓਂ ਬੀ ਲੈਣ ਜਾਣਾ ਸੀ। ਜਦੋਂ ਉਹ ਤੁਰਨ ਲੱਗਿਆ ਤਾਂ ਮੁਨੋ ਨੇ ਉਹਨੂੰ ਅੰਦਰ ਸੱਦ ਲਿਆ। ਸੰਦੂਕ ਕੋਲ ਜਾ ਕੇ ਨਵੇਂ ਫੈਸ਼ਨ ਦੇ ਕਾਂਟੇ ਕਰਾ ਲਿਆਈਂ, ਜਿਹੋ ਜਿਹੇ ਹਰੋ ਨੇ ਬਹੂ ਵਾਸਤੇ ਕਰਾਏ ਸੀ। ਬਹੂ ਦਾ ਤਿਓਰ ਮੈਂ ਆਪੇ ਘਰੋਂ ਜੋੜ ਲਊਂ।

ਈਸਰ ਨੂੰ ਜਿਵੇਂ ਸਕਤਾ ਮਾਰ ਗਿਆ। ਉਹ ਖਾਸਾ ਚਿਰ ਕਦੇ ਸੱਗੀ ਵੱਲ ਤੇ ਕਦੇ ਮੁਨੋ ਦੀਆਂ ਅੱਖਾਂ ਵੱਲ ਝਾਕਦਾ ਰਿਹਾ।

ਝਾਕਦਾ ਕੀ ਐਂ ਏਸ ਗੱਲ ਦੀ ਕਾਹਦੀ ਨਮੋਸ਼ੀ ਐ, ਮੁਨੋ ਨੇ ਸੱਗੀ ਈਸਰ ਦੇ ਖੀਸੇ ਵਿੱਚ ਪਾਂਦਿਆਂ ਕਿਹਾ, ਆਵਦੀ ਇੱਜਤ ਪਿੱਛੇ ਲੋਕ ਦੇਹਾਂ ਵੇਚ ਦਿੰਦੇ ਐ ਇਹ ਤਾਂ ਭੋਰਾ ਸਿਉਨੈਂ। ਜਿਉਂਦਾ ਰਹੇ ਮੇਰਾ ਸ਼ੇਰ, ਸਲੱਗ ਨਿਕਲਿਆ ਤਾਂ ਸੱਗੀਆਂ ਹੋਰ ਬਥੇਰੀਆਂ। ਇਹ ਕਹਿੰਦਿਆਂ ਉਹਨੇ, ਵਿਹੜੇ ਵਿੱਚ ਗਡ੍ਹੀਰਾ ਰੇੜ੍ਹੀ ਫਿਰਦੇ ਮੱਖਣ ਵੱਲ ਤੱਕਿਆ ਤੇ ਉਹਦੀਆਂ ਅੱਖਾਂ ਲਿਸ਼ਕ ਪਈਆਂ।

ਈਸਰ ਨੀਵੀਂ ਪਾਈ ਖੜੋਤਾ ਰਿਹਾ। ਉਹਨੂੰ ਜਾਪਿਆ ਜਿਵੇਂ ਉਹਦੇ ਉਤੇ ਕੌਹੀ ਢਿੱਗ ਆ ਡਿੱਗੀ ਹੋਵੇ। ਉਹਦਾ ਸਾਹ ਘੁੱਟ ਰਿਹਾ ਸੀ। ਪਰ ਮੁਨੋ ਨੇ ਉਹਨੂੰ ਬਾਹੋਂ ਫੜ ਕੇ ਬਾਹਰ ਲੈ ਆਂਦਾ ਤੇ ਬੂਹੇ ਤਾਈਂ ਛੱਡ ਆਈ। ਈਸਰ ਜੱਕੋ-ਤੱਕੀ ਵਿੱਚ ਮੰਡੀ ਦੇ ਰਾਹ ਪੈ ਗਿਆ। ...ਤੇ ਫੇਰ ਜਿਦੇਂ ਨਾਨਕਾ-ਮੇਲ, ਈਸਰ ਦੀ ਭੈਣ ਦੇ ਸਹੁਰੀਂ ਆਇਆ ਓਦੋਂ ਮੁਨੋ ਧਰਤੀ ਤੋਂ ਹੱਥ-ਹੱਥ ਉਚੀ ਤੁਰ ਰਹੀ ਸੀ। ਉਹਦੇ ਨਵੇਂ ਫੈਸ਼ਨ ਦੇ ਕਾਂਟਿਆਂ ਤੇ ਸੁੱਚੇ ਤਿਉਰਾਂ ਦੀ ਈ ਚਰਚਾ ਅੰਗ-ਸਾਕ ਕਰ ਰਹੇ ਸਨ। ਉਹਦੀ ਜਠਾਣੀ ਤੋਂ, ਜਿਹੜੀ ਕਿਦੇਂ ਦੀ ਠੂਹੇਂ ਵਾਂਗ ਟੱਪਦੀ ਫਿਰਦੀ ਸੀ, ਮੱਖੀ ਨਹੀਂ ਸੀ ਉਡਦੀ, ਮੁਨੋ ਮੁੜ-ਮੁੜ ਆਪਣੀ ਜਠਾਣੀ ਵੱਲ ਝਾਕਦੀ ਪਰ ਉਹ ਅੱਗੋਂ ਅੱਖ ਉਚੀ ਨਹੀਂ ਸੀ ਕਰ ਸਕਦੀ। ਜੰਞ ਤੋਰ ਕੇ ਮੇਲਣਾਂ ਜਦੋਂ ਗਿੱਧਾ ਪੌਣ ਲੱਗੀਆਂ ਤਾਂ ਮੁਨੋ ਨੱਚਣ ਲਈ ਆਪੇ ਵਿਚਾਲੇ ਆ ਖੜੋਤੀ - ਉਂਜ ਵੀ ਨਾਨਕੇ-ਮੇਲ ਵਿਚੋਂ, ਉਹ ਉਮਰੋਂ ਸਭ ਤੋਂ ਛੋਟੀ ਸੀ ਤੇ ਰੂਪ ਵੀ ਅੱਜ ਉਹਦੇ ਉਤੇ ਲੋਹੜੇ ਦਾ ਚੜ੍ਹਿਆ ਹੋਇਆ ਸੀ।

ਮੇਲਣਾਂ ਨੇ ਗਿੱਧਾ ਸ਼ੁਰੂ ਕੀਤਾ। ਅਕੇਰਾਂ ਤਾਂ ਮੁਨੋ ਦੀਆਂ ਗੱਲ੍ਹਾਂ ਸੰਗ ਨਾਲ, ਉਹਦੇ ਹਵਾ ਪਿਆਜੀ-ਸਿਰਕੇ ਵਰਗੀਆਂ ਹੋ ਗਈਆਂ। ਪਰ ਬਿੰਦ ਕੁ ਪਿੱਛੋਂ ਅੱਡੀ ਗਿੱਧੇ ਦੀ ਤਾਲ ਨਾਲ ਵੱਜਣ ਲੱਗ ਪਈ। ਸਾਰੇ ਅੰਗ ਪਾਰੇ ਵਾਂਗ ਥਰਕਣ ਲੱਗ ਪਏ। ਸਿਰਕੇ ਦੀਆਂ ਕੰਨੀਆਂ ਫੜ ਕੇ ਜਦੋਂ ਉਹਨੇ ਗੇੜਾ ਦਿੱਤਾ, ਲੱਕ ਸਪਣੀ ਵਾਂਗ ਸੱਤ ਵਲ ਖਾ ਗਿਆ। ਉਹਦੀਆਂ ਅੱਡੀਆਂ ਨਾਲ ਵਿਹੜੇ ਵਿੱਚ, ਪੰਜੇਬਾਂ ਦੇ ਘੁੰਗਰੂਆਂ ਵਾਂਗ ਜ਼ੰਜੀਰੀ ਉਲੀਕੀ ਗਈ ਸੀ। ਗਿੱਧਾ ਪੌਂਦਿਆਂ ਮੇਲਣਾਂ ਦੇ ਹੱਥ ਅੰਬ ਚੱਲੇ ਸਨ ਪਰ ਮੁਨੋ ਨੂੰ ਸਗੋਂ ਹੋਰ ਖ਼ੁਮਾਰੀ ਚੜ੍ਹਦੀ ਜਾਂਦੀ ਸੀ। ਗਲੀ ਵਿੱਚ ਪਿੰਡ ਦੇ ਗੱਭਰੂਆਂ ਦਾ ਖਾਸਾ ਕੱਠ ਹੋ ਗਿਆ ਸੀ। ਕਈ ਗਿੱਧੇ ਦੀ ਲੋਰ ਵਿੱਚ ਆਏ ਮੇਲਣਾਂ ਦੇ ਹੋਰ ਨੇੜੇ ਹੁੰਦੇ ਜਾਂਦੇ ਸਨ।

ਮਿਤਰ ਰੰਨ ਦੀਆਂ ਅੱਖਾਂ ਵੇਖ ਕਿਵੇਂ ਨਗਾਂ ਆਂਗੂੰ ਦਗਦੀ ਐਂ।

ਗਿੱਧੇ ਵਾਲੀਆਂ ਦੇ ਨੇੜੇ ਆਏ ਦੋ ਗੱਭਰੂਆਂ ਵਿਚੋਂ ਇੱਕ ਨੇ ਨਾਲ ਦੇ ਨੂੰ ਕਿਹਾ।

ਕੀ ਪੁੱਛਦੈਂ। ਦੂਜੇ ਨੇ ਮਸਤੀ ਨਾਲ ਜੁਆਬ ਦਿੱਤਾ। ਪਰ ਜੇ ਕਿਤੇ ਉਚਾ ਸਿਰ ਕਰਕੇ ਸੱਗੀ ਪਾਈ ਹੁੰਦੀ ਤਾਂ ਮ੍ਹਾਤੜ ਛੜਿਆਂ ਦੇ ਆਹੁ ਕਿਹੜਾ ਨਾ ਲਾਹ ਦਿੰਦੀ।

ਗੱਲ ਤਾਂ ਤੇਰੀ ਪੱਕੀ ਐ, ਪਹਿਲੇ ਨੇ ਉਹਦੀ ਗੱਲ ਦਾ ਹੁੰਗਾਰਾ ਭਰਿਆ,

ਕੱਲੇ ਫੁੱਲ ਤਾਂ ਉਈਂ ਵਛੂਰ ਦੇ ਸਿੰਗਾਂ ਆਂਗੂੰ ਲੱਗਦੇ ਐਂ। ਪਰ ਊਂ ਰੱਬ ਨੇ ਰੂਪ ਦੇਣ ਵੇਲੇ ਭੋਰਾ ਸੂਮਪੁਣਾ ਨੀਂ ਕੀਤਾ- ਜਿਵੇਂ ਕਿਤੇ ਵਿਹਲੇ ਬਹਿ ਕੇ ਘੜੀ ਹੁੰਦੀ ਐ ਕਿਤੇ ਤਥਾ ਨੀਂ ਛੱਡੀ, ਜਮਾਂ ਇੰਦਰ ਦੇ ਖਾੜੇ ਦੀ ਪਰੀ ਲੱਗਦੀ ਐ।

ਗਿੱਧਾ ਮੱਠਾ ਪੈਂਦਾ ਪੈਂਦਾ ਬੰਦ ਹੋ ਗਿਆ। ਕੋਈ ਮੇਲਣ ਬੋਲੀ ਪਾਣ ਲੱਗੀ ਸੀ। ਬੋਲੀ ਦੇ ਤੋੜੇ ਨਾਲ ਗਿੱਧੇ ਦੀ ਧਮਕਾਰ ਫੇਰ ਪੈਣ ਲੱਗੀ ਪਰ ਹੁਣ ਮੁਨੋ ਦੀ ਅੱਡੀ ਦਾ ਤਾਲ ਥਿੜਕਣ ਲੱਗ ਪਿਆ ਸੀ, ਸਾਰੇ ਅੰਗ ਜਿਵੇਂ ਸਿੱਲ-ਪੱਥਰ ਹੁੰਦੇ ਜਾਂਦੇ ਸਨ, ਮੂੰਹ 'ਤੇ ਪਿਲੱਤਣ ਆ ਗਈ-ਉਹਦੇ ਥਿੜਕਦੇ ਪੈਰਾਂ ਨਾਲ ਗਿੱਧੇ ਦੀ ਤਾਲ ਵੀ ਉਖੜਨ ਲੱਗ ਪਈ। ਗਿੱਧਾ ਬੰਦ ਹੋ ਗਿਆ, ਮੁਨੋ ਸੱਜੇ ਪੈਰ ਦਾ ਗਿੱਟਾ ਫੜ ਕੇ ਬਹਿ ਗਈ।

ਕੁੜੇ ਕੀ ਹੋਇਆ ? ਸਾਰੀਆਂ ਨੇ ਹੈਰਾਨੀ ਨਾਲ ਇੱਕੋ ਵਾਰੀ ਪੁੱਛਿਆ।

ਗਿੱਟੇ ਨੂੰ ਮੋਚ ਆ ਗਈ। ਮੁਨੋ ਨੇ ਮਲਵੀਂ ਜੀਭ ਨਾਲ ਜੁਆਬ ਦਿੱਤਾ।

ਪਰ ਸਿਆਣੀਆਂ ਤਾੜ ਗਈਆਂ, ਮੋਚ ਉਹਦੇ ਕਿਤੇ ਹੋਰ ਆਈ ਸੀ।

ਮੇਲਣ ਨੂੰ ਤਾਂ ਜੁੱਟਾ ਨਜ਼ਰ ਲੱਗ ਗਈ। ਉਨ੍ਹਾਂ ਦੋਹਾਂ ਗੱਭਰੂਆਂ ਵਿਚੋਂ ਇੱਕ ਨੇ ਕਿਹਾ, ਤੇ ਚੁੱਪ ਕਰਕੇ ਤੁਰ ਗਏ।

(ਸੱਗੀ-ਫੁੱਲ ਵਿਚੋਂ)

---

ਮਿੰਨੀ ਕਹਾਣੀ

## ਦੂਜਾ ਮੌਕਾ

ਹਰਜੀਤ ਦਫ਼ਤਰ ਆਉਣ ਲੱਗਿਆਂ ਥੋੜ੍ਹਾ ਲੇਟ ਹੋ ਗਿਆ। ਕਾਹਲੀ-ਕਾਹਲੀ 'ਚ ਉਹ ਸਟਾਫ਼ ਗੇਟ ਦੀ ਬਜਾਏ ਵੀ.ਆਈ.ਪੀ. ਗੇਟ ਵਾਲੇ ਪਾਸੇ ਚਲਿਆ ਗਿਆ ਜਿੱਥੇ ਸੁਰੱਖਿਆ ਕਰਮੀ ਨੇ ਉਸ ਨੂੰ ਰੋਕ ਲਿਆ। ਹਰਜੀਤ ਨੇ ਆਪਣਾ ਸ਼ਨਾਖਤੀ ਕਾਰਡ ਦਿਖਾਉਂਦਿਆਂ ਲੇਟ ਹੋਣ ਦਾ ਵਾਸਤਾ ਪਾਇਆ ਪਰ ਸੁਰੱਖਿਆ ਕਰਮੀ ਨੇ ਅੰਦਰ ਦਾਖਲ ਨਾ ਹੋਣ ਦਿੱਤਾ। ਹਰਜੀਤ ਨੇ ਥੋੜ੍ਹੀ ਧੌਂਸ ਦਿਖਾਈ ਜਿਸ ਕਾਰਨ ਸੁਰੱਖਿਆ ਕਰਮੀ ਵੀ ਖਾਸਾ ਬਹਿਸ ਪਿਆ। ਸੁਵੱਖਤੇ ਹੀ ਹੋਈ ਇਸ ਤਕਰਾਰ ਕਾਰਨ ਹਰਜੀਤ ਦਾ ਦਿਲੋ-ਦਿਮਾਗ਼ ਗੁੱਸੇ ਨਾਲ ਭਰ ਗਿਆ। ਦਫ਼ਤਰ ਉਸ ਨੂੰ ਆਮ ਗੇਟ ਤੋਂ ਹੀ ਆਉਣਾ ਪਿਆ। ਲੇਟ ਹੋਣ ਦੀ ਸ਼ਰਮਿੰਦਗੀ ਅਲਹਿਦਾ। ਇਸ ਘਟਨਾ ਨੇ ਸਾਰਾ ਦਿਨ ਹਰਜੀਤ ਨੂੰ ਵਿਚਲਿਤ ਕਰੀ ਰੱਖਿਆ। ਉਸ ਦਾ ਮਨ ਟਿਕ ਨਹੀਂ ਸੀ ਰਿਹਾ। ਕੁਝ ਸਮਾਂ ਅੱਖਾਂ ਬੰਦ ਕਰਕੇ ਆਪਣੇ ਦਿਲ 'ਤੇ ਹੱਥ ਧਰ ਜਦੋਂ ਸਹਿਜ ਨਾਲ ਸੋਚਿਆ ਤਾਂ ਉਸ ਨੂੰ ਮਹਿਸੂਸ ਹੋਇਆ ਕਿ ਗ਼ਲਤੀ ਉਸ ਦੀ ਹੀ ਸੀ। ਅਖੀਰ ਹਰਜੀਤ ਨੇ ਸੁਰੱਖਿਆ ਕਰਮੀ ਤੋਂ ਮੁਆਫ਼ੀ ਮੰਗ ਕੇ ਆਪਣੇ ਮਨ ਦਾ ਭਾਰ ਹੌਲਾ ਕਰਨ ਦਾ ਫ਼ੈਸਲਾ ਕੀਤਾ। ਮੁਆਫ਼ੀ ਮੰਗਣ ਦੇ ਅਹਿਸਾਸ ਨਾਲ ਹੀ ਉਸ ਦੇ ਦਿਲ ਨੂੰ ਥੋੜ੍ਹਾ ਚੈਨ ਆਇਆ। ਦਫ਼ਤਰੋਂ ਛੁੱਟੀ ਹੋਣ 'ਤੇ ਉਹ ਸਿੱਧਾ ਵੀ.ਆਈ.ਪੀ. ਗੇਟ 'ਤੇ ਪਹੁੰਚਿਆ ਪਰ ਉਦੋਂ ਤੱਕ ਸੁਰੱਖਿਆ ਕਰਮੀ ਬਦਲ ਚੁੱਕਿਆ ਸੀ। ਪੁੱਛਣ 'ਤੇ ਪਤਾ ਲੱਗਿਆ ਕਿ ਉਸ ਦੀ ਬਦਲੀ ਕਿਤੇ ਦੂਰ ਦੁਰਾਡੇ ਹੋ ਗਈ ਹੈ। ਮੁਆਫ਼ੀ ਮੰਗਣ ਵਾਲੀ ਗੱਲ ਹਰਜੀਤ ਦੇ ਮਨ ਵਿੱਚ ਹੀ ਰਹਿ ਗਈ। ਘਰ ਨੂੰ ਪਰਤਦਿਆਂ ਉਸ ਦੇ ਮਨ 'ਚ ਇਹੀ ਵਿਚਾਰ ਘੁੰਮ ਰਿਹਾ ਸੀ ਕਿ ਸਾਨੂੰ ਬੜੀ ਸੋਚ ਸਮਝ ਕੇ ਵਿਹਾਰ ਕਰਨਾ ਚਾਹੀਦਾ ਹੈ ਕਿਉਂਕਿ ਜ਼ਿੰਦਗੀ 'ਚ ਦੂਜਾ ਮੌਕਾ ਨਹੀਂ ਮਿਲਦਾ।

**ਹਰਪ੍ਰੀਤ ਸਿੰਘ ਸਵੈਚ** (8782-24000)

***

---

# ਪੰਚਤੰਤਰ ਬਾਲ ਕਹਾਣੀਆਂ

## ਕਾਂ, ਬਾਜ ਤੇ ਖਰਗੋਸ਼

ਇੱਕ ਵਾਰ ਇੱਕ ਪਹਾੜ ਦੀ ਉੱਚੀ ਚੋਟੀ ਉੱਤੇ ਇੱਕ ਬਾਜ ਰਹਿੰਦਾ ਸੀ । ਉਸੇ ਪਹਾੜ ਦੇ ਪੈਰਾਂ ਵਿੱਚ ਬੋਹੜ ਦੇ ਰੁੱਖ ਉੱਤੇ ਇੱਕ ਕਾਂ ਦਾ ਆਲ੍ਹਣਾ ਸੀ । ਉਹ ਬੜਾ ਚਲਾਕ ਅਤੇ ਮੱਕਾਰ ਸੀ । ਉਹ ਹਮੇਸ਼ਾ ਇਹੀ ਸੋਚਦਾ ਰਹਿੰਦਾ ਕਿ ਬਿਨਾਂ ਮਿਹਨਤ ਕੀਤੇ ਵਧੀਆ ਖਾਣ ਨੂੰ ਮਿਲ ਜਾਵੇ । ਰੁੱਖ ਦੇ ਕੋਲ ਗੁਫ਼ਾ ਵਿੱਚ ਖਰਗੋਸ਼ ਰਹਿੰਦੇ ਸਨ । ਜਦੋਂ ਵੀ ਖਰਗੋਸ਼ ਬਾਹਰ ਆਉਂਦੇ ਤਾਂ ਬਾਜ ਉੱਚੀ ਉਡਾਣ ਭਰਦੇ ਅਤੇ ਕਿਸੇ ਨਾ ਕਿਸੇ ਖਰਗੋਸ਼ ਨੂੰ ਆਪਣੇ ਪੰਜਿਆਂ ਵਿੱਚ ਚੁੱਕ ਕੇ ਲੈ ਜਾਂਦੇ ।

ਇੱਕ ਦਿਨ ਕਾਂ ਨੇ ਸੋਚਿਆ, ਉਂਜ ਤਾਂ ਇਹ ਚਲਾਕ ਖਰਗੋਸ਼ ਮੇਰੇ ਹੱਥ ਨਹੀਂ ਆਉਣ ਲੱਗੇ, ਇਨ੍ਹਾਂ ਦਾ ਨਰਮ ਮਾਸ ਖਾਣ ਲਈ ਮੈਨੂੰ ਵੀ ਬਾਜ ਵਾਂਗ ਕਰਨਾ ਪਵੇਗਾ । ਮੈਂ ਵੀ ਅਚਾਨਕ ਝਪੱਟਾ ਮਾਰਕੇ ਇਨ੍ਹਾਂ ਨੂੰ ਫੜ ਲਵਾਂਗਾ।

ਦੂਜੇ ਦਿਨ ਕਾਂ ਨੇ ਵੀ ਇੱਕ ਖਰਗੋਸ਼ ਨੂੰ ਫੜਨ ਦੀ ਗੱਲ ਸੋਚਕੇ ਉੱਚੀ ਉੜਾਨ ਭਰੀ । ਫਿਰ ਉਹਨੇ ਖਰਗੋਸ਼ ਨੂੰ ਫੜਨ ਲਈ ਬਾਜ ਦੀ ਤਰ੍ਹਾਂ ਜ਼ੋਰ ਨਾਲ ਉਪਰੋਂ ਝਪੱਟਾ ਮਾਰਿਆ । ਭਲਾ ਕਾਂ ਤੇ ਬਾਜ ਦਾ ਕੀ ਮੁਕਾਬਲਾ ? ਖਰਗੋਸ਼ ਨੇ ਕਾਂ ਨੂੰ ਵੇਖ ਲਿਆ ਅਤੇ ਉਸੇ ਵੇਲੇ ਭੱਜਕੇ ਚੱਟਾਨ ਦੇ ਪਿੱਛੇ ਲੁੱਕ ਗਿਆ । ਕਾਂ ਪੂਰੇ ਜ਼ੋਰ ਨਾਲ ਚੱਟਾਨ ਵਿੱਚ ਜਾ ਵੱਜਿਆ । ਚੱਟਾਨ ਨਾਲ ਵਜਦਿਆਂ ਸਾਰ ਹੀ ਉਹਦੀ ਚੁੰਜ ਅਤੇ ਗਰਦਨ ਟੁੱਟ ਗਈਆਂ ਅਤੇ ਉਹ ਉਥੇ ਹੀ ਤੜਫ਼ ਤੜਫ਼ ਕੇ ਮਰ ਗਿਆ ।

ਸਿੱਖਿਆ-ਨਕਲ ਕਰੋ ਪਰ ਅਕਲ ਨਾਲ ।

***

## ਇੱਕ ਤੇ ਇੱਕ ਗਿਆਰਾਂ

ਇੱਕ ਵਾਰ ਦੀ ਗੱਲ ਹੈ ਕਿ ਬਨਗਿਰੀ ਦੇ ਘਣੇ ਜੰਗਲ ਵਿੱਚ ਇੱਕ ਮਸਤ ਹਾਥੀ ਨੇ ਭਾਰੀ ਉਤਪਾਤ ਮਚਾ ਰੱਖਿਆ ਸੀ। ਉਹ ਆਪਣੀ ਤਾਕਤ ਦੇ ਨਸ਼ੇ ਵਿੱਚ ਚੂਰ ਹੋਣ ਕਰਕੇ ਕਿਸੇ ਨੂੰ ਕੁੱਝ ਨਹੀਂ ਸਮਝਦਾ ਸੀ।

ਬਨਗਿਰੀ ਵਿੱਚ ਹੀ ਇੱਕ ਰੁੱਖ ਤੇ ਇੱਕ ਚਿੜੀ ਅਤੇ ਚਿੜੇ ਦਾ ਛੋਟਾ ਜਿਹਾ ਸੁਖੀ ਸੰਸਾਰ ਸੀ । ਚਿੜੀ ਆਂਡਿਆਂ ਤੇ ਬੈਠੀ ਨਨ੍ਹੇਂ-ਨਨ੍ਹੇਂ ਪਿਆਰੇ ਬੱਚਿਆਂ ਦੇ ਨਿਕਲਣ ਦੇ ਸੁਨਹਰੇ ਸੁਪਨੇ ਵੇਖਦੀ ਰਹਿੰਦੀ । ਇੱਕ ਦਿਨ ਕਰੂਰ ਹਾਥੀ ਗਰਜਦਾ, ਚਿੰਘਾੜਤਾ ਰੁੱਖ ਤੋੜਦਾ-ਮਰੋੜਦਾ ਉਸੇ ਪਾਸੇ ਆ ਨਿਕਲਿਆ। ਵੇਖਦੇ ਹੀ ਵੇਖਦੇ ਉਸਨੇ ਚਿੜੀ ਦੇ ਆਲ੍ਹਣੇ ਵਾਲਾ ਰੁੱਖ ਵੀ ਤੋੜ ਦਿੱਤਾ । ਆਲ੍ਹਣਾ ਹੇਠਾਂ ਆ ਡਿਗਿਆ। ਆਂਡੇ ਟੁੱਟ ਗਏ ਅਤੇ ਉੱਤੋਂ ਹਾਥੀ ਦਾ ਪੈਰ ਉਸ 'ਤੇ ਪੈ ਗਿਆ ।

ਚਿੜੀ ਅਤੇ ਚਿੜਾ ਚੀਕਣ ਚੀਖਣ ਦੇ ਸਿਵਾ ਹੋਰ ਕੁੱਝ ਨਹੀਂ ਕਰ ਸਕੇ । ਹਾਥੀ ਦੇ ਜਾਣ ਬਾਅਦ ਚਿੜੀ ਛਾਤੀ ਪਿੱਟ-ਪਿੱਟ ਕੇ ਰੋਣ ਲੱਗੀ । ਉਦੋਂ ਉੱਥੇ ਕਠਫੋੜਵੀ ਆਈ । ਉਹ ਚਿੜੀ ਦੀ ਚੰਗੀ ਮਿੱਤਰ ਸੀ । ਕਠਫੋੜਵੀ ਨੇ ਉਨ੍ਹਾਂ ਦੇ ਰੋਣ ਦਾ ਕਾਰਨ ਪੁੱਛਿਆ ਤਾਂ ਚਿੜੀ ਨੇ ਆਪਣੀ ਸਾਰੀ ਕਹਾਣੀ ਕਹਿ ਸੁਣਾਈ । ਕਠਫੋੜਵੀ ਬੋਲੀ ਇਸ ਪ੍ਰਕਾਰ ਗਮ ਵਿੱਚ ਡੁੱਬੇ ਰਹਿਣ ਨਾਲ ਕੁੱਝ ਨਹੀਂ ਹੋਵੇਗਾ । ਉਸ ਹਾਥੀ ਨੂੰ ਸਬਕ ਸਿਖਾਉਣ ਲਈ ਸਾਨੂੰ ਕੁਝ ਕਰਨਾ ਹੋਵੇਗਾ ।

ਚਿੜੀ ਨੇ ਨਿਰਾਸ਼ਾ ਨਾਲ ਕਿਹਾ, ਅਸੀਂ ਛੋਟੇ - ਮੋਟੇ ਜੀਵ ਉਸ ਬਲਵਾਨ ਹਾਥੀ ਨਾਲ ਕਿਵੇਂ ਟੱਕਰ ਲੈ ਸਕਦੇ ਹਾਂ ? ਕਠਫੋੜਵੀ ਨੇ ਸਮਝਾਇਆ ਇੱਕ ਤੇ ਇੱਕ ਮਿਲਕੇ ਗਿਆਰਾਂ ਬਣਦੇ ਹਨ । ਅਸੀਂ ਆਪਣੀਆਂ ਸ਼ਕਤੀਆਂ ਜੋੜਾਂਗੇ ।

ਕਿਵੇਂ ? ਚਿੜੀ ਨੇ ਪੁੱਛਿਆ ।

ਮੇਰਾ ਇੱਕ ਮਿੱਤਰ ਵੀਂਆਖ ਨਾਮਕ ਭੌਰਾ ਹੈ । ਸਾਨੂੰ ਉਸ ਤੋਂ ਸਲਾਹ ਲੈਣੀ ਚਾਹੀਦੀ ਹੈ। ਚਿੜੀ ਅਤੇ ਕਠਫੋੜਵੀ ਭੌਰੇ ਨੂੰ ਮਿਲੀਆਂ । ਭੌਰਾ ਗੁਣਗੁਣਾਇਆ ਇਹ ਤਾਂ ਬਹੁਤ ਭੈੜਾ ਹੋਇਆ । ਮੇਰੇ ਇੱਕ ਡੱਡੂ ਮਿੱਤਰ ਹਨ ਆਓ, ਉਸ ਤੋਂ ਸਹਾਇਤਾ ਮੰਗੀਏ ।

ਹੁਣ ਤਿੰਨੋਂ ਉਸ ਸਰੋਵਰ ਦੇ ਕਿਨਾਰੇ ਪੁੱਜੇ, ਜਿੱਥੇ ਉਹ ਡੱਡੂ ਰਹਿੰਦਾ ਸੀ । ਭੰਵਰੇ ਨੇ ਸਾਰੀ ਸਮੱਸਿਆ ਦੱਸੀ । ਡੱਡੂ ਭੱਰਾਈ ਆਵਾਜ਼ ਵਿੱਚ ਬੋਲਿਆ ਤੁਸੀ ਲੋਕ ਸਬਰ ਨਾਲ ਜਰਾ ਇੱਥੇ ਮੇਰੀ ਉਡੀਕ ਕਰੋ । ਮੈਂ ਡੂੰਘੇ ਪਾਣੀ ਵਿੱਚ ਬੈਠਕੇ ਸੋਚਦਾ ਹਾਂ ।

ਅਜਿਹਾ ਕਹਿਕੇ ਡੱਡੂ ਪਾਣੀ ਵਿੱਚ ਕੁੱਦ ਗਿਆ । ਅੱਧੇ ਘੰਟੇ ਬਾਅਦ ਉਹ ਪਾਣੀ ਤੋਂ ਬਾਹਰ ਆਇਆ ਤਾਂ ਉਸਦੀਆਂ ਅੱਖਾਂ ਚਮਕ ਰਹੀਆਂ ਸਨ । ਉਹ ਬੋਲਿਆ ਦੋਸਤੋ ! ਉਸ ਹਤਿਆਰੇ ਹਾਥੀ ਨੂੰ ਨਸ਼ਟ ਕਰਨ ਦੀ ਮੇਰੇ ਦਿਮਾਗ ਵਿੱਚ ਇੱਕ ਵੱਡੀ ਚੰਗੀ ਯੋਜਨਾ ਆਈ ਹੈ। ਉਸ ਵਿੱਚ ਸਾਰਿਆਂ ਦਾ ਯੋਗਦਾਨ ਹੋਵੇਗਾ ।

ਡੱਡੂ ਨੇ ਜਿਵੇਂ ਹੀ ਆਪਣੀ ਯੋਜਨਾ ਦੱਸੀ, ਸਭ ਖੁਸ਼ੀ ਨਾਲ ਉਛਲ ਪਏ । ਯੋਜਨਾ ਸਚਮੁੱਚ ਹੀ ਅਦਭੁਤ ਸੀ । ਡੱਡੂ ਨੇ ਦੁਬਾਰਾ ਵਾਰੀ-ਵਾਰੀ ਸਾਰਿਆਂ ਨੂੰ ਆਪਣਾ - ਆਪਣਾ ਰੋਲ ਸਮਝਾਇਆ ।

ਕੁੱਝ ਹੀ ਦੂਰ ਉਹ ਮਸਤ ਹਾਥੀ ਤੋੜ ਫੋੜ ਮਚਾ ਕੇ ਅਤੇ ਢਿੱਡ ਭਰਕੇ ਲਗਰਾਂ ਵਾਲੀਆਂ ਸ਼ਾਖਾਵਾਂ ਖਾਕੇ ਮਸਤੀ ਵਿੱਚ ਖੜਾ ਝੂਮ ਰਿਹਾ ਸੀ । ਪਹਿਲਾ ਕੰਮ ਭੰਵਰੇ ਦਾ ਸੀ । ਉਹ ਹਾਥੀ ਦੇ ਕੰਨਾਂ ਦੇ ਕੋਲ ਜਾ ਕੇ ਮਧੁਰ ਰਾਗ ਗੁੰਜਾਉਣ ਲਗਾ । ਰਾਗ ਸੁਣਕੇ ਹਾਥੀ ਮਸਤ ਹੋਕੇ ਅੱਖਾਂ ਬੰਦ ਕਰਕੇ ਝੂਮਣ ਲਗਾ ।

ਉਦੋਂ ਕਠਫੋੜਵੀ ਨੇ ਆਪਣਾ ਕੰਮ ਕਰ ਵਿਖਾਇਆ । ਉਹ ਆਈ ਅਤੇ ਆਪਣੀ ਸੂਈ ਵਰਗੀ ਨੁਕੀਲੀ ਚੁੰਝ ਨਾਲ ਉਸ ਨੇ ਤੇਜੀ ਨਾਲ ਹਾਥੀ ਦੀਆਂ ਦੋਵੇਂ ਅੱਖਾਂ ਵਿੰਨ੍ਹ ਦਿੱਤੀਆਂ । ਹਾਥੀ ਦੀਆਂ ਅੱਖਾਂ ਫੁੱਟ ਗਈਆਂ । ਉਹ ਤੜਪਦਾ ਹੋਇਆ ਅੰਨ੍ਹਾ ਹੋਕੇ ਏਧਰ - ਉੱਧਰ ਭੱਜਣ ਲੱਗਾ ।

ਜਿਵੇਂ-ਜਿਵੇਂ ਸਮਾਂ ਗੁਜ਼ਰਦਾ ਜਾ ਰਿਹਾ ਸੀ, ਹਾਥੀ ਦਾ ਕ੍ਰੋਧ ਵਧਦਾ ਜਾ ਰਿਹਾ ਸੀ। ਅੱਖਾਂ ਤੋਂ ਨਜ਼ਰ ਨਾ ਆਉਣ ਦੇ ਕਾਰਨ ਠੋਕਰਾਂ ਅਤੇ ਟੱਕਰਾਂ ਨਾਲ ਸਰੀਰ ਜਖਮੀ ਹੁੰਦਾ ਜਾ ਰਿਹਾ ਸੀ । ਜਖ਼ਮ ਉਸਨੂੰ ਹੋਰ ਚੀਖਣ ਤੇ ਮਜਬੂਰ ਕਰ ਰਹੇ ਸਨ ।

ਚਿੜੀ ਧੰਨਵਾਦੀ ਆਵਾਜ਼ ਵਿੱਚ ਡੱਡੂ ਨੂੰ ਬੋਲੀ ਭਈਆ, ਮੈਂ ਜੀਵਨ ਭਰ ਤੁਹਾਡੀ ਅਹਿਸਾਨਮੰਦ ਰਹਾਂਗੀ। ਤੁਸੀਂ ਮੇਰੀ ਇੰਨੀ ਸਹਾਇਤਾ ਕਰ ਦਿੱਤੀ ।

ਡੱਡੂ ਨੇ ਕਿਹਾ ਭਾਰ ਮੰਨਣ ਦੀ ਲੋੜ ਨਹੀਂ । ਦੋਸਤ ਹੀ ਦੋਸਤਾਂ ਦੇ ਕੰਮ ਆਉਂਦੇ ਹਨ ।

ਇੱਕ ਤਾਂ ਅੱਖਾਂ ਵਿੱਚ ਜਲਨ ਅਤੇ ਉੱਤੋਂ ਚੀਖਦੇ - ਚਿੰਘਾੜਦੇ ਹਾਥੀ ਦਾ ਗਲਾ ਸੁੱਕ ਗਿਆ । ਉਸਨੂੰ ਤੇਜ ਪਿਆਸ ਲੱਗਣ ਲੱਗੀ । ਹੁਣ ਉਸਨੂੰ ਇੱਕ ਹੀ ਚੀਜ ਦੀ ਤਲਾਸ਼ ਸੀ, ਪਾਣੀ ।

ਡੱਡੂ ਨੇ ਆਪਣੇ ਬਹੁਤ ਸਾਰੇ ਭੈਣ-ਭਰਾਵਾਂ ਨੂੰ ਇਕੱਠਾ ਕੀਤਾ ਅਤੇ ਉਨ੍ਹਾਂ ਨੂੰ ਲੈ ਕੇ ਦੂਰ ਬਹੁਤ ਵੱਡੇ ਖੱਡੇ ਦੇ ਕਿਨਾਰੇ ਬੈਠ ਕੇ ਟੱਰਾਉਣ ਲਈ ਕਿਹਾ । ਸਾਰੇ ਡੱਡੂ ਟੱਰਾਉਣ ਲੱਗੇ ।

ਡੱਡੂਆਂ ਦੀ ਟੱਰਾਹਟ ਸੁਣਕੇ ਹਾਥੀ ਦੇ ਕੰਨ ਖੜ੍ਹੇ ਹੋ ਗਏ । ਉਹ ਇਹ ਜਾਣਦਾ ਸੀ ਕਿ ਡੱਡੂ ਪਾਣੀ ਦੇ ਚਸ਼ਮੇ ਦੇ ਨਜ਼ਦੀਕ ਹੀ ਰਿਹਾਇਸ਼ ਕਰਦੇ ਹਨ । ਉਹ ਉਸੇ ਦਿਸ਼ਾ ਵਿੱਚ ਚੱਲ ਪਿਆ ।

ਟੱਰਾਹਟ ਹੋਰ ਤੇਜ ਹੁੰਦੀ ਜਾ ਰਹੀ ਸੀ। ਪਿਆਸਾ ਹਾਥੀ ਹੋਰ ਤੇਜ ਭੱਜਣ ਲਗਾ ।

ਜਿਵੇਂ ਹੀ ਹਾਥੀ ਖੱਡੇ ਦੇ ਨੇੜੇ ਅੱਪੜਿਆ, ਡੱਡੂਆਂ ਨੇ ਪੂਰਾ ਜ਼ੋਰ ਲਾ ਕੇ ਟੱਰਾਉਣਾ ਸ਼ੁਰੂ ਕੀਤਾ। ਹਾਥੀ ਅੱਗੇ ਵਧਿਆ ਅਤੇ ਵਿਸ਼ਾਲ ਪੱਥਰ ਦੀ ਤਰ੍ਹਾਂ ਧੜੰਮ ਖੱਡੇ ਵਿੱਚ ਡਿੱਗ ਪਿਆ, ਜਿੱਥੇ ਉਸਦੇ ਪ੍ਰਾਣ-ਪੰਖੇਰੂ ਉੱਡਦਿਆਂ ਦੇਰ ਨਹੀਂ ਲੱਗੀ । ਇਸ ਪ੍ਰਕਾਰ ਉਸ ਹੈਂਕੜ ਵਿੱਚ ਡੁੱਬੇ ਹਾਥੀ ਦਾ ਅੰਤ ਹੋਇਆ ।

# ਮੇਰੀ ਕਲਮ



## ਪੌਣ
### ਅੰਮ੍ਰਿਤਾ ਪ੍ਰੀਤਮ

ਦਿਲ ਦੀ ਹਰ ਇਕ ਚਿਣਗ ਨੂੰ ਸੁਲਗਾ ਰਹੀ
ਅੱਜ ਪੌਣ ਮੇਰੇ ਸ਼ਹਿਰ ਦੀ ਕੇਹੋ ਜਹੀ !
ਸ਼ਾਇਦ ਤੇਰਾ ਸ਼ਹਿਰ ਛੋਹ ਕੇ ਆਈ ਹੈ ।

ਹਰ ਸਾਹ ਏਹਦੇ ਹੋਠਾਂ ਦਾ ਅੱਜ ਬੇਚੈਨ ਹੈ
ਅੱਜ ਹਰ ਮੁਹੱਬਤ ਗੁਜ਼ਰਦੀ ਜਿਸ ਰਾਹ ਤੋਂ
ਸ਼ਾਇਦ ਓਸੇ ਰਾਹ ਤੋਂ ਹੋ ਕੇ ਆਈ ਹੈ ।

ਅੱਜ ਜਾਪਦੀ ਹੈ ਸੱਖਣੀ ਕੁਝ ਇਸ ਤਰ੍ਹਾਂ
ਕੁਝ ਇਸ ਤਰ੍ਹਾਂ ਭਰਪੂਰ ਹੈ ਜੀਕਣ ਕੀਤੇ
ਇਹ ਫਿਰ ਤੇਰੇ ਬੂਹੇ ਖਲੋ ਕੇ ਆਈ ਹੈ ।

ਉਂਜ ਤਾਂ ਗੁਜ਼ਰੀ ਹੈ ਸਾਰੀ ਉਮਰ ਇਸ ਤਰ੍ਹਾਂ
ਪਰ ਜਾਪਦਾ ਹੈ ਅੱਜ ਜਿਵੇਂ ਮੇਰੀ ਤਰ੍ਹਾਂ
ਇਸ਼ਕ ਦੀ ਕੋਈ ਸਿਖ਼ਰ ਛੋਹ ਕੇ ਆਈ ਹੈ ।

ਇਹ ਵਕਤ ਦੀ ਹਰ ਤਪਸ਼ ਨੂੰ ਅਜ਼ਮਾ ਚੁਕੀ
ਹੁਣ ਇਸ ਤਰ੍ਹਾਂ ਨਿਢਾਲ ਹੈ ਜੀਕਣ ਕੀਤੇ
ਇੱਕਲੀ ਬੈਠ ਕੇ ਅੱਜ ਰੋ ਕੇ ਆਈ ਹੈ ।

ਦਿਲ ਦੀ ਹਰ ਇਕ ਚਿਣਗ ਨੂੰ ਸੁਲਗਾ ਰਹੀ
ਅੱਜ ਪੌਣ ਮੇਰੇ ਸ਼ਹਿਰ ਦੀ ਕੇਹੋ ਜਹੀ !
ਸ਼ਾਇਦ ਤੇਰਾ ਸ਼ਹਿਰ ਛੋਹ ਕੇ ਆਈ ਹੈ ।

## ਹੋਂਦ
### ਹਰਦੇਵ ਸਿੰਘ

ਇਕ ਤਾਂ ਪੀੜ ਨੁਮਾਇਸ਼ ਲਾਉਣੀ ਚੰਗੀ ਨਹੀਂ
ਦੂਜਾ ਰੂਹ ਦਾ ਜਖਮ ਵਿਖਾਇਆ ਨਹੀਂ ਜਾਂਦਾ
ਦੂਰ ਹੁੰਦਾ ਤਾਂ ਖਬਰੇ ਤੁਰ ਕੇ ਜਾ ਮਿਲਦੇ
ਏਨਾ ਕੋਲ ਹੈ ਸਜਣ ਪਾਇਆ ਨਹੀਂ ਜਾਂਦਾ।
ਗੈਬ ਨੂੰ ਛੱਡੋ ਦਿਸਦਾ ਜਗ ਵੀ ਸਰਲ ਨਹੀਂ
ਜਿੰਨਾਂ ਨਾਪੋ ਓਨਾ ਹੋਰ ਪਸਰ ਜਾਂਦੈ
ਕਦੀਂ ਤਾਂ ਸਾਹਿਤ ਦਰਸ਼ਨ ਜਾਪਣ ਫੁਲ ਵਾਂਙੂ
ਕਈ ਵਾਰੀ ਇਕ ਲਫ਼ਜ ਉਠਾਇਆ ਨਹੀਂ ਜਾਂਦਾ।
ਤੇਰੀ ਹੋਂਦ 'ਚ ਬਸ ਇੱਕ ਤੂੰ ਹੀ ਸ਼ਾਮਲ ਨਹੀਂ
ਖਬਰੇ ਕਿੰਨੇ ਗਗਨ ਪਤਾਲ ਨੇ ਸੰਗ ਤੇਰੇ
ਜੀਆਂ ਅੰਦਰ ਜੀਆਂ ਦੇ ਬ੍ਰਹਿਮੰਡ ਸਜੇ
ਇਹ ਗਣਤਾਂ ਦਾ ਜੋੜ ਮੁਕਾਇਆਂ ਨਹੀਂ ਜਾਂਦਾ।
ਆਦਿ ਘੜੀ ਦੇ ਪਹਿਲੇ ਖਿਨ ਤੋਂ ਆਖਰ ਤਕ
ਠੋਸ ਹਕੀਕਤ ਸਚ ਹੈ ਜਾਂ ਫਿਰ ਖਿਆਲ ਕੋਈ
ਸੁੱਤਿਆਂ ਸਭ ਜਾਗਤ ਸੰਸਾਰ ਵਿਸਰ ਜਾਂਦੈ
ਜਾਗਣ ਪਿਛੋਂ ਖਾਬ ਭੁਲਾਇਆ ਨਹੀਂ ਜਾਂਦਾ।

## ਮੈਂ ਪੰਜਾਬੀ, ਪੰਜਾਬ ਦੇ ਰਹਿਣ ਵਾਲਾ
### ਬਾਬੂ ਫ਼ੀਰੋਜ਼ਦੀਨ ਸ਼ਰਫ਼

ਮੈਂ ਪੰਜਾਬੀ, ਪੰਜਾਬ ਦੇ ਰਹਿਣ ਵਾਲਾ,
ਹਾਂ ਮੈਂ ਪੇਂਡੂ ਪਰ ਸ਼ਹਿਰੀਏ ਢੰਗ ਦਾ ਹਾਂ ।
ਸਮਝਾਂ ਫ਼ਾਰਸੀ, ਉਰਦੂ ਵੀ ਖ਼ੂਬ ਬੋਲਾਂ,
ਥੋੜੀ ਬਹੁਤ ਅੰਗਰੇਜੀ ਵੀ ਅੰਗਦਾ ਹਾਂ ।
ਬੋਲੀ ਆਪਣੀ ਨਾਲ ਪਿਆਰ ਰੱਖਾਂ,
ਇਹ ਗੱਲ ਆਖਣੋਂ ਕਦੀ ਨਾਂ ਸੰਗਦਾ ਹਾਂ ।
ਮੋਤੀ ਕਿਸੇ ਸੁਹਾਗਣ ਦੀ ਨੱਥ ਦਾ ਮੈਂ,
ਟੁਕੜਾ ਕਿਸੇ ਪੰਜਾਬਣ ਦੀ ਵੰਗ ਦਾ ਹਾਂ ।
ਮਿਲੇ ਮਾਣ ਪੰਜਾਬੀ ਨੂੰ ਦੇਸ ਅੰਦਰ,
ਆਸ਼ਕ ਮੁੱਢੋਂ ਮੈਂ ਏਸ ਉਮੰਗ ਦਾ ਹਾਂ ।
ਵਾਰਸ ਸ਼ਾਹ ਤੇ ਬੁੱਲ੍ਹੇ ਦੇ ਰੰਗ ਅੰਦਰ
ਡੋਬ-ਡੋਬ ਕੇ ਜਿੰਦਗੀ ਰੰਗਦਾ ਹਾਂ ।
ਰਵਾਂ ਇੱਥੇ ਤੇ ਯੂ. ਪੀ. ਵਿਚ ਕਰਾਂ ਗੱਲਾਂ,
ਐਸੀ ਅਕਲ ਨੂੰ ਛਿੱਕੇ ਤੇ ਟੰਗਦਾ ਹਾਂ ।
ਮੈਂ ਪੰਜਾਬੀ, ਪੰਜਾਬੀ ਦਾ ਸ਼ਰਫ਼ ਸੇਵਕ,
ਸਦਾ ਖੈਰ ਪੰਜਾਬੀ ਦੀ ਮੰਗਦਾ ਹਾਂ ।

## ਅੱਖਰਾਂ ਵਿੱਚ ਸਮੁੰਦਰ ਰੱਖਾਂ, ਮੈਂ ਇਕਬਾਲ ਪੰਜਾਬੀ ਦਾ
### ਬਾਬਾ ਨਜਮੀ

ਅੱਖਰਾਂ ਵਿੱਚ ਸਮੁੰਦਰ ਰੱਖਾਂ, ਮੈਂ ਇਕਬਾਲ ਪੰਜਾਬੀ ਦਾ ।
ਝੱਖੜਾਂ ਦੇ ਵਿੱਚ ਰੱਖ ਦਿੱਤਾ ਏ, ਦੀਵਾ ਬਾਲ ਪੰਜਾਬੀ ਦਾ ।

ਲੋਕੀ ਮੰਗ ਮੰਗਾ ਕੇ ਆਪਣਾ, ਬੋਹਲ ਬਣਾ ਕੇ ਬਹਿ ਗਏ ਨੇ;
ਅਸਾਂ ਤਾਂ ਮਿੱਟੀ ਕਰ ਦਿੱਤਾ ਏ, ਸੋਨਾ ਗਾਲ ਪੰਜਾਬੀ ਦਾ ।

ਜਿਹੜੇ ਆਖਣ ਵਿੱਚ ਪੰਜਾਬੀ, ਵੁਸਅਤ ਨਹੀਂ ਤਹਿਜ਼ੀਬ ਨਹੀਂ;
ਪੜ੍ਹ ਕੇ ਵੇਖਣ ਵਾਰਸ, ਬੁੱਲ੍ਹਾ, ਬਾਹੂ, ਲਾਲ ਪੰਜਾਬੀ ਦਾ ।

ਮਨ ਦਾ ਮਾਸ ਖਵਾ ਦੇਂਦਾ ਏ, ਜਿਹੜਾ ਏਹਨੂੰ ਪਿਆਰ ਕਰੇ;
ਕੋਈ ਵੀ ਜਬਰਨ ਕਰ ਨਹੀਂ ਸਕਦਾ, ਵਿੰਗਾ ਵਾਲ ਪੰਜਾਬੀ ਦਾ ।

## ਸਾਗਰ ਦੀ ਸੁਣੋ
### ਰਸੂਲ ਹਮਜ਼ਾਤੋਵ



ਸਾਗਰ ਆਪਣੀ ਗੱਲ ਕਹੇ ਤੁਸੀਂ ਧਾਰੀ ਮੌਨ ਰਹੋ
ਆਪਣੀਆਂ ਖੁਸ਼ੀਆਂ ਤੇ ਨਾ ਆਪਣੇ ਦਿਲ ਦਾ ਦਰਦ ਕਹੋ ।
ਉਹ ਮਹਾਂ ਕਵੀ ਦਾਂਤੇ ਵੀ ਉਸ ਰਾਤ ਮੂਕ ਸੀ ਰਹਿੰਦਾ,
ਕਿਤੇ ਪਾਸ ਜਦ ਉਹਦੇ ਨੀਲਾ ਸਾਗਰ ਕਦੇ ਸੀ ਵਹਿੰਦਾ ।
ਸਾਗਰ-ਤਟ ਤੇ ਭੀੜ ਹੋਵੇ ਜਾਂ ਹੋਵੇ ਸੁੰਨਮਸਾਣ,
ਮੂੰਹ 'ਚੋਂ ਸ਼ਬਦ ਨਾ ਇਕ ਵੀ ਕੱਢੋ ਸਾਗਰ ਨੂੰ ਦਿਓ ਗਾਣ ।
ਉਹ ਗੱਲਾਂ ਦੇ ਫਨ ਦਾ ਮਾਹਰ, ਪੁਸ਼ਕਿਨ ਵੀ ਚੁਪ ਰਹਿੰਦਾ,
ਜਦ-ਜਦ ਸਾਗਰ ਆਪਣੇ ਦਿਲ ਦੀ ਕਹਿੰਦਾ ।

## ਨਿੱਤ ਸੂਰਜਾਂ ਨੇ ਚੜ੍ਹਨਾ, ਨਿੱਤ ਸੂਰਜਾਂ ਨੇ ਲਹਿਣਾ
### ਸੁਰਜੀਤ ਪਾਤਰ

ਨਿੱਤ ਸੂਰਜਾਂ ਨੇ ਚੜ੍ਹਨਾ, ਨਿੱਤ ਸੂਰਜਾਂ ਨੇ ਲਹਿਣਾ
ਪਰਬਤ ਤੋਂ ਸਾਗਰਾਂ ਵੱਲ ਨਦੀਆਂ ਨੇ ਰੋਜ਼ ਵਹਿਣਾ
ਇਕ ਦੂਜੇ ਮਗਰ ਘੁੰਮਣਾ ਰੁੱਤਾਂ ਤੇ ਮੌਸਮਾਂ ਨੇ
ਇਹ ਸਿਲਸਿਲਾ ਜੁਗੋ ਜੁਗ ਏਦਾਂ ਹੀ ਚੱਲਦਾ ਰਹਿਣਾ

ਰੁਕਣੀ ਨਹੀਂ ਕਹਾਣੀ, ਬੱਝੇ ਨ ਰਹਿਣੇ ਪਾਣੀ
ਰੂਹੋਂ ਬਗੈਰ ਸੱਖਣੇ, ਬੁਤ ਨਾ ਬਣਾ ਕੇ ਰੱਖਣੇ
ਪਾਣੀ ਨੇ ਰੋਜ਼ ਤੁਰਨਾ, ਕੰਢੀਆਂ ਨੇ ਰੋਜ਼ ਖੁਰਨਾ
ਖੁਰਦੇ ਨੂੰ ਦੇ ਦਿਲਾਸਾ, ਤੁਰਦੇ ਨੇ ਨਾਲ ਰਹਿਣਾ

ਚੰਨ ਤਾਰਿਆਂ ਦੀ ਲੋਏ, ਇਕਰਾਰ ਜਿਹੜੇ ਹੋਏ
ਤਾਰੇ ਉਨਾਂ ਤੇ ਹੱਸੇ ਦੀਵੇ ਉਨਾਂ 'ਤੇ ਰੋਏ
ਟੁੱਟਦੇ ਕਰਾਰ ਦੇਖੇ, ਅਸਾਂ ਬੇਸ਼ੁਮਾਰ ਦੇਖੇ
ਲਫਜਾਂ ਦਾ ਬਣਿਆ ਦੇਖੀਂ ਕੱਲ ਇਹ ਮਹਿਲ ਵੀ ਢਹਿਣਾ

ਇਨ੍ਹਾਂ ਦੀਵਿਆਂ ਨੂੰ ਦੱਸ ਦੇ, ਇਨਾਂ ਤਾਰਿਆਂ ਨੂੰ ਕਹਿ ਦੇ
ਇਨ੍ਹਾਂ ਹੱਸਦੇ ਰੋਂਦਿਆਂ ਨੂੰ ਤੂੰ ਸਾਰਿਆਂ ਨੂੰ ਕਹਿ ਦੇ
ਅਸੀਂ ਜਾਨ ਵਲੋਂ ਦੀਵੇ, ਈਮਾਨ ਵਲੋਂ ਤਾਰੇ
ਅਸੀਂ ਦੀਵੇ ਵਾਂਗ ਬੁਝਣਾ, ਅਸੀਂ ਤਾਰੇ ਵਾਂਗ ਰਹਿਣਾ

ਸੁਣ ਹੇ ਝਨਾਂ ਦੇ ਪਾਣੀ, ਤੂੰ ਡੁੱਬ ਗਏ ਨ ਜਾਣੀਂ
ਤੇਰੇ ਪਾਣੀਆਂ ਤੇ ਤਰਨੀ ਇਸ ਪਿਆਰ ਦੀ ਕਹਾਣੀ
ਹੈ ਝੂਠ ਮਰ ਗਏ ਉਹ, ਡੁੱਬ ਕੇ ਤਾਂ ਤਰ ਗਏ ਉਹ
ਨਿੱਤ ਲਹਿਰਾਂ ਤੇਰੀਆਂ ਨੇ ਪਾ ਪਾ ਕੇ ਸ਼ੋਰ ਕਹਿਣਾ

## ਤਾਰੇ
### ਵਿਧਾਤਾ ਸਿੰਘ ਤੀਰ

ਔਹ ਝਮ ਝਮ ਕਰਦੇ ਤਾਰੇ ।
ਲਗਦੇ ਨੇ ਪਿਆਰੇ ਪਿਆਰੇ ।
ਅੰਬਰ ਤੇ ਕਿਤਨੇ ਛਾ ਗਏ ?
ਕਿੱਥੋਂ ਇਹ ਇਤਨੇ ਆ ਗਏ ?
ਸਾਡੇ ਦਿਲ ਵਿੱਚ ਇਹ ਆਈ ।
ਇਹ ਚੰਦ ਦੀ ਜੰਞ ਸੁਹਾਈ ।
ਮੋਤੀ ਹਨ ਕਿਸੇ ਲੁਟਾਏ ।
ਹੀਰੇ ਹਨ ਕਿਸੇ ਵਰ੍ਹਾਏ ।
ਜੇ ਦਸ ਵੀਹ ਚੁਗ ਲੈ ਆਈਏ ।
ਤਦ ਹਾਰ ਪ੍ਰੋ ਗਲ ਪਾਈਏ ।
ਲਉ ਵੇਖੋ ਔਹ ਚੰਨ ਆਇਆ ।
ਜਿਸ ਸਭ ਨੂੰ ਫਿੱਕਾ ਪਾਇਆ ।

## ਖੜਗ ਖ਼ਾਲਸਾ
### ਪ੍ਰੀਤਮ ਸਿੰਘ ਕਾਸਦ

ਖ਼ਾਲਸਾ, ਅਕਾਲ ਦੀ ਕ੍ਰਿਪਾ ਦਾ ਪੂਰਨ ਤੱਤ ਹੈ।
ਖ਼ਾਲਸਾ, ਇਨਸਾਨੀਅਤ ਦੀ ਦਾਸਤਾਂ ਦਾ ਸੱਤ ਹੈ।
ਖ਼ਾਲਸਾ, ਨਿਗੁਣਿਆਂ, ਨਿਪੱਤਿਆਂ ਦੀ ਪੱਤ ਹੈ।
ਖ਼ਾਲਸਾ, ਦਸ਼ਮੇਸ਼ ਦੇ ਅਪਣੇ ਜਿਗਰ ਦੀ ਰੱਤ ਹੈ।
ਜਦ ਤਲਕ ਗੁਲਾਬ ਦੇ ਬੂਟੇ ਦਾ ਮਾਲੀ ਕਾਇਮ ਹੈ।
'ਸਾਹਿਬ ਦੇਵਾਂ' ਦੇ ਜਿਗਰ ਦਾ ਪੰਥ-ਵਾਲੀ ਕਾਇਮ ਹੈ।
ਤਦ ਤਲਕ ਇਹਨੂੰ ਕੋਈ ਪਿੰਜਰੇ 'ਚ ਡਕ ਸਕਦਾ ਨਹੀਂ।
ਖ਼ਾਲਸੇ ਦੀ ਵਾ ਵੱਲ ਵੀ ਕੋਈ ਤੱਕ ਸਕਦਾ ਨਹੀਂ।

## ਕਣਕ
### ਦੇਵਿੰਦਰ ਸਤਿਆਰਥੀ



ਅੱਗੇ ਨਾਲੋਂ ਕਿਤੇ ਵਧੇਰੇ ਉੱਗਣ ਕਣਕਾਂ-
ਨਹਿਰੀ ਅਤੇ ਬਰਾਨੀ;
ਅੱਗੇ ਨਾਲੋਂ ਹਲ ਨੇ ਵਗਦੇ
ਕਿਤੇ ਡੂੰਘੇਰੇ,
ਦਾਂਤੀਆਂ ਦੇ ਮੂੰਹ
ਕਿਤੇ ਤਿਖੇਰੇ ।
ਧਰਤੀਏ ਨੀ, ਸਮਝਾ ਕਣਕ ਨੂੰ-
ਜਿਧਖਿਧੀਆਂ ਨਾ ਕਰੇ ਪਈ ਇੰਜ,
ਭੁੱਖਿਆਂ ਨਾਲ ਕੀ ਆਖੇ ਹਾਸਾ ?

ਮੰਨਿਆਂ ਅਸੀਂ ਤੇ ਬੈਲ ਅਸਾਡੇ
ਅੰਨ ਦੇ ਕੀੜੇ;
ਮੰਨਿਆਂ ਇਸ਼ਕ ਕਣਕ 'ਚੋਂ ਜੰਮਦਾ,
ਹੁਸਨ ਕਣਕ ਤੇ ਪਲਦਾ;
ਮੰਨਿਆਂ ਨਵੀਂ ਜਵਾਨੀ
ਨਵੀਆਂ ਕਣਕਾਂ ਦਾ ਉਤਸ਼ਾਹ;
ਚੱਪਾ ਕੁ ਰੋਟੀ ਵੇਖ ਕੇ
ਸਾਨੂੰ ਚੜ੍ਹਦਾ ਗਿੱਠ ਗਿੱਠ ਚਾ !

ਹਾਇ ! ਉਹ ਪੁੱਤਰ ਪਰਾਏ,
ਹਾਇ ! ਉਹ ਸੋਨੇ-ਚਾਂਦੀ ਜਾਏ;
ਹਾਇ ! ਇਹ ਕੰਜ ਕੁਆਰੀਆਂ ਸਾਡੀਆਂ,
ਹਾਇ ! ਇਹ ਨਵੀਆਂ ਕਣਕਾਂ ਸਾਡੀਆਂ !
ਆ ਜਾਸਣ ਉਹ ਪੁੱਤਰ ਪਰਾਏ, ਖੜਸਨ ਮਲੋਜ਼ੋਰੀਆਂ.
ਡੋਲੀਆਂ ਅੰਦਰ ਪਾ ਕੇ ਲਾਜ ਲਜੀਲੀਆਂ ਕਣਕਾਂ ਗੋਰੀਆਂ ।

ਅੱਗੇ ਨਾਲੋਂ ਕਿਤੇ ਵਧੇਰੇ ਚਮਕਣ ਤਾਰੇ,
ਅੱਗੇ ਨਾਲੋਂ ਕਿਤੇ ਵਧੇਰੇ ਚਮਕੇ ਚੰਨ ਵੀ ।
ਚੀਰ ਚੀਰ ਸੰਨਾਟੇ ਨੂੰ ਫਿਰ,
ਗੀਤ ਕਿਸੇ ਨੇ ਦਿੱਤਾ ਛੋਹ-
ਚੰਨਾ ਵੇ, ਤੇਰੀ ਮੇਰੀ ਚਾਨਣੀ,
ਤਾਰਿਆ ਵੇ, ਤੇਰੀ ਮੇਰੀ ਲੋ ।
ਚੰਨ ਪਕਾਵੇ ਰੋਟੀਆਂ,
ਤਾਰਾ ਕਰੇ ਰਸੋ ।
ਚੰਨੇ ਦੀਆਂ ਪੱਕੀਆਂ ਮੈਂ ਖਾਧੀਆਂ,
ਤਾਰੇ ਦੀਆਂ ਰਹਿ ਗਈਆਂ ਦੋ !

ਧਰਤੀਏ ਨੀ, ਸਮਝਾ ਕਣਕ ਨੂੰ-
ਜਿਧਖਿਧੀਆਂ ਨਾ ਕਰੇ ਪਈ ਇੰਜ,
ਭੁੱਖਿਆਂ ਨਾਲ ਕੀ ਆਖੇ ਹਾਸਾ ?

# ਗੁਮਨਾਮੀ 'ਚ ਗ਼ਾਇਬ ਹੋ ਗਏ ਪ੍ਰਸਿੱਧ ਫ਼ਿਲਮੀ ਸਿਤਾਰੇ



ਬਾਲੀਵੁੱਡ ਇੰਡਸਟਰੀ ਬਾਹਰੋਂ ਭਾਵੇਂ ਗਲੈਮਰਸ ਅਤੇ ਚਮਕਦਾਰ ਦਿਖਾਈ ਦਿੰਦੀ ਹੈ, ਪਰ ਅੰਦਰੋਂ ਇਹ ਓਨੀ ਹੀ ਖੋਖਲੀ ਹੈ। ਇੱਥੇ ਚੜ੍ਹਦੇ ਸੂਰਜ ਨੂੰ ਸਲਾਮ ਕੀਤਾ ਜਾਂਦਾ ਹੈ, ਜਿਵੇਂ ਹੀ ਤੁਹਾਡਾ ਸਿੱਕਾ ਕਮਜ਼ੋਰ ਹੁੰਦਾ ਹੈ, ਤੁਹਾਡੀਆਂ ਸਾਰੀਆਂ ਪ੍ਰਾਪਤੀਆਂ ਅਤੇ ਅਹੁਦੇ ਭੁੱਲ ਜਾਂਦੇ ਹਨ। ਕਈ ਵਾਰ ਤੁਹਾਨੂੰ ਬਾਹਰ ਦਾ ਰਸਤਾ ਦਿਖਾਇਆ ਜਾਂਦਾ ਹੈ। ਅਜਿਹੇ ਕਈ ਸਿਤਾਰੇ ਦੇਖਣ ਨੂੰ ਮਿਲਣਗੇ, ਜੋ ਕਦੇ ਇੰਡਸਟਰੀ 'ਚ ਚਮਕਦੇ ਸਨ ਪਰ ਹੁਣ ਹਨੇਰੇ 'ਚ ਕਿਤੇ ਗਾਇਬ ਹੋ ਗਏ ਹਨ। ਕਈਆਂ ਨੇ ਇਲਾਜ ਵਿਚ ਆਪਣੀ ਸਾਰੀ ਦੌਲਤ ਗੁਆ ਦਿੱਤੀ, ਜਦੋਂ ਕਿ ਕੁਝ ਕੰਮ ਨਾ ਮਿਲਣ ਕਾਰਨ ਪ੍ਰੇਸ਼ਾਨੀ ਵਿੱਚ ਰਹੇ।



### ਰਾਜ ਕਿਰਨ

ਬਾਲੀਵੁੱਡ 'ਚ ਸੌ ਤੋਂ ਵੱਧ ਫਿਲਮਾਂ ਕਰ ਚੁੱਕੇ ਰਾਜ ਕਿਰਨ ਅੱਜ ਗੁੰਮਸ਼ੁਦਗੀ ਦੀ ਜ਼ਿੰਦਗੀ ਜੀਅ ਰਹੇ ਹਨ। ਵਿਚਕਾਰ ਖਬਰ ਆਈ ਕਿ ਗਰੀਬੀ ਅਤੇ ਡਿਪਰੈਸ਼ਨ ਵਿੱਚ ਘਿਰਿਆ ਰਾਜ ਕਿਰਨ ਅਮਰੀਕਾ ਵਿੱਚ ਮਾਨਸਿਕ ਸ਼ਰਣ ਵਿੱਚ ਹੈ। ਰਿਸ਼ੀ ਕਪੂਰ ਤੋਂ ਲੈ ਕੇ ਦੀਪਤੀ ਨਵਲ ਤੱਕ ਉਨ੍ਹਾਂ ਨੂੰ ਲੱਭਣ ਲਈ ਮੁਹਿੰਮ ਚਲਾਈ ਗਈ ਸੀ ਪਰ ਰਾਜ ਕਿਰਨ ਦਾ ਅਜੇ ਤੱਕ ਪਤਾ ਨਹੀਂ ਲੱਗ ਸਕਿਆ ਹੈ।



### ਪਰਵੀਨ ਬਾਬੀ

ਪਰਵੀਨ ਬਾਬੀ ਦਾ ਨਾਂ ਆਪਣੇ ਦੌਰ ਦੀਆਂ ਸਭ ਤੋਂ ਗਲੈਮਰਸ ਅਭਿਨੇਤਰੀਆਂ ਦੀ ਸੂਚੀ 'ਚ ਸ਼ਾਮਲ ਹੈ। ਸਿਲਵਰ ਸਕਰੀਨ 'ਤੇ ਹਮੇਸ਼ਾ ਆਪਣੇ ਬੋਲਡ ਅਭਿਨੈ ਲਈ ਜਾਣੀ ਜਾਣ ਵਾਲੀ ਇਹ ਅਦਾਕਾਰਾ ਆਪਣੀ ਨਿੱਜੀ ਜ਼ਿੰਦਗੀ 'ਚ ਕਾਫੀ ਇਕੱਲੀ ਸੀ। ਇੱਕ ਸਮਾਂ ਸੀ ਜਦੋਂ ਪੂਰੀ ਇੰਡਸਟਰੀ ਨੇ ਉਸ ਤੋਂ ਦੂਰੀ ਬਣਾ ਲਈ ਸੀ। ਪਰਵੀਨ ਬਾਰੇ ਕਿਹਾ ਜਾਂਦਾ ਹੈ ਕਿ ਉਹ ਮਾਨਸਿਕ ਰੋਗ ਤੋਂ ਗੁਜ਼ਰ ਰਹੀ ਸੀ। ਪਰਵੀਨ ਦੀ ਮੌਤ ਬਹੁਤ ਦੁਖਦਾਈ ਸੀ। ਉਸ ਦੀ ਲਾਸ਼ ਤਿੰਨ ਦਿਨਾਂ ਤੋਂ ਪਰਵੀਨ ਦੇ ਫਲੈਟ ਵਿੱਚ ਪਈ ਸੀ।

### ਮੀਨਾ ਕੁਮਾਰੀ



ਮੀਨਾ ਕੁਮਾਰੀ ਦਾ ਨਾਂ ਅੱਜ ਵੀ ਬਾਲੀਵੁੱਡ ਦੀਆਂ ਖੂਬਸੂਰਤ ਅਭਿਨੇਤਰੀਆਂ 'ਚ ਲਿਆ ਜਾਂਦਾ ਹੈ। ਮੀਨਾ ਕੁਮਾਰੀ ਨੂੰ ਇੰਡਸਟਰੀ 'ਚ ਟ੍ਰੈਜੇਡੀ ਕਵੀਨ ਕਿਹਾ ਜਾਂਦਾ ਸੀ। ਹਾਲਾਂਕਿ ਇਸ ਨਾਂ ਦੀ ਤਰ੍ਹਾਂ ਉਨ੍ਹਾਂ ਦੀ ਜ਼ਿੰਦਗੀ 'ਚ ਵੀ ਕਈ ਉਤਰਾਅ-ਚੜ੍ਹਾਅ ਆਏ ਹਨ। ਜਦੋਂ ਮੀਨਾ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਤਾਂ ਉਸ ਕੋਲ ਬਿੱਲ ਭਰਨ ਲਈ ਪੈਸੇ ਨਹੀਂ ਸਨ। ਇੱਕ ਫੈਨ ਡਾਕਟਰ ਨੇ ਉਸਦੀ ਫੀਸ ਲਈ ਜ਼ਿੰਮੇਵਾਰੀ ਲਈ ਸੀ।



### ਜਗਦੀਸ਼ ਮਾਲੀ

ਜਗਦੀਸ਼ ਮਾਲੀ ਦਾ ਨਾਂ ਇੰਡਸਟਰੀ ਦੇ ਮੰਨੇ-ਪ੍ਰਮੰਨੇ ਫੈਸ਼ਨ ਫੋਟੋਗ੍ਰਾਫਰਾਂ 'ਚੋਂ ਇਕ ਸੀ। ਜਗਦੀਸ਼ ਅੰਤਰਾ ਮਾਲੀ ਦਾ ਪਿਤਾ ਵੀ ਹੈ। ਜਗਦੀਸ਼ ਦੀ ਦਿਮਾਗੀ ਹਾਲਤ ਠੀਕ ਨਾ ਹੋਣ ਕਾਰਨ ਉਹ ਗਲੀਆਂ ਵਿੱਚ ਭੀਖ ਮੰਗਦਾ ਪਾਇਆ ਗਿਆ। ਦੁੱਖ ਦੀ ਗੱਲ ਇਹ ਹੈ ਕਿ ਬੇਟੀ ਵੀ ਆਪਣੇ ਪਿਤਾ ਦੀ ਮਦਦ ਲਈ ਅੱਗੇ ਨਹੀਂ ਆਈ।ਇਕ ਮਾਡਲ ਨੇ ਸਲਮਾਨ ਖਾਨ ਤੋਂ ਮਦਦ ਮੰਗੀ ਸੀ, ਜਿਸ ਨੇ ਉਨ੍ਹਾਂ ਨੂੰ ਪਛਾਣ ਲਿਆ। ਅੱਜ ਜਗਦੀਸ਼ ਇਸ ਦੁਨੀਆਂ ਵਿੱਚ ਨਹੀਂ ਹੈ।

### ਵਿਮੀ

ਪੂਰਾ ਪਰਿਵਾਰ ਹੋਣ ਦੇ ਬਾਵਜੂਦ ਵਿਮੀ ਦੀ ਮੌਤ ਸਮੇਂ ਕੋਈ ਵੀ ਉਸ ਦੇ ਨਾਲ ਨਹੀਂ ਸੀ। ਵਿਮੀ ਨੂੰ ਉਸ ਦੌਰ ਦੀ ਸਭ ਤੋਂ ਸੁਤੰਤਰ ਅਭਿਨੇਤਰੀ ਮੰਨਿਆ ਜਾਂਦਾ ਸੀ। ਵਿਮੀ ਬਹੁਤ ਛੋਟੀ ਉਮਰ ਵਿੱਚ ਇਸ ਸੰਸਾਰ ਨੂੰ ਛੱਡ ਗਈ ਸੀ, ਵਿਮੀ, ਜੋ ਇੱਕ ਸਮੇਂ ਵਿੱਚ ਮਹਿੰਗੀਆਂ ਕਾਰਾਂ ਵਿੱਚ ਸਫ਼ਰ ਕਰਦੀ ਸੀ, ਨੂੰ ਮੌਤ ਦੇ ਸਮੇਂ ਨਾਨਾਵਤੀ ਹਸਪਤਾਲ ਦੇ ਜਨਰਲ ਵਾਰਡ ਵਿੱਚ ਦਾਖਲ ਕਰਵਾਇਆ ਗਿਆ ਸੀ। ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਅੰਤਿਮ ਸੰਸਕਾਰ ਲਈ ਇੱਕ ਰੇਹੜੀ 'ਤੇ ਲਿਜਾਇਆ ਗਿਆ ਸੀ।



### ਭਾਰਤ ਭੂਸ਼ਣ

ਅਦਾਕਾਰ ਭਾਰਤ ਭੂਸ਼ਣ ਨੇ ਵਿਦਾ ਹੋਣ ਸਮੇਂ ਇਕ ਗੱਲ ਕਹੀ ਸੀ, ਮੌਤ ਨੂੰ ਤਾਂ ਹਰ ਕੋਈ ਜਾਣਦਾ ਹੈ, ਪਰ ਜਿਉਣਾ ਹਰ ਕੋਈ ਨਹੀਂ ਜਾਣਦਾ.. ਮੈਨੂੰ ਬਿਲਕੁਲ ਨਹੀਂ ਪਤਾ ਸੀ। ਦਰਅਸਲ, ਬੈਜੂ ਬਾਵਰਾ ਵਿੱਚ ਆਪਣੇ ਆਪ ਨੂੰ ਇੱਕ ਅਭਿਨੇਤਾ ਵਜੋਂ ਸਥਾਪਿਤ ਕਰਨ ਵਾਲੇ ਭਾਰਤ ਭੂਸ਼ਣ ਦੀ ਨਿੱਜੀ ਜ਼ਿੰਦਗੀ ਦੁਖਾਂਤ ਨਾਲ ਭਰੀ ਹੋਈ ਸੀ। ਕਿਸੇ ਸਮੇਂ ਸਿਖਰ 'ਤੇ ਰਹਿਣ ਵਾਲੇ ਇਹ ਸਿਤਾਰੇ ਚਰਿੱਤਰ ਭੂਮਿਕਾਵਾਂ ਕਰਨ ਲਈ ਮਜਬੂਰ ਸਨ। ਪਿਛਲੇ ਦਿਨਾਂ ਵਿੱਚ ਗਰੀਬੀ ਤੋਂ ਮਜਬੂਰ ਭਾਰਤ ਨੇ ਆਪਣੇ ਵਾਹਨ ਵੀ ਵੇਚ ਦਿੱਤੇ ਸਨ। ਆਪਣੀ ਮੌਤ ਦੇ ਆਖ਼ਰੀ ਦਿਨਾਂ ਵਿੱਚ, ਭਰਤ ਬਹੁਤ ਇਕੱਲਾ ਹੋ ਗਿਆ ਸੀ। ਉਸਦੀ ਅਰਥੀ ਨੂੰ ਮੋਢਾ ਦੇਣ ਵਾਲਾ ਕੋਈ ਨਹੀਂ ਸੀ।

### ਭਗਵਾਨ ਦਾਦਾ

ਹੇ ਪੁੱਤਰਾ.. ਗੀਤ ਨਾਲ ਪ੍ਰਸਿੱਧੀ ਪਾਉਣ ਵਾਲੇ ਭਗਵਾਨ ਦਾਦਾ ਦੀ ਅਮੀਰੀ ਦੀਆਂ ਕਹਾਣੀਆਂ ਸੁਣ ਕੇ ਤੁਸੀਂ ਵੀ ਹੈਰਾਨ ਰਹਿ ਜਾਓਗੇ। ਕਿਸੇ ਸਮੇਂ ਭਗਵਾਨ ਦਾਦਾ ਸਮੁੰਦਰ ਦੇ ਕੰਢੇ 25 ਕਮਰਿਆਂ ਵਾਲੇ ਆਲੀਸ਼ਾਨ ਘਰ ਵਿੱਚ ਰਹਿੰਦੇ ਸਨ। ਉਸ ਕੋਲ ਸਾਰੀਆਂ ਲਗਜ਼ਰੀ ਗੱਡੀਆਂ ਸਨ ਪਰ ਆਰਥਿਕ ਤੰਗੀ ਨੇ (ਬਾਕੀ ਸਫ਼ਾ 30 'ਤੇ)

# ਕੋਚੇਲਾ ਮਿਊਜ਼ਿਕ ਫ਼ੈਸਟੀਵਲ 'ਚ ਛਾ ਗਏ ਦਿਲਜੀਤ ਦੁਸਾਂਝ

## ਦਿਲਜੀਤ ਦੁਸਾਂਝ ਬਣੇ ਕੋਚੇਲਾ ਮਿਊਜ਼ਿਕ ਫ਼ੈਸਟੀਵਲ 'ਚ ਪੇਸ਼ਕਾਰੀ ਦੇਣ ਵਾਲੇ ਪਹਿਲੇ ਪੰਜਾਬੀ ਕਲਾਕਾਰ

ਕੈਲੀਫੋਰਨੀਆ/ਏ.ਟੀ.ਨਿਊਜ਼ : ਵਿਸ਼ਵ ਦਾ ਵੱਕਾਰੀ ਸੰਗੀਤ ਪ੍ਰੋਗਰਾਮ ਕੋਚੇਲਾ ਵਿੱਚ ਦਿਲਜੀਤ ਦੁਸਾਂਝ ਪੇਸ਼ਕਾਰੀ ਦੇਣ ਵਾਲੇ ਪਹਿਲੇ ਪੰਜਾਬੀ ਕਲਾਕਾਰ ਬਣੇ। ਉਨ੍ਹਾਂ ਨੇ ਇਸ ਪ੍ਰੋਗਰਾਮ ਵਿੱਚ ਪੰਜਾਬੀ ਗੀਤ ਹੀ ਗਾਏ।

ਪੰਜਾਬੀ ਗਾਇਕ ਅਤੇ ਅਭਿਨੇਤਾ ਦਿਲਜੀਤ ਦੋਸਾਂਝ ਨੇ 'ਕੋਚੇਲਾ 2023' ਮਿਊਜ਼ਿਕ ਫੈਸਟੀਵਲ 'ਚ ਸ਼ਾਨਦਾਰ ਪੇਸ਼ਕਾਰੀ ਦਿੱਤੀ ਅਤੇ ਆਪਣੇ ਪੰਜਾਬੀ ਗੀਤਾਂ ਨਾਲ ਲੋਕਾਂ ਦਾ ਦਿਲ ਜਿੱਤ ਲਿਆ। ਪੇਸ਼ਕਾਰੀ ਦੌਰਾਨ ਦਿਲਜੀਤ ਕਾਲੇ ਕੱਪੜਿਆਂ ਵਿੱਚ ਨਜ਼ਰ ਆਏ। ਜਿੱਥੇ ਇੱਕ ਪਾਸੇ ਉਸ ਨੇ ਕਾਲੀ ਪੱਗ ਪਹਿਨੀ ਸੀ, ਉੱਥੇ ਹੀ ਦੂਜੇ ਪਾਸੇ ਕਾਲੇ ਚਸ਼ਮੇ ਅਤੇ ਕਾਲੇ ਦਸਤਾਨੇ ਨਾਲ ਉਸ ਨੇ ਆਪਣੇ ਆਪ ਨੂੰ ਨਵਾਂ ਰੂਪ ਦਿੱਤਾ ਸੀ।



ਕੋਚੇਲਾ ਵਿੱਚ ਦਿਲਜੀਤ ਦੁਸਾਂਝ ਨੇ ਆਪਣੇ ਹਿੱਟ ਗੀਤਾਂ 'ਤੇ ਪੇਸ਼ਕਾਰੀ ਦਿੱਤੀ ਜਿਸ ਵਿੱਚ ਪ੍ਰੋਪਰ ਪਟੋਲਾ, ਰਾਤ ? ?ਦੀ ਗੇੜੀ, ਬਰਨ ਟੂ ਸ਼ਾਈਨ, ਜੱਟ ਦਾ ਪਿਆਰ, ਪੀਚਸ, ਲੰਬੜਗਿਨੀ ਅਤੇ ਹੋਰਾਂ ਨਾਲ ਦਰਸ਼ਕਾਂ ਨੂੰ ਦੀਵਾਨਾ ਬਣਾ ਦਿੱਤਾ। ਦਿਲਜੀਤ ਦੇ ਗੀਤਾਂ 'ਤੇ ਡੀਜੇ ਡਿਪਲੋ ਵੀ ਆਪਣੇ ਦੋਸਤਾਂ ਨਾਲ ਡਾਂਸ ਕਰਨ ਤੋਂ ਖੁਦ ਨੂੰ ਰੋਕ ਨਹੀਂ ਸਕੇ। ਜਦੋਂ ਕਿ ਦਰਸ਼ਕਾਂ ਦੀ ਭੀੜ ਨੇ ਉਨ੍ਹਾਂ ਦੀ ਖੂਬ ਤਾਰੀਫ ਕੀਤੀ। ਦਿਲਜੀਤ ਦੇ ਇਸ ਪ੍ਰਦਰਸ਼ਨ ਦੀ ਸੋਸ਼ਲ ਮੀਡੀਆ 'ਤੇ ਵੀ ਚਰਚਾ ਹੈ।

ਕਾਬਿਲੇਗੌਰ ਹੈ ਕਿ ਕੋਚੇਲਾ ਵੈਲੀ ਮਿਊਜ਼ਿਕ ਐਂਡ ਆਰਟਸ ਫੈਸਟੀਵਲ ਦੁਨੀਆਂ ਵਿੱਚ ਸਭ ਤੋਂ ਜ਼ਿਆਦਾ ਪਸੰਦ ਕੀਤੇ ਜਾਣ ਵਾਲੇ ਸੰਗੀਤ ਪ੍ਰੋਗਰਾਮਾਂ ਵਿਚੋਂ ਇੱਕ ਹੈ। ਇਹ ਸਾਲ ਦੇ ਅਪ੍ਰੈਲ ਮਹੀਨੇ ਵਿੱਚ ਲਗਾਤਾਰ ਦੋ ਵੀਕੈਂਡ ਵਿੱਚ ਇੰਡੀਗੋ ਤੇ ਕੈਲੇਫੋਰਨੀਆਂ ਵਿੱਚ ਕਰਵਾਇਆ ਜਾਂਦਾ ਹੈ। ਇਸ ਭਾਰਤੀ ਗਾਇਕ ਦਿਲਜੀਤ ਸਿੰਘ ਦੁਸਾਂਝ ਤੇ ਪਾਕਿਸਤਾਨੀ ਗਾਇਕ ਅਲੀ ਸੇਠੀ ਨੇ ਦੱਖਣੀ ਏਸ਼ੀਆਈ ਕਲਾਕਾਰਾਂ ਦੇ ਰੂਪ ਵਿੱਚ ਫੈਸਟੀਵਲ ਵਿੱਚ ਹਿੱਸਾ ਲਿਆ।

ਦੋਵਾਂ ਨੇ BLACKPINK, ਕਿੱਡ ਲਾਰੋਈ, ਚਾਰਲੀ XCX, ਲੈਬ੍ਰਿੰਥ, ਜੈ ਬੁਲਫ, ਜੈ ਕੁਰਕਸ ਵਰਗੇ ਅੰਤਰਰਾਸ਼ਟਰੀ ਨਾਮਾਂ ਦੇ ਨਾਲ ਪ੍ਰਦਰਸ਼ਨ ਕੀਤਾ ਤੇ ਜਨਤਾ ਦਾ ਦਿਲ ਜਿੱਤਿਆ। ਦਿਲਜੀਤ ਦੁਸਾਂਝ ਨੇ ਇਸ ਪੇਸ਼ਕਾਰੀ ਨਾਲ ਸਭ ਦਾ ਮਨ ਜਿੱਤ ਲਿਆ ਤੇ ਕੋਚੇਲਾ ਵਰਗੇ ਵੱਕਾਰੀ ਪ੍ਰੋਗਰਾਮ ਪੇਸ਼ਕਾਰੀ ਦੇਣ ਵਾਲੇ ਪਹਿਲੇ ਪੰਜਾਬੀ ਗਾਇਕ ਬਣ ਗਏ ਹਨ। ਉਨ੍ਹਾਂ ਨੇ ਆਪਣੇ ਪੇਸ਼ਕਾਰੀ ਦੌਰਾਨ ਪੰਜਾਬੀ ਗੀਤ ਹੀ ਗਾਏ।

# 'ਦਿ ਕਪਿਲ ਸ਼ਰਮਾ ਸ਼ੋਅ' ਹੁਣ ਅਸਥਾਈ ਤੌਰ 'ਤੇ ਹੋਵੇਗਾ ਬੰਦ

## ਜੂਨ 'ਚ ਆਵੇਗਾ ਆਖ਼ਰੀ ਐਪੀਸੋਡ



ਲੰਬੇ ਸਮੇਂ ਬਾਅਦ ਟੀ. ਵੀ. 'ਤੇ ਆ ਰਿਹਾ 'ਦਿ ਕਪਿਲ ਸ਼ਰਮਾ ਸ਼ੋਅ' ਹੁਣ ਅਸਥਾਈ ਤੌਰ 'ਤੇ ਬੰਦ ਹੋਣ ਜਾ ਰਿਹਾ ਹੈ। ਸ਼ੋਅ ਦਾ ਆਖਰੀ ਐਪੀਸੋਡ ਜੂਨ ਵਿੱਚ ਟੈਲੀਕਾਸਟ ਹੋਵੇਗਾ। ਸ਼ੋਅ ਦੇ ਨਿਰਮਾਤਾਵਾਂ ਨੇ ਕਿਹਾ ਕਿ ਉਹ ਜਲਦ ਹੀ ਨਵੇਂ ਤੇ ਰਚਨਾਤਮਕ ਵਿਚਾਰਾਂ ਨਾਲ ਵਾਪਸ ਆਉਣਗੇ।ਮੇਕਰਸ ਮੁਤਾਬਕ ਕਪਿਲ ਸ਼ਰਮਾ ਪਰਿਵਾਰ ਨਾਲ ਸਮਾਂ ਬਿਤਾਉਣ ਲਈ ਕੰਮ ਤੋਂ ਬਰੇਕ ਲੈਣ ਜਾ ਰਹੇ ਹਨ। ਮੇਕਰਸ ਨੇ ਕਿਹਾ ਕਿ ਇਸ ਬ੍ਰੇਕ ਨਾਲ ਉਨ੍ਹਾਂ ਨੂੰ ਸ਼ੋਅ 'ਚ ਕੁਝ ਨਵਾਂ ਤੇ ਰਚਨਾਤਮਕ ਬਦਲਾਅ ਲਿਆਉਣ ਦਾ ਸਮਾਂ ਮਿਲੇਗਾ ਤੇ ਉਹ ਇਕ ਵਾਰ (ਬਾਕੀ ਸਫ਼ਾ 31 'ਤੇ)

# ਆਈ.ਪੀ.ਐਲ. 2023 ’ਚ ਸਭ ਨੂੰ ਹੈਰਾਨ ਕਰਨ ਵਾਲੇ 5 ਘਰੇਲੂ ਕ੍ਰਿਕਟਰ

## ਨੌਜਵਾਨ ਘਰੇਲੂ ਕ੍ਰਿਕਟਰਾਂ ਨੇ ਆਈ.ਪੀ.ਐਲ. 2023 ’ਚ ਕੀਤਾ ਸ਼ਾਨਦਾਰ ਪ੍ਰਦਰਸ਼ਨ

ਇੰਡੀਅਨ ਪ੍ਰੀਮੀਅਰ ਲੀਗ (ਆਈਪੀਐਲ) ਦੇ 16ਵੇਂ ਐਡੀਸ਼ਨ ਵਿੱਚ ਹੋਏ ਮੈਚਾਂ ਤੋਂ ਬਾਅਦ ਜੋ ਦੇਖਣਾ ਖੁਸ਼ੀ ਦੀ ਗੱਲ ਹੈ ਉਹ ਹੈ ਨੌਜਵਾਨ ਘਰੇਲੂ ਕ੍ਰਿਕਟਰਾਂ ਦਾ ਸ਼ਾਨਦਾਰ ਪ੍ਰਦਰਸ਼ਨ, ਜਿਨ੍ਹਾਂ ਨੇ ਆਪਣੀ ਖੇਡ ਨਾਲ ਕ੍ਰਿਕਟ ਨਿਰੀਖਕਾਂ ਨੂੰ ਹੈਰਾਨ ਕਰ ਦਿੱਤਾ ਹੈ।

ਜਦੋਂ ਕਿ ਸਭ ਦੀਆਂ ਨਜ਼ਰਾਂ ਵੱਡੀਆਂ ਬੰਦੂਕਾਂ ’ਤੇ ਸਨ ਜੋ ਵੱਡੀਆਂ ਕੀਮਤਾਂ ’ਤੇ ਵੇਚੀਆਂ ਗਈਆਂ ਸਨ, ਉਨ੍ਹਾਂ ਦਾ ਪ੍ਰਦਰਸ਼ਨ ਸ਼ਾਇਦ ਹੀ ਅਸਧਾਰਨ ਰਿਹਾ ਹੈ। ਇਸ ਦੀ ਬਜਾਏ, ਅੰਡਰਡੌਗਜ਼ ਨੇ ਮੈਦਾਨ ’ਤੇ ਕਾਫ਼ੀ ਪ੍ਰਭਾਵਸ਼ਾਲੀ ਪ੍ਰਦਰਸ਼ਨ ਕੀਤਾ ਹੈ।

ਇਹਨਾਂ ਵਿੱਚੋਂ ਬਹੁਤ ਸਾਰੇ ਕ੍ਰਿਕਟਰਾਂ ਨੂੰ ਉਹਨਾਂ ਦੀਆਂ ਫ੍ਰੈਂਚਾਈਜ਼ੀਆਂ ਦੁਆਰਾ ਖੋਜਿਆ ਗਿਆ ਸੀ, ਜਿਹਨਾਂ ਨੇ ਉਹਨਾਂ ਨੂੰ ਅਜ਼ਮਾਇਸ਼ਾਂ ਤੋਂ ਬਾਅਦ ਉਹਨਾਂ ਦੀਆਂ ਸੰਬੰਧਿਤ ਅਕੈਡਮੀਆਂ ਤੋਂ ਚੁਣਿਆ ਸੀ। ਇੱਥੇ ਉਨ੍ਹਾਂ ਵਿੱਚੋਂ ਪੰਜ ਕ੍ਰਿਕਟਰ ਹਨ








**ਤਿਲਕ ਵਰਮਾ (ਐਮਆਈ)**

ਖੱਬੇ ਹੱਥ ਦੇ ਇਸ ਬੱਲੇਬਾਜ਼ ਨੇ ਆਈਪੀਐਲ 2023 ਦੇ ਪਹਿਲੇ ਮੈਚ ਵਿੱਚ ਹੀ ਆਪਣੀ ਖੇਡ ਦਿਖਾਈ, ਜਦੋਂ ਉਸਨੇ 46 ਗੇਂਦਾਂ ਵਿੱਚ 84 ਦੌੜਾਂ ਬਣਾ ਕੇ ਆਰਸੀਬੀ ਦੇ ਗੇਂਦਬਾਜ਼ਾਂ ਨੂੰ ਬੇਰਹਿਮੀ ਨਾਲ ਮਾਰਿਆ। ਹਾਲਾਂਕਿ ਵਰਮਾ ਨੇ ਪਿਛਲੇ ਸਾਲ ਮੁੰਬਈ ਤੋਂ ਆਪਣੀ ਸ਼ੁਰੂਆਤ ਕੀਤੀ ਸੀ, ਪਰ ਉਸ ਸਮੇਂ ਉਸ ਦੀ ਬੱਲੇਬਾਜ਼ੀ ਸਟ੍ਰਾਈਕ-ਰੇਟ 131 ਸੀ ਅਤੇ ਉਸ ਨੇ 14 ਮੈਚਾਂ ਵਿੱਚ ਔਸਤ 36.09 ਦੌੜਾਂ ਬਣਾਈਆਂ ਸਨ। ਇਹ ਇੱਕ ਵਧੀਆ ਪ੍ਰਦਰਸ਼ਨ ਸੀ।

ਪਰ ਵਰਮਾ ਨੇ ਪਿਛਲੇ ਇੱਕ ਸਾਲ ਵਿੱਚ ਆਪਣੀ ਖੇਡ ਵਿੱਚ ਸੁਧਾਰ ਕੀਤਾ, ਜਿੱਥੇ ਉਸਨੇ ਇੱਕ ਫਿਨਸ਼ਰ ਦੇ ਰੂਪ ਵਿੱਚ ਆਪਣੇ ਹੁਨਰ ਨੂੰ ਵਧੀਆ ਬਣਾਇਆ। ਇਸ ਸਾਲ, ਉਸਦੀ ਸਟ੍ਰਾਈਕ-ਰੇਟ 140 ਤੋਂ ਉਪਰ ਜਾ ਰਹੀ ਹੈ; ਅਤੇ ਤੀਜੇ ਨੰਬਰ ’ਤੇ ਆਉਣ ਵਾਲੇ ਵਰਮਾ ਨੇ ਗੇਂਦ ਨੂੰ ਚੰਗੀ ਤਰ੍ਹਾਂ ਮਾਰਿਆ ਹੈ।ਮੁੰਬਈ ਇੰਡੀਅਨਜ਼ ਨੇ ਦਿੱਲੀ ਕੈਪੀਟਲਸ ਦੇ ਖਿਲਾਫ ਆਖਰੀ ਮੈਚ ਜਿੱਤਿਆ, ਵਰਮਾ ਨੇ ਆਪਣੀ ਪਾਰੀ ਵਿੱਚ ਚਾਰ ਛੱਕੇ ਅਤੇ 1 ਚੌਕੇ ਦੀ ਮਦਦ ਨਾਲ 29 ਗੇਂਦਾਂ ਵਿੱਚ 41 ਦੌੜਾਂ ਦੀ ਤੇਜ਼ ਪਾਰੀ ਖੇਡੀ।

**ਯਸ਼ਸਵੀ ਜੈਸਵਾਲ (ਆਰ.ਆਰ.)**



ਜੈਸਵਾਲ 2020 ਵਿੱਚ ਆਪਣੇ ਆਈਪੀਐਲ ਕਰੀਅਰ ਦੀ ਸ਼ੁਰੂਆਤ ਤੋਂ ਹੀ ਰਾਜਸਥਾਨ ਰਾਇਲਜ਼ ਦੇ ਨਾਲ ਹੈ। ਪਿਛਲੇ ਸਾਲ ਤੱਕ, ਜੈਸਵਾਲ ਨੇ 10 ਮੈਚਾਂ ਵਿੱਚ 25 ਦੀ ਔਸਤ ਨਾਲ 138 ਦੇ ਸਟ੍ਰਾਈਕ ਰੇਟ ਨਾਲ ਬੱਲੇਬਾਜ਼ੀ ਕੀਤੀ ਸੀ।

ਹਾਲਾਂਕਿ ਇਸ ਸਾਲ ਜੈਸਵਾਲ ਵੱਖਰਾ ਨਜ਼ਰ ਆਇਆ। ਸਲਾਮੀ ਬੱਲੇਬਾਜ਼ ਹੋਣ ਦੇ ਨਾਤੇ, ਜੈਸਵਾਲ ਜਾਣਦਾ ਹੈ ਕਿ ਉਸ ਦੀ ਟੀਮ ਪਹਿਲੇ ਛੇ ਓਵਰਾਂ ਵਿੱਚ ਉਸ ਤੋਂ ਕੀ ਚਾਹੁੰਦੀ ਹੈ ਅਤੇ ਉਹ ਉਸੇ ਹਿਸਾਬ ਨਾਲ ਖੇਡ ਰਿਹਾ ਹੈ। ਉਸ ਨੇ ਦਿੱਲੀ ਕੈਪੀਟਲਜ਼ (ਡੀ.ਸੀ.) ਦੇ ਖਿਲਾਫ ਪਿਛਲੇ ਮੈਚ ਵਿੱਚ 31 ਗੇਂਦਾਂ ਵਿੱਚ 60 ਦੌੜਾਂ ਦੀ ਸ਼ਾਨਦਾਰ ਪਾਰੀ ਖੇਡੀ ਅਤੇ ਟੀਮ ਨੂੰ ਬਹੁਤ ਵਧੀਆ ਸ਼ੁਰੂਆਤ ਦਿੱਤੀ।

ਇਸ ਸਾਲ ਉਸ ਦਾ 164.47 ਦਾ ਸਟ੍ਰਾਈਕ ਰੇਟ ਰਾਜਸਥਾਨ ਰਾਇਲਜ਼ ਲਈ ਚੰਗਾ ਸੰਕੇਤ ਹੈ, ਕਿਉਂਕਿ ਟੀਮ ਕੋਲ ਹੁਣ ਦੋ ਸ਼ਕਤੀਸ਼ਾਲੀ ਬੱਲੇਬਾਜ਼ਾਂ ਦਾ ਲਾਭ ਹੈ। ਅਤੇ ਇਹੀ ਕਾਰਨ ਹੋ ਸਕਦਾ ਹੈ ਕਿ ਫਰੈਂਚਾਇਜ਼ੀ ਨੇ ਇਸ ਸਾਲ ਨਿਲਾਮੀ ਵਿੱਚ ਉਸਦੀ ਕੀਮਤ 2.40 ਕਰੋੜ ਰੁਪਏ ਤੋਂ ਵਧਾ ਕੇ 4 ਕਰੋੜ ਰੁਪਏ ਕਰ ਦਿੱਤੀ।

**ਸੁਯਸ਼ ਸ਼ਰਮਾ (ਕੇਕੇਆਰ)**

ਕੋਲਕਾਤਾ ਨਾਈਟ ਰਾਈਡਰਜ਼ ਦੀ ਟੀਮ ਨੂੰ ਭਾਰਤੀ ਕ੍ਰਿਕਟ ਵਿੱਚ ਬਿਹਤਰੀਨ ਸਪਿਨਰ ਪੈਦਾ ਕਰਨ ਦਾ ਸਿਹਰਾ ਦਿੱਤਾ ਜਾਣਾ ਚਾਹੀਦਾ ਹੈ। ਸੁਨੀਲ ਨਾਰਾਇਣ ਅਤੇ ਵਰੁਣ ਚੱਕਰਵਰਤੀ ਨੂੰ ਗਲੋਬਲ ਮੰਚ ਦੇਣ ਤੋਂ ਬਾਅਦ, ਟੀਮ ਨੇ ਸੁਯਸ਼ ਸ਼ਰਮਾ ਦੇ ਨਾਂ ’ਤੇ ਇਕ ਹੋਰ ਪ੍ਰਤਿਭਾ ਦਾ ਪਤਾ ਲਗਾਇਆ ਹੈ।

21 ਸਾਲਾ ਲੈੱਗ ਸਪਿਨਰ 6 ਅਪ੍ਰੈਲ, 2023 ਤੱਕ ਕੋਈ ਨਹੀਂ ਸੀ ਜਦੋਂ ਉਸਨੇ ਆਰਸੀਬੀ ਦੇ ਖਿਲਾਫ ਆਪਣਾ ਡੈਬਿਊ ਕੀਤਾ ਸੀ। ਸੁਯਸ਼ ਨੇ ਆਪਣੀ ਗੁਗਲੀ ਨਾਲ ਸਾਰਿਆਂ ਨੂੰ ਹੈਰਾਨ ਕਰ ਦਿੱਤਾ ਕਿਉਂਕਿ ਉਸ ਨੇ ਸਿਰਫ 30 ਦੌੜਾਂ ਦੇ ਕੇ ਆਪਣੇ ਸਪੈੱਲ ਵਿਚ 3 ਸਕੈਲਪਸ ਆਪਣੇ ਨਾਂ ਕੀਤੇ। ਕਿਸੇ ਵੀ ਖਿਡਾਰੀ ਲਈ 3 ਵਿਕਟਾਂ ਲੈਣਾ ਸੁਪਨੇ ਦੀ ਸ਼ੁਰੂਆਤ ਸੀ, ਜਿਸ ਵਿੱਚ ਆਰਸੀਬੀ ਫਿਨਿਸ਼ਰ ਦਿਨੇਸ਼ ਕਾਰਤਿਕ ਦੀ ਕੀਮਤੀ ਵਿਕਟ ਸ਼ਾਮਲ ਸੀ

ਸ਼ਰਮਾ ਦਿੱਲੀ ਦੇ ਭਜਨਪੁਰਾ ਖੇਤਰ ਦਾ ਰਹਿਣ ਵਾਲਾ ਹੈ ਅਤੇ ਸਭ ਤੋਂ ਹੈਰਾਨੀ ਦੀ ਗੱਲ ਇਹ ਹੈ ਕਿ ਉਹ ਅਜੇ ਤੱਕ ਕਿਸੇ ਫਸਟ ਕਲਾਸ ਮੈਚ, ਲਿਸਟ ਏ ਮੈਚ, ਜਾਂ ਆਪਣੀ ਰਾਜ ਟੀਮ ਲਈ ਟੀ-20 ਮੈਚ ਖੇਡਣਾ ਹੈ। ਉਸਨੂੰ ਕੇਕੇਆਰ ਪ੍ਰਬੰਧਨ ਦੁਆਰਾ ਦੇਖਿਆ ਗਿਆ ਸੀ ਅਤੇ ਨਿਲਾਮੀ ਤੋਂ ਪਹਿਲਾਂ ਮੁੰਬਈ ਵਿੱਚ ਕੇਕੇਆਰ ਅਕੈਡਮੀ ਵਿੱਚ ਟਰਾਇਲ ਲਈ ਬੁਲਾਇਆ ਗਿਆ ਸੀ। ਅਤੇ ਇਸ ਤਰ੍ਹਾਂ, ਉਸਨੂੰ ਨਿਲਾਮੀ ਵਿੱਚ 20 ਲੱਖ ਰੁਪਏ ਵਿੱਚ ਸ਼ਾਮਲ ਕੀਤਾ ਗਿਆ ਸੀ।

**ਬੀ ਸਾਈ ਸੁਦਰਸ਼ਨ (ਜੀ.ਟੀ.)**




ਚੇਨਈ ਦਾ ਰਹਿਣ ਵਾਲਾ, ਆਲਰਾਊਂਡਰ ਟੂਰਨਾਮੈਂਟ ਵਿੱਚ ਸਿਰਫ਼ 8 ਗੇਮਾਂ ਦਾ ਹੈ; ਗੁਜਰਾਤ ਟਾਈਟਨਜ਼ ਨਾਲ ਆਪਣੇ ਡੈਬਿਊ ਵਿੱਚ ਪਿਛਲੇ ਸਾਲ ਖੇਡੀਆਂ ਗਈਆਂ 5 ਖੇਡਾਂ ਦੇ ਨਾਲ। ਪਰ ਸਾਈ ਸੁਦਰਸ਼ਨ ਨੇ ਇਨ੍ਹਾਂ 8 ਮੈਚਾਂ ’ਚ 47 ਦੀ ਔਸਤ ਨਾਲ 282 ਦੌੜਾਂ ਬਣਾਈਆਂ ਹਨ।

ਇਸ ਸਾਲ ਉਸ ਦਾ ਬੱਲੇਬਾਜ਼ੀ ਸਟ੍ਰਾਈਕ ਰੇਟ 133 ਤੋਂ ਉਪਰ ਹੈ ਅਤੇ ਹੁਣ ਤੱਕ ਉਸ ਨੇ 3 ਮੈਚਾਂ ਵਿਚ 68.50 ਦੀ ਔਸਤ ਨਾਲ 133 ਦੌੜਾਂ ਬਣਾਈਆਂ ਹਨ। ਤੀਜੇ ਨੰਬਰ ’ਤੇ ਬੱਲੇਬਾਜ਼ੀ ਕਰਦੇ ਹੋਏ ਸੁਦਰਸ਼ਨ ਨੇ ਪਿਛਲੇ ਦੋ ਮੈਚਾਂ ’ਚ ਦੋ ਅਰਧ ਸੈਂਕੜੇ ਲਗਾਏ ਹਨ।ਕੇਕੇਆਰ ਖ਼ਿਲਾਫ਼ 53 (38) ਅਤੇ ਦਿੱਲੀ ਖ਼ਿਲਾਫ਼ 62 (48) ਦੀਆਂ ਉਸ ਦੀਆਂ ਆਖਰੀ ਦੋ ਪਾਰੀਆਂ ਇਸ ਗੱਲ ਦੀ ਗਵਾਹੀ ਭਰਦੀਆਂ ਹਨ ਕਿ ਇਸ ਆਲਰਾਊਂਡਰ ਨੂੰ ਇਸ ਟੂਰਨਾਮੈਂਟ ਵਿੱਚ ਲੰਬਾ ਸਫ਼ਰ ਤੈਅ ਕਰਨਾ ਹੈ।

ਸੁਦਰਸ਼ਨ ਨੂੰ, ਹਾਲਾਂਕਿ, ਜੀ.ਟੀ. ਦੁਆਰਾ ਉਸਦੇ 20 ਲੱਖ ਰੁਪਏ ਦੇ ਅਧਾਰ ਮੁੱਲ ’ਤੇ ਪ੍ਰਾਪਤ ਕੀਤਾ ਗਿਆ ਸੀ ਅਤੇ ਜੇਕਰ ਉਸਦੀ ਕਾਰਗੁਜ਼ਾਰੀ ਇਸੇ ਤਰ੍ਹਾਂ ਵਧਦੀ ਰਹਿੰਦੀ ਹੈ, ਅਗਲੇ ਸਾਲ, ਉਹ ਕਰੋੜਾਂ ਵਿੱਚ ਜਾ ਸਕਦਾ ਹੈ।

**ਪ੍ਰਭਸਿਮਰਨ ਸਿੰਘ (ਪੀ.ਬੀ.ਕੇ.ਐਸ.)**

23 ਸਾਲਾ ਵਿਕਟਕੀਪਰ-ਬੱਲੇਬਾਜ਼ ਨੇ 2019 ਵਿੱਚ ਪੰਜਾਬ ਕਿੰਗਜ਼ (ਪੀਬੀਕੇਐਸ) ਨਾਲ ਆਪਣੀ ਸ਼ੁਰੂਆਤ ਕੀਤੀ ਸੀ ਪਰ ਹੈਰਾਨੀ ਦੀ ਗੱਲ ਹੈ ਕਿ ਪਿਛਲੇ ਚਾਰ ਸਾਲਾਂ ਵਿੱਚ ਸਿਰਫ਼ 9 ਮੈਚ ਖੇਡੇ ਹਨ।

ਅਸਲ ਵਿੱਚ, ਪ੍ਰਭਸਿਮਰਨ ਸਿੰਘ ਇਸ ਸੀਜ਼ਨ ਵਿੱਚ ਪੰਜਾਬ ਕਿੰਗਜ਼ ਲਈ ਇੱਕ ਵੱਡਾ ਸਰਪ੍ਰਾਈਜ਼ ਰਿਹਾ ਹੈ ਕਿਉਂਕਿ ਉਹ ਇੱਕ ਸਲਾਮੀ ਬੱਲੇਬਾਜ਼ ਦੇ ਰੂਪ ਵਿੱਚ ਬਹੁਤ ਵਧੀਆ ਗੇਂਦ ਨੂੰ ਹਿੱਟ ਕਰ ਰਿਹਾ ਹੈ। 5 ਅਪ੍ਰੈਲ, 2023 ਨੂੰ ਬਰਸਾਪਾਰਾ ਸਟੇਡੀਅਮ ਵਿੱਚ ਰਾਜਸਥਾਨ ਰਾਇਲਜ਼ ਦੇ ਖਿਲਾਫ 34 ਗੇਂਦਾਂ ਵਿੱਚ ਉਸਦੀ 60 ਦੌੜਾਂ ਦੀ ਪਾਰੀ ਕਾਫੀ ਸ਼ਾਨਦਾਰ ਸੀ। ਸਿੰਘ ਅਕਸਰ ਵਿਕਟ ਤੋਂ ਹੇਠਾਂ ਆਉਂਦਾ ਹੈ ਅਤੇ ਗੇਂਦ ਨੂੰ ਉੱਚਾ ਚੁੱਕਣ ਵਿੱਚ ਚੰਗਾ ਹੈ। ਪੰਜਾਬ ਨੇ ਇਸ ਸਾਲ ਉਸ ਨੂੰ 60 ਲੱਖ ਰੁਪਏ ਵਿੱਚ ਸ਼ਾਮਲ ਕੀਤਾ।

# ਪੰਜਾਬ ’ਚ ਫੁੱਟਬਾਲ ਖੇਡ ਦੀ ਸਥਿਤੀ ’ਚ ਸੁਧਾਰ ਲਿਆਉਣ ਦੀ ਲੋੜ

**ਚਰਨਜੀਤ ਸਿੰਘ**

ਪੰਜਾਬ ਵਿੱਚ ਫੁੱਟਬਾਲ ਖੇਡ ਦੀ ਸਥਿਤੀ ਨੂੰ ਸੁਧਾਰਨ ਅਤੇ ਇਸ ਖੇਡ ਦਾ ਮਿਆਰ ਉੱਚਾ ਚੁੱਕਣ ਲਈ ਇਸ ਖੇਡ ਨਾਲ ਜੁੜੇ ਲੋਕ ਬਹੁਤ ਵੱਡਾ ਯੋਗਦਾਨ ਪਾ ਸਕਦੇ ਹਨ। ਫੁੱਟਬਾਲ ਦੀ ਬਿਹਤਰੀ ਲਈ ਪੰਚਾਇਤਾਂ ਨੂੰ ਆਪਣੇ ਪਿੰਡਾਂ ਦੇ ਸਕੂਲਾਂ ’ਚ ਟੀਮਾਂ ਬਣਾਉਣ ਲਈ ਸਕੂਲਾਂ ਦੇ ਪ੍ਰਿੰਸੀਪਲ ਸਾਹਿਬਾਨ ਨਾਲ ਮਿਲ ਕੇ ਯੋਜਨਾਵਾਂ ਬਣਾਉਣੀਆਂ ਚਾਹੀਦੀਆਂ ਹਨ ਤਾਂ ਜੋ ਹਰ ਪਿੰਡ ਦੇ ਸਕੂਲ ਵਿੱਚ ਫੁੱਟਬਾਲ ਦੀ ਇਕ ਟੀਮ ਤਿਆਰ ਕੀਤੀ ਜਾ ਸਕੇ। ਬਾਕੀ ਸਭ ਤੋਂ ਵੱਧ ਜ਼ਿੰਮੇਵਾਰੀ ਜ਼ਿਲ੍ਹਾ ਫੁੱਟਬਾਲ ਸੰਘ ਦੀ ਬਣਦੀ ਹੈ ਕਿ ਉਹ ਸਮੇਂ-ਸਮੇਂ ’ਤੇ ਪਿੰਡਾਂ ਦੇ ਸਰਪੰਚਾਂ ਅਤੇ ਫੁੱਟਬਾਲ ਕਲੱਬਾਂ ਦੇ ਪ੍ਰਧਾਨਾਂ ਨੂੰ ਬੁਲਾ ਕੇ ਮੁਲਾਕਾਤ ਕਰਨ ਤਾਂ ਜੋ ਫੁੱਟਬਾਲ ਦੀ ਬਿਹਤਰੀ ਲਈ ਚੰਗੇ ਉਪਰਾਲੇ ਕੀਤੇ ਜਾ ਸਕਣ ਪਰ ਇਸ ਵਿਚ ਵੀ ਜ਼ਿਲ੍ਹਾ ਫੁੱਟਬਾਲ ਸੰਘ ਬਹੁਤ ਪਛੜ ਰਹੇ ਹਨ। ਜ਼ਿਲ੍ਹਾ ਫੁੱਟਬਾਲ ਸੰਘ ਦਾ ਕੰਮ ਆਪਣੇ ਜ਼ਿਲ੍ਹੇ ਦੇ ਫੁੱਟਬਾਲ ਨੂੰ ਸੁਚੱਜੇ ਢੰਗ ਨਾਲ ਚਲਾਉਣਾ ਹੁੰਦਾ ਹੈ ਅਤੇ ਹਰ ਸਾਲ ਜ਼ਿਲ੍ਹਾ ਫੁੱਟਬਾਲ ਟੂਰਨਾਮੈਂਟ ਕਰਵਾਉਣੇ ਹੁੰਦੇ ਹਨ, ਜੋ ਕਿ ਨਹੀਂ ਹੋ ਰਹੇ। ਜੇਕਰ ਕੋਈ ਜ਼ਿਲ੍ਹਾ ਇਹ ਟੂਰਨਾਮੈਂਟ ਕਰਵਾਉਂਦਾ ਵੀ ਹੈ ਤਾਂ ਉਹ ਲਗਾਤਾਰ ਨਹੀਂ ਕਰਵਾਉਂਦੇ। ਪੰਜਾਬ ਰਾਜ ਫੁੱਟਬਾਲ ਖੇਡ ਜੋ ਕਿ ਪੰਜਾਬ ਰਾਜ ਫੁੱਟਬਾਲ ਸੰਘ ਕਰਵਾਉਂਦਾ ਹੈ, ਉਸ ਵਿੱਚ ਜ਼ਿਲ੍ਹਾ ਸੰਘ ਦੀ ਟੀਮ ਨੇ ਭਾਗ ਲੈਣਾ ਹੁੰਦਾ ਹੈ। ਉਸ ਵਿੱਚ ਵੀ ਕਈ ਜ਼ਿਲ੍ਹਿਆਂ ਦੀਆਂ ਟੀਮਾਂ ਭਾਗ ਨਹੀਂ ਲੈਂਦੀਆਂ।

ਪੰਜਾਬ ਰਾਜ ਅੰਡਰ 14, 17, 19 ਅਤੇ ਸੀਨੀਅਰ ਚੈਂਪੀਅਨਸ਼ਿਪ ਕਰਵਾਉਣ ਦਾ ਕੋਈ ਵੀ ਸਮਾਂ ਨਹੀਂ ਹੁੰਦਾ। ਇਹ ਖੇਡਾਂ ਉਸ ਸਮੇਂ ਹੋਣੀਆਂ ਚਾਹੀਦੀਆਂ ਹਨ, ਜਦੋਂ ਪੰਜਾਬ ਦੀ ਟੀਮ ਨੇ ਕੌਮੀ ਖੇਡਾਂ ’ਚ ਭਾਗ ਲੈਣਾ ਹੋਵੇ ਅਤੇ ਇਸ ਵਿਚੋਂ ਹੀ ਪੰਜਾਬ ਰਾਜ ਦੀ ਫੁੱਟਬਾਲ ਟੀਮ ਦੀ ਚੋਣ ਹੋਣੀ ਚਾਹੀਦੀ ਹੈ ਤਾਂ ਜੋ ਖਿਡਾਰੀ ਇਸ ਵਿੱਚ ਜੋਸ਼ ਨਾਲ ਭਾਗ ਲੈਣ ਅਤੇ ਇਨ੍ਹਾਂ ਖੇਡਾਂ ਨੂੰ ਤਰਜੀਹ ਦੇਣ। ਇਸੇ ਤਰ੍ਹਾਂ ਪੰਜਾਬ ਵਿੱਚ ਕਲੱਬਾਂ ਦਾ ਪੰਜਾਬ ਸੁਪਰ ਲੀਗ ਟੂਰਨਾਮੈਂਟ ਹੁੰਦਾ ਹੈ, ਜਿਸ ਵਿੱਚ ਕਈ ਸੰਸਥਾਵਾਂ ਦੀਆਂ ਟੀਮਾਂ ਭਾਗ ਲੈਂਦੀਆਂ ਹਨ ਅਤੇ ਉਨ੍ਹਾਂ ਨੂੰ ਖਿਡਾਰੀਆਂ ’ਤੇ ਕਾਫ਼ੀ ਖਰਚਾ ਕਰਨਾ ਪੈਂਦਾ ਹੈ ਪਰ ਉਨ੍ਹਾਂ ਨੂੰ ਉਸ ਦਾ ਬਹੁਤਾ ਫਾਇਦਾ ਨਹੀਂ ਹੁੰਦਾ। ਪੰਜਾਬ ਲੀਗ ਟੂਰਨਾਮੈਂਟ ਜੋ ਸੰਤੋਸ਼ ਟਰਾਫੀ ਲਈ ਚੋਣ ਦਾ ਮਿਆਰ ਹੈ, ਇਸ ਵਿੱਚ ਵੀ ਜ਼ਿਆਦਾਤਰ ਵਿਭਾਗੀ ਖਿਡਾਰੀਆਂ ਨੂੰ ਤਰਜੀਹ ਦਿੱਤੀ ਜਾਂਦੀ ਹੈ, ਜੋ ਚੋਣ ਕਮੇਟੀ ਪੰਜਾਬ ਫੁੱਟਬਾਲ ਸੰਘ ਨੇ ਬਣਾਈ ਹੈ। ਉਹ ਖਿਡਾਰੀਆਂ ਦੀ ਚੋਣ ਤਾਂ ਕਰਦੇ ਹਨ ਪਰ ਉਹ ਸਾਰੇ ਟੂਰਨਾਮੈਂਟ ਨੂੰ ਦੇਖਣ ’ਚ ਅਸਮਰੱਥ ਹੁੰਦੇ ਹਨ। ਉਹ ਇਕ ਮੈਚ ਦੇਖ ਕੇ ਕਿਸੇ ਵੀ ਖਿਡਾਰੀ ਦੇ ਪੱਧਰ ਦਾ ਮੁਲਾਂਕਣ ਨਹੀਂ ਕਰ ਸਕਦੇ।

ਪੰਜਾਬ ਦੇ ਸਾਰੇ ਕਾਲਜਾਂ ਵਿੱਚ, ਕੱਲਬਾਂ ਵਿਚ ਖੇਡੇ ਹੋਏ ਖਿਡਾਰੀ ਕੋਚ ਲੱਗੇ ਹੋਏ ਹਨ, ਉਹ ਜ਼ਿਆਦਾਤਰ ਸਾਰੇ ਮੈਚ ਦੇਖਣ ਜਾਂਦੇ ਹਨ। ਉਨ੍ਹਾਂ ਨੂੰ ਸਾਰੇ ਖਿਡਾਰੀਆਂ ਦੇ ਪੱਧਰ ਦੀ ਵਧੇਰੇ ਜਾਣਕਾਰੀ ਹੁੰਦੀ ਹੈ। ਉਨ੍ਹਾਂ ਸਾਰਿਆਂ ਦੀ ਕਮੇਟੀ ਬਣਾਉਣੀ ਚਾਹੀਦੀ ਹੈ। ਉਨ੍ਹਾਂ ਕੋਲੋਂ ਚੁਣੀ ਟੀਮ ਦੀ ਸੂਚੀ ਲੈ ਕੇ ਖਿਡਾਰੀਆਂ ਨੂੰ ਕੈਂਪ ਲਈ ਚੁਣਨਾ ਚਾਹੀਦਾ ਹੈ ਤਾਂ ਜੋ ਇਕ ਨਿਰਪੱਖ ਚੋਣ ਕੀਤੀ ਜਾ ਸਕੇ। ਪਰ ਕੁਝ ਕੈਂਪਾਂ ਵਿਚ ਇਹੋ ਜਿਹੇ ਖਿਡਾਰੀ ਵੀ ਹੁੰਦੇ ਹਨ, ਜਿਨ੍ਹਾਂ ਨੇ ਪੂਰੀ ਲੀਗ ’ਚ ਭਾਗ ਨਹੀਂ ਲਿਆ ਹੁੰਦਾ ਅਤੇ ਉਨ੍ਹਾਂ ਦੀ ਸੰਤੋਸ਼ ਟਰਾਫ਼ੀ ਜਾਂ ਹੋਰ ਰਾਜ ਪੱਧਰ ਕੈਂਪ ਵਿਚ ਚੋਣ ਹੋ ਜਾਂਦੀ ਹੈ, ਜੋ ਕਿ ਨਹੀਂ ਹੋਣੀ ਚਾਹੀਦੀ। ਉੱਥੇ ਕੋਚ ਨੂੰ ਬੜੀ ਇਮਾਨਦਾਰੀ ਨਾਲ ਚੋਣ ਕਰਨੀ ਚਾਹੀਦੀ ਹੈ। ਕਿਸੇ ਵੇਲੇ ਖਿਡਾਰੀ ਘੱਟ ਉਮਰ ਦਾ ਹੋਣ ਕਾਰਨ ਉਸ ਨੂੰ ਮੌਕਾ ਨਹੀਂ ਦਿੱਤਾ ਜਾਂਦਾ ਪਰ ਜੇਕਰ ਉਹ 17 ਜਾਂ 18 ਸਾਲ ਦਾ ਚੰਗਾ ਖਿਡਾਰੀ ਹੈ ਤਾਂ ਉਸ ਨੂੰ ਮੌਕਾ ਦਿੱਤਾ ਜਾਣਾ ਚਾਹੀਦਾ ਹੈ। ਇਹ ਸਭ ਸੋਚਣਾ ਪੈਣਾ ਹੈ ਕਿ ਕਿਸ ਤਰ੍ਹਾਂ ਟੀਮ ਦਾ ਭਲਾ ਕਰੀਏ। ਇਹ ਕੰਮ ਕਿਸੇ ਇਕੱਲੇ



ਬੰਦੇ ਦਾ ਨਹੀਂ। ਸਾਨੂੰ ਸਾਰਿਆਂ ਨੂੰ ਇਕੱਠੇ ਹੋ ਕੇ ਹੰਭਲਾ ਮਾਰਨਾ ਪੈਣਾ ਹੈ ਤਾਂ ਹੀ ਪੰਜਾਬ ਦੇ ਫੁੱਟਬਾਲ ਦਾ ਭਲਾ ਹੋ ਸਕਦਾ ਹੈ।

## 'ਸਿਆਸੀ ਵਫ਼ਾਦਾਰੀਆਂ' ਬਦਲਣ

ਜਿਸ ਸਿਆਸੀ ਪਾਰਟੀ ਦੀ ਉਹਨਾਂ ਨੇ ਆਪਣੀ ਪੁਰਾਣੀ ਸਿਆਸੀ ਪਾਰਟੀ ਵਿੱਚ ਰਹਿੰਦਿਆਂ ਅਨੇਕਾਂ ਵਾਰ ਆਲੋਚਨਾ ਕੀਤੀ ਹੁੰਦੀ ਹੈ ਤਾਂ ਫਿਰ ਉਸੇ ਸਿਆਸੀ ਪਾਰਟੀ ਦੇ ਗੁਣ ਗਾਉਣੇ ਅਤੇ ਆਪਣੀ ਪੁਰਾਣੀ ਪਾਰਟੀ ਦੀ ਆਲੋਚਨਾ ਕਰਨੀ ਸ਼ੁਰੂ ਕਰ ਦਿੰਦੇ ਹਨ।

ਵੱਖ- ਵੱਖ ਸਿਆਸੀ ਪਾਰਟੀਆਂ ਇਕ ਦੂਜੇ ਦੇ ਸੀਨੀਅਰ ਅਗੂਆਂ ਤੇ ਵਰਕਰਾਂ ਨੂੰ ਆਪਣੀ ਪਾਰਟੀ ਵਿੱਚ ਸ਼ਾਮਲ ਕਰਨ ਲਈ ਵੀ ਸਰਗਰਮ ਰਹਿੰਦੀਆਂ ਹਨ। ਮੌਕਾਪ੍ਰਸਤ ਆਗੂਆਂ ਦੀ ਅਕਸਰ ਚੋਣਾਂ ਵੇਲੇ ਚਾਂਦੀ ਬਣ ਜਾਂਦੀ ਹੈ, ਖਾਸ ਕਰਕੇ ਜਦੋਂ ਚੋਣਾਂ ਵਿੱਚ ਕਿਸੇ ਇੱਕ ਪਾਰਟੀ ਦੀ ਇੱਕਤਰਫਾ ਜਿੱਤ ਸੰਭਵ ਨਹੀਂ ਹੁੰਦੀ ਤਾਂ ਅਕਸਰ ਮੌਕਾ ਪ੍ਰਸਤ ਆਗੂ ਮੌਕੇ ਦਾ ਫਾਇਦਾ ਉਠਾਉਂਦਿਆਂ ਇਕ ਪਾਰਟੀ 'ਚੋਂ ਦੂਜੀ ਸਿਆਸੀ ਪਾਰਟੀ ਵਿੱਚ ਰਲਦੇ ਰਹਿੰਦੇ ਹਨ। ਇਥੇ ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਇਸ ਤਰਾਂ ਪਾਰਟੀ ਬਦਲਣ ਵਾਲੇ ਸਿਆਸੀ ਆਗੂ ਗਲਤ ਹੁੰਦੇ ਹਨ ਜਾਂ ਜਿਸ ਸਿਆਸੀ ਪਾਰਟੀ ਨੂੰ ਉਹ ਛੱਡ ਰਹੇ ਹੁੰਦੇ ਹਨ, ਉਹ ਸਿਆਸੀ ਪਾਰਟੀ ਗਲਤ ਹੁੰਦੀ ਹੈ। ਅਸਲ ਵਿੱਚ ਦਲ ਬਦਲੀ ਲਈ ਸਿਆਸੀ ਪਾਰਟੀਆਂ ਅਤੇ ਸਿਆਸੀ ਆਗੂ ਦੋਵੇਂ ਜਿੰਮੇਵਾਰ ਹੁੰਦੇ ਹਨ। ਅਸਲ ਵਿੱਚ ਭਾਰਤ ਦੀ ਸਿਆਸਤ ਵਿੱਚ ਏਨਾ ਨਿਘਾਰ ਆ ਗਿਆ ਹੈ ਕਿ ਸਿਆਸੀ ਪਾਰਟੀਆਂ ਅਤੇ ਸਿਆਸੀ ਪਾਰਟੀਆਂ ਵਿੱਚ ਆਦਰਸ਼ਾਂ ਦੀ ਵੱਡੀ ਘਾਟ ਵੇਖਣ ਨੂੰ ਮਿਲ ਰਹੀ ਹੈ।

ਪੰਜਾਬ 'ਚ ਸਾਲ 2022 ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਦੌਰਾਨ ਜਿੱਥੇ ਸਾਬਕਾ ਮੰਤਰੀਆਂ, ਉਸ ਸਮੇਂ ਦੇ ਵਿਧਾਇਕਾਂ ਤੇ ਵੱਡੇ ਆਗੂਆਂ ਵੱਲੋਂ ਪਾਰਟੀਆਂ ਬਦਲਣ ਦੇ ਰਿਕਾਰਡ ਕਾਇਮ ਕੀਤੇ ਗਏ ਸਨ, ਉਥੇ ਹੀ ਇਹ ਚੋਣਾਂ ਟਿਕਟ ਨਾ ਮਿਲਣ ਤੋਂ ਬਾਅਦ ਉਮੀਦਵਾਰਾਂ ਵੱਲੋਂ ਪਾਰਟੀ ਬਦਲਣ ਲਈ ਵੀ ਜਾਣੀਆਂ ਜਾਂਦੀਆਂ ਹਨ। ਇਹਨਾਂ ਚੋਣਾਂ ਦੌਰਾਨ ਪਾਰਟੀ ਬਦਲਣ ਦੀ ਸ਼ੁਰੂਆਤ ਫਿਰੋਜ਼ਪੁਰ ਦਿਹਾਤੀ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਆਸ਼ੂ ਬਾਂਗੜ ਵੱਲੋਂ ਕਾਂਗਰਸ ਵਿੱਚ ਸ਼ਾਮਲ ਹੋ ਕੇ ਕੀਤੀ ਗਈ ਸੀ, ਜਿਨ੍ਹਾਂ ਨੂੰ ਉਸ ਸਮੇਂ ਦੀ ਵਿਧਾਇਕਾ ਸਤਕਾਰ ਕੌਰ ਦੀ ਟਿਕਟ ਕੱਟ ਕੇ ਉਮੀਦਵਾਰ ਬਣਾਇਆ ਗਿਆ ਸੀ।

ਇਸ ਤੋਂ ਬਾਅਦ ਹੋਰਨਾਂ ਵੀ ਕਈ ਸਾਬਕਾ ਮੰਤਰੀਆਂ, ਵਿਧਾਇਕਾਂ ਤੇ ਸਾਬਕਾ ਵਿਧਾਇਕਾਂ ਸਮੇਤ ਅਨੇਕਾਂ ਸੀਨੀਅਰ ਆਗੂਆਂ ਵੱਲੋਂ ਪਾਰਟੀ ਪ੍ਰਤੀ ਵਫ਼ਦਾਰੀਆਂ ਬਦਲ ਲਈਆਂ ਗਈਆਂ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 1984 ਵੇਲੇ ਕਾਂਗਰਸ ਵਿੱਚ ਹੁੰਦੇ ਸਨ, ਫਿਰ ਅਕਾਲੀ ਦਲ ਵਿੱਚ ਆ ਗਏ, ਫਿਰ ਕਾਂਗਰਸ ਵਿੱਚ ਚਲੇ ਗਏ, ਫੇਰ ਆਪਣੀ ਪਾਰਟੀ ਬਣਾ ਲਈ ਅਤੇ ਇਸ ਸਮੇਂ ਭਾਜਪਾ ਵਿੱਚ ਹਨ।

ਪੰਜਾਬ ਦੇ ਸਿਆਸੀ ਆਗੂ ਜਗਮੀਤ ਸਿੰਘ ਬਰਾੜ ਤਾਂ ਸਿਆਸੀ ਵਫ਼ਦਾਰੀਆਂ ਬਦਲਦਿਆਂ ਮਮਤਾ ਬੈਨਰਜੀ ਦੀ ਪਾਰਟੀ ਤ੍ਰਿਣਮੂਲ ਕਾਂਗਰਸ ਵਿੱਚ ਸ਼ਾਮਲ ਹੋ ਕੇ ਪੱਛਮੀ ਬੰਗਾਲ ਘੁੰਮ ਚੁੱਕੇ ਹਨ ਤੇ ਉਸ ਤੋਂ ਬਾਅਦ ਉਹ ਅਕਾਲੀ ਦਲ ਬਾਦਲ ਵਿੱਚ ਸ਼ਾਮਲ ਹੋ ਗਏ। ਇਸੇ ਤਰਾਂ ਸੱਤਾ ਦੇ ਲਾਲਚ ਵਿੱਚ ਅਕਾਲੀ ਆਗੂ ਬਲਵੰਤ ਸਿੰਘ ਰਾਮੂੰਵਾਲੀਆ ਵੀ ਰਾਤੋ ਰਾਤ ਸਿਆਸੀ ਵਫ਼ਦਾਰੀਆਂ ਬਦਲਦਿਆਂ ਉੱਤਰ ਪ੍ਰਦੇਸ਼ ਵਿੱਚ ਜਾ ਕੇ ਉਥੇ ਕੈਬਨਿਟ ਮੰਤਰੀ ਬਣ ਗਏ ਸਨ। ਇਸ ਸਮੇਂ ਬਲਵੰਤ ਸਿੰਘ ਰਾਮੂੰਵਾਲੀਆ ਦੀ ਧੀ ਬੀਬੀ ਅਮਨਜੋਤ ਕੌਰ ਰਾਮੂੰਵਾਲੀਆ ਭਾਜਪਾ ਦੀ ਸੀਨੀਅਰ ਆਗੂ ਹੈ। ਬਲਵੰਤ ਸਿੰਘ ਰਾਮੂੰਵਾਲੀਆ ਉਦੋਂ ਵੀ ਚਰਚਾ ਵਿੱਚ ਆਏ ਸਨ, ਜਦੋਂ ਉਹਨਾਂ ਨੇ ਆਪਣੀ ਬਣਾਈ ਸਿਆਸੀ ਪਾਰਟੀ ਨੂੰ ਪੂਰੀ ਤਰਾਂ ਅਕਾਲੀ ਦਲ ਬਾਦਲ ਵਿੱਚ ਸ਼ਾਮਲ ਕਰ ਦਿਤਾ ਸੀ। ਕ੍ਰਿਕਟਰ ਤੋਂ ਸਿਆਸੀ ਆਗੂ ਬਣੇ ਨਵਜੋਤ ਸਿੰਘ ਸਿੱਧੂ ਨੇ ਆਪਣੀ ਸਿਆਸੀ ਪਾਰੀ ਦੀ ਸ਼ੁਰੂਆਤ ਭਾਜਪਾ ਤੋਂ ਕੀਤੀ ਸੀ, ਪਰ ਹੁਣ ਉਹ ਕਾਂਗਰਸ ਵਿੱਚ ਹਨ। ਸਿਆਸੀ ਆਗੂ ਬੀਰ ਦਵਿੰਦਰ ਸਿੰਘ ਵੀ ਸਿਆਸੀ ਪਾਰਟੀ ਬਦਲ ਚੁਕੇ ਹਨ। ਸਾਬਕਾ ਮੰਤਰੀ ਬਲਬੀਰ ਸਿੰਘ ਸਿੱਧੂ ਕਾਂਗਰਸ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋ ਗਏ ਸਨ। ਇਸੇ ਤਰਾਂ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਵੀ ਅਕਾਲੀ ਦਲ ਤੋਂ ਕਾਂਗਰਸ ਅਤੇ ਕਾਂਗਰਸ ਤੋਂ ਬਾਅਦ ਹੁਣ ਭਾਜਪਾ ਵਿੱਚ ਜਾ ਚੁਕੇ ਹਨ। ਇਸੇ ਤਰਾਂ ਸੁਖਦੇਵ ਸਿੰਘ ਢੀਂਡਸਾ, ਸੇਵਾ ਸਿੰਘ ਸੇਖਵਾਂ, ਰਣਜੀਤ ਸਿੰਘ ਬ੍ਰਹਮਪੁਰਾ ਅਤੇ ਹੋਰ ਸਿਆਸੀ ਆਗੂ ਵੀ ਅਕਾਲੀ ਦਲ ਬਾਦਲ ਨੂੰ ਅਲਵਿਦਾ ਕਹਿ ਗਏ ਸਨ ਪਰ ਰਣਜੀਤ ਸਿੰਘ ਬ੍ਰਹਮਪੁਰਾ ਮੁੜ ਅਕਾਲੀ ਦਲ ਵਿੱਚ ਚਲੇ ਗਏ ਸਨ।

ਅਸਲ ਵਿੱਚ ਪੰਜਾਬ ਦੀ ਸਿਆਸਤ ਦੇ ਬਾਬਾ ਬੋਹੜ ਪ੍ਰਕਾਸ਼ ਸਿੰਘ ਬਾਦਲ ਵਰਗੀ ਯੋਗਤਾ ਸੁਖਬੀਰ ਬਾਦਲ ਵਿੱਚ ਨਹੀਂ ਹੈ, ਇਸ ਕਰਕੇ ਜਦੋਂ ਤੋਂ ਸੁਖਬੀਰ ਬਾਦਲ ਅਕਾਲੀ ਦਲ ਦੇ ਪ੍ਰਧਾਨ ਬਣੇ ਹਨ, ਉਦੋਂ ਤੋਂ ਅਨੇਕਾਂ ਸੀਨੀਅਰ ਅਕਾਲੀ ਆਗੂ ਅਕਾਲੀ ਦਲ ਨੂੰ ਅਲਵਿਦਾ ਕਹਿ ਚੁਕੇ ਹਨ। ਵੱਡੇ ਬਾਦਲ ਹਮੇਸ਼ਾ ਪਾਰਟੀ ਨੂੰ ਜੋੜ ਕੇ ਰੱਖਦੇ ਸਨ ਅਤੇ ਨਾਰਾਜ਼ ਅਕਾਲੀ ਆਗੂਆਂ ਨੂੰ ਤੁਰੰਤ ਮਨਾਉਣ ਦੀ ਕਵਾਇਦ ਸ਼ੁਰੂ ਕਰ ਦਿੰਦੇ ਸਨ। ਉਹਨਾਂ ਦੀ ਨਿਮਰਤਾ ਕਾਰਨ ਵੱਡੀ ਗਿਣਤੀ ਅਕਾਲੀ ਆਗੂ ਅਕਾਲੀ ਦਲ ਨਾਲ ਜੁੜੇ ਰਹੇ ਸਨ।

ਇਸ ਤੋਂ ਇਲਾਵਾ ਇਕ ਸਿਆਸੀ ਪਾਰਟੀ ਛੱਡ ਕੇ ਦੂਜੀ ਸਿਆਸੀ ਪਾਰਟੀ ਵਿੱਚ ਜਾਣ ਵਾਲਿਆਂ ਦੀ ਲਿਸਟ ਬਹੁਤ ਲੰਬੀ ਹੈ। ਬਿਨਾਂ ਸ਼ੱਕ ਅਜਿਹਾ ਇਸ ਲਈ ਹੁੰਦਾ ਹੈ ਕਿਉਂਕਿ ਸਿਆਸੀ ਪਾਰਟੀਆਂ ਨੇ ਉਮੀਦਵਾਰਾਂ ਦੀ ਚੋਣ ਲਈ ਕੋਈ ਪਾਰਦਰਸ਼ੀ ਪ੍ਰਣਾਲੀ ਵਿਕਸਤ ਨਹੀਂ ਕੀਤੀ ਹੈ। ਇਸ ਪ੍ਰਣਾਲੀ ਦੀ ਅਣਹੋਂਦ ਵਿੱਚ, ਉਮੀਦਵਾਰਾਂ ਦੀ ਚੋਣ ਹੇਰਾਫੇਰੀ ਅਤੇ ਸੀਨੀਅਰ ਨੇਤਾਵਾਂ ਤੱਕ ਪਹੁੰਚ ਦੇ ਆਧਾਰ 'ਤੇ ਕੀਤੀ ਜਾਂਦੀ ਹੈ। ਕਈ ਵਾਰ ਅਜਿਹੇ ਉਮੀਦਵਾਰ ਵੀ ਚੋਣ ਮੈਦਾਨ ਵਿੱਚ ਆ ਜਾਂਦੇ ਹਨ, ਜੋ ਸਿਆਸਤ ਵਿੱਚ ਵੀ ਸਰਗਰਮ ਨਹੀਂ ਹੁੰਦੇ। ਇਨ੍ਹਾਂ ਵਿੱਚ ਮੁੱਖ ਤੌਰ 'ਤੇ ਨੌਕਰਸ਼ਾਹ ਸ਼ਾਮਲ ਹਨ।

ਸਿਆਸੀ ਪਾਰਟੀਆਂ ਭਾਵੇਂ ਅੰਦਰੂਨੀ ਜਮਹੂਰੀਅਤ ਦੀ ਕਿੰਨੀ ਵੀ ਦੁਹਾਈ ਦੇਣ, ਪਰ ਸੱਚਾਈ ਇਹ ਹੈ ਕਿ ਉਹ ਇਹ ਸਪੱਸ਼ਟ ਕਰਨ ਤੋਂ ਅਸਮਰੱਥ ਹਨ ਕਿ ਕਿਸੇ ਉਮੀਦਵਾਰ ਦੀ ਚੋਣ ਕਿਸ ਆਧਾਰ 'ਤੇ ਕੀਤੀ ਗਈ ਅਤੇ ਜੇਕਰ ਕਿਸੇ ਦੀ ਟਿਕਟ ਕੱਟੀ ਗਈ ਤਾਂ ਕਿਸ ਕਾਰਨ ਲਈ? ਚੰਗਾ ਹੋਵੇਗਾ ਜੇਕਰ ਸਿਆਸੀ ਪਾਰਟੀਆਂ ਇਹ ਸਮਝ ਲੈਣ ਕਿ ਉਮੀਦਵਾਰਾਂ ਦੀ ਆਪਹੁਦਰੀ ਚੋਣ ਦਾ ਸਭ ਤੋਂ ਵੱਧ ਨੁਕਸਾਨ ਸਿਆਸੀ ਪਾਰਟੀਆਂ ਨੂੰ ਹੀ ਹੁੰਦਾ ਹੈ।

**ਲੀਡਰਾਂ ਨੇ ਕਾਨੂੰਨ ਦਾ ਲਭਿਆ ਤੋੜ**

ਜਦੋਂ ਪਾਰਟੀ ਬਦਲਣ ਤੋਂ ਰੋਕਣ ਲਈ ਕਾਨੂੰਨ ਬਣਾਇਆ ਗਿਆ ਪਰ ਲੀਡਰਾਂ ਨੇ ਇਸ ਤੋਂ ਵੀ ਪੱਲਾ ਝਾੜ ਲਿਆ। 1985 ਵਿੱਚ ਆਏ ਕਾਨੂੰਨ ਵਿੱਚ ਇਹ ਵੀ ਵਿਵਸਥਾ ਸੀ ਕਿ ਜੇਕਰ ਕਿਸੇ ਪਾਰਟੀ ਦੇ ਦੋ ਤਿਹਾਈ ਵਿਧਾਇਕ ਜਾਂ ਸੰਸਦ ਮੈਂਬਰ ਪਾਰਟੀ ਬਦਲਦੇ ਹਨ ਤਾਂ ਉਨ੍ਹਾਂ ਦੀ ਮੈਂਬਰਸ਼ਿਪ ਨਹੀਂ ਖੋਹੀ ਜਾਵੇਗੀ। 2003 ਵਿੱਚ ਇਹ ਕਾਨੂੰਨ ਸਖ਼ਤ ਕਰ ਦਿੱਤਾ ਗਿਆ ਸੀ, ਜਿਸ ਤਹਿਤ ਅਯੋਗ ਮੈਂਬਰਾਂ ਨੂੰ ਮੰਤਰੀ ਬਣਾਉਣ ਦੀ ਮਨਾਹੀ ਸੀ। ਇਸਦੇ ਬਾਵਜੂਦ ਸਿਆਸੀ ਆਗੂ ਦਲ ਬਦਲੀ ਕਾਨੂੰਨ ਦੀਆਂ ਚੋਰ ਮੋਰੀਆਂ ਰਾਹੀਂ ਅਕਸਰ ਦਲ ਬਦਲੀ ਕਰਨ ਵਿੱਚ ਸਫ਼ਲ ਹੋ ਜਾਂਦੇ ਹਨ।

**ਦਲ ਬਦਲੀਆਂ ਨੇ ਲੋਕਤੰਤਰ ਨੂੰ ਢਾਹ ਲਾਈ**

ਭਾਰਤ ਵਿੱਚ ਸਿਆਸੀ ਆਗੂਆਂ ਦੀਆਂ ਦਲ ਬਦਲੀਆਂ ਨੇ ਲੋਕਤੰਤਰ ਨੂੰ ਵੱਡੀ ਢਾਅ ਲਗਾਈ ਹੈ। ਹੁਣ ਆਮ ਲੋਕਾਂ ਨੂੰ ਪਤਾ ਨਹੀਂ ਚਲਦਾ ਕਿ ਸਿਆਸੀ ਆਗੂ ਕਦੋਂ ਦਲ ਬਦਲੀ ਕਰ ਲੈਣਗੇ। ਕਈ ਵਾਰ ਤਾਂ ਰਾਤੋਂ ਰਾਤ ਸਿਆਸੀ ਵਫ਼ਾਦਾਰੀਆਂ ਬਦਲ ਜਾਂਦੀਆਂ ਹਨ। ਦਲ ਬਦਲੀਆਂ ਲੋਕਤੰਤਰੀ ਕਦਰਾਂ ਕੀਮਤਾਂ ਦੇ ਅਨੁਸਾਰ ਨਹੀਂ ਹਨ ਅਤੇ ਸਿਆਸੀ ਆਗੂਆਂ ਵੱਲੋਂ ਕੀਤੀਆਂ ਜਾਂਦੀਆਂ ਦਲ ਬਦਲੀਆਂ ਲੋਕਤੰਤਰ ਲਈ ਚੰਗਾ ਸੰਕੇਤ ਨਹੀਂ ਹਨ।

***

## ਪੁਲਵਾਮਾ ਦੀ ਘਟਨਾ

ਮਲਿਕ ਦੀ ਭਰੋਸੇਯੋਗਤਾ ਨੂੰ ਚੁਣੌਤੀ ਦੇਣ ਵਾਲੀਆਂ ਸੋਸ਼ਲ ਮੀਡੀਆ ਪੋਸਟਾਂ ਕਰਨ ਥਾਪਰ ਦੇ ਇੰਟਰਵਿਊ ਨੂੰ ਅਪਲੋਡ ਕੀਤੇ ਜਾਣ ਤੋਂ ਪਹਿਲਾਂ ਹੀ ਆਉਣੀਆਂ ਸ਼ੁਰੂ ਹੋ ਗਈਆਂ ਸਨ ਅਤੇ ਇਸ ਨੂੰ ਅਪਲੋਡ ਕਰਨ ਤੋਂ ਬਾਅਦ ਵੀ ਜਾਰੀ ਰਿਹਾ। ਇਹ ਮੈਸੇਂਜਰ ਅਤੇ ਸੰਦੇਸ਼ ਦਾ ਮਿਆਰੀ ਸਵਾਲ ਲਿਆਉਂਦਾ ਹੈ: ਕੀ ਸਾਨੂੰ ਮੈਸੇਂਜਰ, ਸੱਤਿਆ ਪਾਲ ਮਲਿਕ ਦੀ ਭਰੋਸੇਯੋਗਤਾ 'ਤੇ ਧਿਆਨ ਦੇਣਾ ਚਾਹੀਦਾ ਹੈ, ਜਾਂ ਉਹ ਕੀ ਕਹਿ ਰਿਹਾ ਹੈ?

ਇਹ ਪੁੱਛਣ ਯੋਗ ਹੈ ਕਿ ਪ੍ਰਧਾਨ ਮੰਤਰੀ ਦੇ ਧਿਆਨ ਵਿੱਚ ਸਥਿਤੀਆਂ ਲਿਆਉਣ ਅਤੇ ਚੁੱਪ ਰਹਿਣ ਲਈ ਕਹਿਣ ਤੋਂ ਬਾਅਦ ਮਲਿਕ ਨੇ ਕੀ ਕੀਤਾ। ਕੀ ਸੰਵਿਧਾਨਕ ਅਥਾਰਟੀ ਵਜੋਂ ਉਸ ਦੀ ਜ਼ਿੰਮੇਵਾਰੀ ਪ੍ਰਧਾਨ ਮੰਤਰੀ ਦੇ ਧਿਆਨ ਵਿੱਚ ਇਨ੍ਹਾਂ ਗੱਲਾਂ ਨੂੰ ਲਿਆਉਣ ਅਤੇ ਚੁੱਪ ਰਹਿਣ ਨਾਲ ਖਤਮ ਹੋ ਗਈ ਸੀ, ਜਾਂ ਕੀ ਸੰਵਿਧਾਨ ਦੇ ਅਧੀਨ ਉਸ ਦੀ ਸਹੁੰ ਨੇ ਉਸ ਸਮੇਂ ਵੀ, ਕੁਝ ਹੋਰ ਕਰਨ ਦੀ ਮੰਗ ਕੀਤੀ ਸੀ ?ਜਦੋਂ ਕਿ ਉਪਰੋਕਤ ਸਵਾਲ ਜਾਇਜ਼ ਹਨ, ਤਾਂ ਕੀ ਬਰਾਬਰ ਹੈ, ਜੇਕਰ ਹੋਰ ਨਹੀਂ, ਤਾਂ ਵੈਧ ਉਹ ਹੈ ਜੋ ਉਸਨੇ ਕਿਹਾ ਹੈ। ਉਸ ਨੇ ਜੋ ਸਵਾਲ ਉਠਾਏ ਹਨ, ਉਨ੍ਹਾਂ ਦੇ ਜਵਾਬ ਦੀ ਲੋੜ ਹੈ, ਉਸ ਦੀ ਭਰੋਸੇਯੋਗਤਾ 'ਤੇ ਕੋਈ ਚਿੰਤਾ ਨਹੀਂ।

ਕੀ ਉਹ ਜਵਾਬ ਆਉਣਗੇ ਜਾਂ ਤੁਮ ਅਬ ਚੁਪ ਰਹੋ, ਜਾਂ ਫਿਰ ਚੁੱਪ ਛਾ ਜਾਵੇਗੀ ? ਸਮਾਂ ਹੀ ਦੱਸੇਗਾ।

***

## ਸਿੱਖ ਬੱਚਿਆਂ ਦਾ ਦਿਨ ਇੱਕ ਅਨੂਠੀ ਛਾਪ ਛੱਡ ਗਿਆ

ਰਾਜ ਸਿੰਘ ਕਲੇਰ। ਸਾਰੇ ਪ੍ਰੋਗਰਾਮ ਪ੍ਰਭਾਵ ਸ਼ਾਲੀ ਸੋਚ ਦਾ ਨਤੀਜਾ ਸਨ। ਇਸ ਪ੍ਰੋਗਰਾਮ ਦਾ ਅਨੰਦਰ ਹਰ ਛੋਟੇ ਵੱਡੇ ਅਤੇ ਸਮੂਹ ਸੰਗਤ ਨੇ ਸਾਰਾ ਦਿਨ ਭਰਪੂਰ ਮਾਣਿਆ। ਬੱਚਿਆਂ ਨੂੰ ਵੱਖ ਵੱਖ ਸਟਾਲਾਂ ਤੋਂ ਆਪਣੀ ਮਨਪਸੰਦ ਦੀਆਂ ਚੀਜ਼ਾਂ ਪ੍ਰਾਪਤ ਕਰਨ ਦਾ ਮੌਕਾ ਮਿਲਿਆ। ਬੱਚਿਆਂ ਨੂੰ ਇਨਾਮ ਦੇ ਕੇ ਉਤਸ਼ਾਹਿਤ ਕੀਤਾ ਗਿਆ। ਗੁਰੂ ਹਰਿਰਾਏ ਸਾਹਿਬ ਜੀ ਦੇ ਉਪਦੇਸ਼ ਅਨੁਸਾਰ ਕਿ ਵਾਤਾਵਰਣ ਪ੍ਰਤੀ ਸੁਚੇਤ ਹੋਣਾ ਚਾਹੀਦਾ ਹੈ। ਵੱਖ ਵੱਖ ਪੌਦੇ ਸੰਗਤਾਂ ਵਿੱਚ ਵੰਡੇ ਗਏ। ਗੁਰੂ ਕਾ ਲੰਗਰ ਅਤੁੱਟ ਵਰਤਦਾ ਰਿਹਾ। ਯਾਦਗਾਰੀ ਤਸਵੀਰਾਂ ਨਾਲ ਪ੍ਰੋਗਰਾਮ ਦੇ ਰੰਗ ਨੂੰ ਹੋਰ ਵੀ ਗੂੜਾ ਕੀਤਾ ਹੈ। ਗੁਰਦੁਆਰਾ ਸਾਹਿਬ ਫਰੀਮੋਂਟ ਦਾ ਇਹ ਵਿਲੱਖਣ ਉੱਦਮ ਸ਼ਲਾਘਾਯੋਗ ਹੈ। ਇਹੋ ਜਿਹੇ ਪ੍ਰੋਗਰਾਮਾਂ ਰਾਹੀਂ ਬੱਚਿਆਂ ਵਿੱਚ ਸਿੱਖੀ ਪ੍ਰਤੀ ਸ਼ਰਧਾ ਪਿਆਰ ਅਤੇ ਕੌਮੀ ਜਜਬਾ ਤਾਂ ਪੈਦਾ ਹੁੰਦਾ ਹੀ ਹੈ , ਨਾਲ ਹੀ ਵੱਖ ਵੱਖ ਖੇਤਰਾਂ ਵਿੱਚ ਬਹੁਤ ਕੁਝ ਸਿੱਖਣ ਨੂੰ ਮਿਲਦਾ ਹੈ। ਹਰ ਇਕ ਨੂੰ ਅਗਲੇ ਸਾਲ ਹੋਣ ਵਾਲੇ ਪ੍ਰੋਗਰਾਮ ਦੀ ਬੜੀ ਉਤਸ਼ੁਕਤਾ ਨਾਲ ਉਡੀਕ ਰਹੇਗੀ।

ਇਹ ਦਿਨ ਬੱਚਿਆਂ ਦਾ ਇਕ ਅਨੂਠੀ ਛਾਪ ਨਾਲ ਸੰਪੰਨ ਹੋਇਆ। ਜਿਸ ਵਾਸਤੇ ਬੱਚੇ, ਮਾਪੇ, ਅਧਿਆਪਕ ਸਮੂਹ ਸਾਧ ਸੰਗਤ, ਸੇਵਾਦਾਰ ਅਤੇ ਪ੍ਰਬੰਧਕ ਵਧਾਈ ਦੇ ਪਾਤਰ ਹਨ।

***

## ਸ਼੍ਰੋਮਣੀ ਕਮੇਟੀ ਚੋਣਾਂ ਲਈ ਵੋਟਾਂ ਬਣਾਉਣ ਦੀ ਪ੍ਰਕਿਰਿਆ

ਜਸਟਿਸ ਸਾਰੋਂ ਦੀ ਨਿਯੁਕਤੀ ਅਕਤੂਬਰ 2020 ਵਿੱਚ ਕੀਤੀ ਸੀ ਪਰ ਵੱਖਰੀ ਹਰਿਆਣਾ ਕਮੇਟੀ ਲਈ ਅਦਾਲਤੀ ਕੇਸ ਕਾਰਨ ਗੁਰਦੁਆਰਾ ਚੋਣਾਂ ਲਈ ਪ੍ਰਕਿਰਿਆ ਸ਼ੁਰੂ ਨਹੀਂ ਹੋ ਸਕੀ ਸੀ। ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਜਿਸ ਦੀ ਚੋਣ ਹਰ 5 ਸਾਲਾਂ ਬਾਅਦ ਕਾਨੂੰਨ ਅਨੁਸਾਰ ਹੋਣੀ ਜ਼ਰੂਰੀ ਹੈ ਪਰ ਇਹ ਚੋਣ ਕਦੀ ਵੀ ਨਿਰਧਾਰਤ ਸਮੇਂ 'ਤੇ ਨਹੀਂ ਹੋ ਸਕੀ ਅਤੇ ਹੁਣ ਵੀ ਇਹ ਚੋਣ ਹੋਇਆ 14 ਸਾਲ ਹੋ ਗਏ ਹਨ । ਕੈਪਟਨ ਸਰਕਾਰ ਦੌਰਾਨ ਇਹ ਚੋਣ ਕਰਵਾਉਣ ਲਈ ਵਿਧਾਨ ਸਭਾ ਤੋਂ ਵੀ ਮਤਾ ਕਰਵਾਇਆ ਗਿਆ ਸੀ ਪਰ ਕਈ ਵਾਰ ਕੇਂਦਰ ਸਰਕਾਰ ਤੇ ਕੇਂਦਰੀ ਏਜੰਸੀ ਇਸ ਚੋਣ ਨੂੰ ਇਸ ਲਈ ਵੀ ਅੱਗੇ ਪਾਉਂਦੀਆਂ ਰਹੀਆਂ ਕਿ ਇਸ ਚੋਣ 'ਚ ਕਿਤੇ ਖਾੜਕੂ ਸਿੱਖ ਹਾਵੀ ਨਾ ਹੋ ਜਾਣ। ਮੌਜੂਦਾ ਸੂਬਾ ਸਰਕਾਰ ਵੱਲੋਂ ਵੀ ਗੁਰਦੁਆਰਾ ਚੋਣਾਂ ਲਈ ਹੁਣ ਤਕ ਕੋਈ ਦਿਲਚਸਪੀ ਨਹੀਂ ਦਿਖਾਈ ਗਈ ਅਤੇ ਨਾ ਹੀ ਲਟਕ ਰਹੀ ਇਸ ਚੋਣ ਦਾ ਮਾਮਲਾ ਕੇਂਦਰ ਨਾਲ ਉਠਾਇਆ ਗਿਆ ਹੈ । ਮੌਜੂਦਾ ਸਰਕਾਰ ਵਿੱਚ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਆਪਣੇ ਤੌਰ 'ਤੇ ਲਗਾਤਾਰ ਗੁਰਦੁਆਰਾ ਚੋਣਾਂ ਛੇਤੀ ਕਰਵਾਉਣ ਦਾ ਮਾਮਲਾ ਜ਼ਰੂਰ ਉਠਾਉਂਦੇ ਰਹੇ ਹਨ। ਇਸ ਵਾਰ ਹੁਣ 112 ਹਲਕਿਆਂ ਵਿੱਚ ਵੋਟਾਂ ਪੈਣਗੀਆਂ ਅਤੇ ਹਰਿਆਣੇ ਦੀਆਂ 8 ਸੀਟਾਂ 'ਤੇ ਚੋਣ ਵੱਖਰੇ ਤੌਰ 'ਤੇ ਹੀ ਹੋਵੇਗੀ। ਸ਼੍ਰੋਮਣੀ ਕਮੇਟੀ ਦੇ 170 ਮੈਂਬਰਾਂ ਦੀ ਹਾਊਸ ਵਿਚ ਸਿੰਘ ਸਾਹਿਬਾਨਾਂ, ਦੂਜੇ ਸੂਬਿਆਂ ਤੇ ਵਿਦੇਸ਼ੀ ਨੁਮਾਇੰਦੇ ਵੀ ਨਾਮਜ਼ਦ ਕੀਤੇ ਜਾਂਦੇ ਹਨ, ਜਦੋਂਕਿ ਕਈ ਹਲਕੇ ਔਰਤਾਂ ਤੇ ਅਨੁਸੂਚਿਤ ਜਾਤਾਂ ਲਈ ਰਾਖਵੇਂ ਵੀ ਹਨ । ਇਸ ਕਾਰਨ ਕਮੇਟੀ ਦੇ ਕਈ ਹਲਕੇ ਡਬਲ ਹਨ, ਜਿੱਥੇ ਜਨਰਲ ਤੇ ਰਾਖਵੇਂ ਦੋਵੇਂ ਉਮੀਦਵਾਰਾਂ ਲਈ ਵੋਟਾਂ ਪੈਂਦੀਆਂ ਹਨ । ਇਸ ਵੇਲੇ ਸ਼੍ਰੋਮਣੀ ਅਕਾਲੀ ਦਲ ਦਾ ਕਮੇਟੀ 'ਤੇ ਕੰਟਰੋਲ ਹੈ, ਲੇਕਿਨ ਵੇਖਣ ਵਾਲੀ ਗੱਲ ਇਹ ਹੋਵੇਗੀ ਕਿ ਚੋਣਾਂ ਹੋਣ ਦੀ ਸੂਰਤ ਵਿੱਚ ਅਕਾਲੀ ਦਲ ਆਪਣਾ ਇਹ ਕੰਟਰੋਲ ਕਿਸ ਹੱਦ ਤੱਕ ਕਾਇਮ ਰੱਖ ਸਕੇਗੀ।

***

## ਗ਼ੈਰ ਸਿੱਖ ਲੋਕਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਦੀ ਮਰਿਆਦਾ ਬਾਰ

ਪਾਈ ਹੋਣ ਕਰਕੇ ਅਤੇ ਲੱਤਾਂ ਨੂੰ ਨਾ ਢਕਿਆ ਹੋਣ ਕਰਕੇ ਸਹੀ ਤਰੀਕੇ ਨਾਲ ਕਪੜੇ ਪਾ ਕੇ ਆਉਣ ਤੇ ਮਰਿਆਦਾ ਦਾ ਪਾਲਣ ਕਰਨ ਲਈ ਕਿਹਾ ਗਿਆ ਸੀ ਪਰ ਇਸ ਮਾਮਲੇ ਨੂੰ ਲੜਕੀ ਅਤੇ ਉਸਦੇ ਸਾਥੀਆਂ ਵੱਲੋਂ ਗਲਤ ਤਰੀਕੇ ਨਾਲ ਪੇਸ਼ ਕੀਤਾ ਗਿਆ। ਸੇਵਾਦਾਰ ਵੱਲੋਂ ਦਾਅਵਾ ਕੀਤਾ ਗਿਆ ਕਿ ਲੜਕੀ ਤੇ ਉਸਦੇ ਸਾਥੀ ਵੱਲੋਂ ਵੀਡੀਓ ਨੂੰ ਗਲਤ ਤਰੀਕੇ ਨਾਲ ਅਤੇ ਅਧੂਰੀ ਵੀਡੀਓ ਨੂੰ ਪੇਸ਼ ਕੀਤਾ ਗਿਆ।

**ਪਹਿਲਾਂ ਵੀ ਵਾਪਰ ਚੁੱਕੀਆਂ ਹਨ ਘਟਨਾਵਾਂ**

:ਸ੍ਰੀ ਦਰਬਾਰ ਸਾਹਿਬ 'ਚ ਇਸ ਤਰਾਂ ਦੀਆਂ ਘਟਨਾਂਵਾਂ ਪਹਿਲਾਂ ਵੀ ਵਾਪਰ ਚੁੱਕੀਆਂ ਹਨ। ਕੁਝ ਸਮਾਂ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਅੰਦਰ ਇਕ ਵਿਅਕਤੀ ਵੱਲੋਂ ਜੰਗਲਾ ਟੱਪ ਕੇ ਕਿਰਪਾਨ ਚੁੱਕ ਲਈ ਗਈ ਸੀ। ਉਸ ਸਮੇਂ ਵੀ ਵਿਵਾਦ ਪੈਦਾ ਹੋ ਗਿਆ ਸੀ। ਉਸ ਤੋਂ ਪਹਿਲਾਂ ਇਕ ਲੜਕੀ ਵੱਲੋਂ ਸ੍ਰੀ ਦਰਬਾਰ ਸਾਹਿਬ ਦੀ ਪਰਕਰਮਾ ਵਿੱਚ ਨੱਚਣ ਦੀ ਵੀਡੀਓ ਵੀ ਸਾਹਮਣੇ ਆਈ ਸੀ। ਇਸੇ ਤਰਾਂ ਦੀਆਂ ਹੋਰ ਵੀ ਕਈ ਘਟਨਾਵਾਂ ਪਹਿਲਾਂ ਵਾਪਰ ਚੁੱਕੀਆਂ ਹਨ।

ਸ੍ਰੀ ਦਰਬਾਰ ਸਾਹਿਬ ਵਿੱਚ ਇਹ ਵੀ ਵੇਖਣ ਵਿੱਚ ਆਇਆ ਹੈ ਕਿ ਭਾਰਤ ਦੇ ਵੱਖ ਵੱਖ ਸੂਬਿਆਂ ਤੋਂ ਆਏ ਲੋਕ ਅਕਸਰ ਅਣਜਾਣਪੁਣੇ ਵਿੱਚ ਜਾਂ ਜਾਣਕਾਰੀ ਦੀ ਘਾਟ ਕਾਰਨ ਕੜਾਹ ਪ੍ਰਸ਼ਾਦਿ ਦੀ ਦੇਗ ਲੈ ਕੇ ਉਸ ਨੂੰ ਮੱਥਾ ਟੇਕਣ ਤੋਂ ਪਹਿਲਾਂ ਹੀ ਪਰਿਕਰਮਾ ਵਿੱਚ ਬੈਠ ਕੇ ਖਾਣ ਲੱਗ ਜਾਂਦੇ ਹਨ। ਅਜਿਹੇ ਸ਼ਰਧਾਲੂਆਂ ਨੂੰ ਮਰਿਆਦਾ ਦਾ ਪਤਾ ਨਾ ਹੋਣ ਕਾਰਨ ਵੀ ਅਜਿਹਾ ਹੋ ਜਾਂਦਾ ਹੈ ਪਰ ਕਈ ਵਾਰ ਕੁਝ ਲੋਕ ਜਾਣ ਬੁੱਝ ਕੇ ਵੀ ਅਜਿਹਾ ਕਰਦੇ ਹਨ। ਇਸ ਤੋਂ ਇਲਾਵਾ ਅਕਸਰ ਭਾਰਤ ਦੇ ਵੱਖ- ਵੱਖ ਸੂਬਿਆਂ ਤੋਂ ਆਏ ਲੋਕ ਨੰਗੇ ਸਿਰ ਮੱਥਾ ਟੇਕਣ ਲਈ ਲਾਈਨ ਵਿੱਚ ਖੜੇ ਹੁੰਦੇ ਹਨ ਜਾਂ ਪਰਿਕਰਮਾ ਵਿੱਚ ਨੰਗੇ ਸਿਰ ਘੁੰਮਦੇ ਹਨ ਤਾਂ ਸੇਵਾਦਾਰਾਂ ਨੂੰ ਉਹਨਾਂ ਨੂੰ ਸਿਰ ਢੱਕਣ ਲਈ ਕਹਿਣਾ ਪੈਂਦਾ ਹੈ। ਇਸ ਕਾਰਨ ਵੀ ਕਈ ਵਾਰ ਦੂਜੇ ਸੂਬਿਆਂ ਦੇ ਲੋਕਾਂ ਅਤੇ ਸੇਵਾਦਾਰਾਂ ਵਿਚਾਲੇ ਵਿਵਾਦ ਪੈਦਾ ਹੋ ਜਾਂਦਾ ਹੈ।

***

## ਬੱਚਿਆਂ ਨੂੰ ਸਿੱਖੀ ਸਿਧਾਂਤਾਂ ਨਾਲ ਜੋੜਨ ਲਈ

ਡਾ. ਹਰਬੰਸ ਕੌਰ ਸਾਗੂ ਨੇ ਦੱਸਿਆ ਕਿ ਗੁਰਮਤਿ ਕੁਇਜ਼ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜੀਵਨ, ਪ੍ਰਚਾਰਕ ਦੌਰੇ, ਬਾਣੀ ਅਤੇ ਸ਼ਹਾਦਤ ਤੋਂ ਅਲਾਵਾ ਦਿੱਲੀ ਫਤਹਿ ਦਿਵਸ ਦਾ ਇਤਿਹਾਸ ਅਤੇ ਸਿੱਖ ਰਹਿਤ ਮਰਿਆਦਾ ਨੂੰ ਸਲੇਬਸ ਵਜੋਂ ਸ਼ਾਮਿਲ ਕੀਤਾ ਗਿਆ ਹੈ।

***

## ਪੁਲਵਾਮਾ ਦੀ ਘਟਨਾ

ਜਿੰਨਾ ਇਸਦੇ ਵਧੇਰੇ ਠੋਸ ਅਤੇ ਕੋਡਬੱਧ ਭਾਗ (ਪੈਰਾ 212)। ਜੋ ਕੁਝ ਕਿਹਾ ਨਹੀਂ ਗਿਆ ਹੈ, ਉਹ ਕਦੇ-ਕਦੇ ਕਹੀਆਂ ਗਈਆਂ ਗੱਲਾਂ ਨਾਲੋਂ ਜ਼ਿਆਦਾ ਮਹੱਤਵਪੂਰਨ ਹੋ ਸਕਦਾ ਹੈ। ਚੁੱਪ 'ਤੇ ਧਿਆਨ ਕਿਉਂ ?

ਇਸ ਦੌਰਾਨ ਮਲਿਕ ਆਪਣੀ ਇੰਟਰਵਿਊ ਵਿੱਚ ਅੱਗੇ ਕਹਿੰਦਾ ਹੈ, ਡੋਵਾਲ ਨੇ ਵੀ ਮੈਨੂੰ ਕਿਹਾ, ਇਹ ਸਭ ਨਾ ਕਹੋ, ਤੁਸੀਂ ਚੁੱਪ ਰਹੋ ਉਹ ਮੇਰਾ ਜਮਾਤੀ ਹੈ, ਉਹ ਮੇਰੇ ਨਾਲ ਕਿਸੇ ਵੀ ਗੱਲ 'ਤੇ ਗੱਲ ਕਰ ਸਕਦਾ ਹੈ, ਉਸਨੇ ਕਿਹਾ ਸਤਿਆ ਪਾਲ ਭਾਈ ਇਹ ਨਾ ਕਹੋ। ਇੰਟਰਵਿਊ ਸੁਣ ਕੇ ਇਸ ਗੱਲ ਦਾ ਸਹੀ ਅੰਦਾਜ਼ਾ ਲੱਗ ਜਾਂਦਾ ਹੈ ਕਿ ਮਲਿਕ ਨੂੰ ਕਿਸ ਬਾਰੇ ਚੁੱਪ ਰਹਿਣ ਲਈ ਕਿਹਾ ਜਾ ਰਿਹਾ ਸੀ, ਪਰ ਵੱਡੀ ਚਿੰਤਾ ਦੀ ਗੱਲ ਇਹ ਹੈ ਕਿ ਕਿਸ ਨੇ ਉਸ ਨੂੰ ਚੁੱਪ ਰਹਿਣ ਲਈ ਕਿਹਾ ਅਤੇ ਉਸ ਦੇ ਚੁੱਪ ਰਹਿਣ ਅਤੇ ਚੁੱਪ ਨਾ ਰਹਿਣ ਦੇ ਕੀ ਪ੍ਰਭਾਵ ਹੋ ਸਕਦੇ ਹਨ। ਚਿੰਤਾ ਇਸ ਲਈ ਪੈਦਾ ਹੁੰਦੀ ਹੈ ਕਿਉਂਕਿ ਰਾਸ਼ਟਰੀ ਸੁਰੱਖਿਆ ਅਤੇ ਦੇਸ਼ ਵਿੱਚ ਜਮਹੂਰੀਅਤ ਦੀ ਸਥਿਤੀ ਤੋਂ ਲੈ ਕੇ ਉਲਝਣਾਂ ਦਾ ਘੇਰਾ ਬਹੁਤ ਵਿਆਪਕ ਹੋ ਸਕਦਾ ਹੈ, ਹਾਲਾਂਕਿ ਇਹ ਲਾਜ਼ਮੀ ਤੌਰ 'ਤੇ, ਅਟਕਲਾਂ ਦੇ ਖੇਤਰ ਵਿੱਚ ਰਹਿਣੇ ਚਾਹੀਦੇ ਹਨ।

ਭ੍ਰਿਸ਼ਟਾਚਾਰ ਅਤੇ ਚੁੱਪ

ਇੱਕ ਹੋਰ ਵੱਡਾ ਮੁੱਦਾ ਜੋ ਚੁੱਪ ਨੂੰ ਲਾਗੂ ਕਰਨ ਦੀ ਬੋਲੀ ਵਿੱਚੋਂ ਪੈਦਾ ਹੁੰਦਾ ਹੈ ਉਹ ਭ੍ਰਿਸ਼ਟਾਚਾਰ ਦਾ ਹੈ। ਗੋਆ ਦੇ ਰਾਜਪਾਲ ਵਜੋਂ ਆਪਣੇ ਕਾਰਜਕਾਲ ਦੌਰਾਨ ਭ੍ਰਿਸ਼ਟਾਚਾਰ ਨਾਲ ਸਬੰਧਤ ਸਵਾਲਾਂ ਦਾ ਜਵਾਬ ਦਿੰਦੇ ਹੋਏ ਮਲਿਕ ਨੇ ਕਿਹਾ, "ਮੈਂ ਸੁਰੱਖਿਅਤ ਢੰਗ ਨਾਲ ਕਹਿ ਸਕਦਾ ਹਾਂ ਕਿ ਪ੍ਰਧਾਨ ਮੰਤਰੀ ਜੀ ਨੂੰ ਭ੍ਰਿਸ਼ਟਾਚਾਰ ਨਾਲ ਕੋਈ ਬਹੁਤੀ ਨਫਰਤ ਨਹੀਂ ਹੈ। ਮਲਿਕ ਨੇ ਆਪਣੇ ਬਿਆਨ ਨੂੰ ਪ੍ਰਮਾਣਿਤ ਕਰਨ ਲਈ ਜੰਮੂ-ਕਸ਼ਮੀਰ ਅਤੇ ਗੋਆ ਦੇ ਰਾਜਪਾਲ ਵਜੋਂ ਆਪਣੇ ਕਾਰਜਕਾਲ ਦੀਆਂ ਉਦਾਹਰਣਾਂ ਦਿੱਤੀਆਂ, ਜਿਸ ਵਿੱਚ ਉਨ੍ਹਾਂ ਖਾਸ ਵਿਅਕਤੀਆਂ ਦੇ ਨਾਵਾਂ ਦਾ ਜ਼ਿਕਰ ਕਰਨਾ ਸ਼ਾਮਲ ਹੈ ਜਿਨ੍ਹਾਂ ਨੂੰ ਉਸਨੇ ਪ੍ਰਧਾਨ ਮੰਤਰੀ ਦੇ ਬਹੁਤ ਨਜ਼ਦੀਕੀ ਕਿਹਾ ਜਾਂਦਾ ਸੀ। ਉਸਨੇ ਅੱਗੇ ਕਿਹਾ ਕਿ ਗੋਆ ਵਿੱਚ ਭ੍ਰਿਸ਼ਟਾਚਾਰ ਨੂੰ ਸਾਹਮਣੇ ਲਿਆਉਣ ਦਾ ਨਤੀਜਾ ਸੀ ਕਿ ਜਾਣਕਾਰੀ ਸਾਂਝੀ ਕਰਨ ਦੇ ਇੱਕ ਹਫ਼ਤੇ ਦੇ ਅੰਦਰ-ਅੰਦਰ ਉਸਦਾ ਉੱਥੋਂ ਤਬਾਦਲਾ ਕਰ ਦਿੱਤਾ ਗਿਆ ਸੀ। ਉਹ ਕਹਿੰਦਾ ਹੈ ਕਿ ਭਾਵੇਂ ਗੋਆ ਤੋਂ ਕੋਈ ਉਡਾਣ ਨਹੀਂ ਸੀ, ਪਰ ਉਸ ਨੂੰ ਬਾਹਰ ਲਿਜਾਣ ਲਈ ਭਾਰਤੀ ਹਵਾਈ ਸੈਨਾ ਦੀ ਇੱਕ ਵਿਸ਼ੇਸ਼ ਅਵਰੋ ਭੇਜੀ ਗਈ ਸੀ, ਜਿਸ ਨੂੰ ਗੋਆ ਤੋਂ ਗੁਹਾਟੀ ਤੱਕ ਪਹੁੰਚਣ ਵਿੱਚ ਪੂਰਾ ਦਿਨ ਲੱਗ ਗਿਆ ਸੀ।

ਮਲਿਕ ਦੁਆਰਾ ਸਾਹਮਣੇ ਆਏ ਭ੍ਰਿਸ਼ਟਾਚਾਰ 'ਤੇ ਚੁੱਪ ਰਹਿਣ ਦੀ ਪ੍ਰਵਿਰਤੀ ਪਹਿਲਾਂ ਵੀ ਪ੍ਰਗਟ ਹੋ ਚੁੱਕੀ ਹੈ। ਇੱਕ ਏਜੰਸੀ ਸਟੇਟ ਬੈਂਕ ਆਫ ਇੰਡੀਆ ਨੂੰ ਛੱਡ ਕੇ ਸਾਰਾ ਸਿਸਟਮ ਇਸ ਬਾਰੇ ਚੁੱਪ ਹੈ ਕਿ ਕੌਣ ਕਿਸ ਤੋਂ ਕਿੰਨਾ ਪੈਸਾ ਲੈਂਦਾ ਹੈ। ਅਤੇ ਭਾਰਤੀ ਸਟੇਟ ਬੈਂਕ, ਇੱਕ ਸੰਸਥਾ ਨੂੰ ਛੱਡ ਕੇ ਹਰ ਕਿਸੇ ਲਈ ਚੁੱਪ ਰਹਿ ਸਕਦਾ ਹੈ, ਅਤੇ ਰਹਿੰਦਾ ਹੈ, ਭਾਰਤ ਸਰਕਾਰ, ਜਿਸਦਾ ਅਸਲ ਅਰਥਾਂ ਵਿੱਚ, ਕੇਂਦਰ ਵਿੱਚ ਸੱਤਾਧਾਰੀ ਪਾਰਟੀ ਹੈ! ਇਹ ਚੁੱਪ ਦੀ ਸ਼ਕਤੀ ਹੈ ਜੋ ਚੋਣ ਬਾਂਡ ਸਕੀਮ ਨੂੰ ਜਾਰੀ ਰੱਖਦੀ ਹੈ। ਇੱਕ ਹੋਰ ਪ੍ਰਗਟਾਵਾ PM-CARES ਫੰਡ ਦੇ ਰੂਪ ਵਿੱਚ ਹੈ। ਇਸ ਦੀ ਵੈੱਬਸਾਈਟ ਦਾ ਪਤਾ https://www.pmcares.gov.in/ ਹੈ। ਪਤੇ ਵਿੱਚ "gov.in" ਨੂੰ ਸ਼ਾਮਲ ਕਰਨਾ ਆਮ ਹਾਲਤਾਂ ਵਿੱਚ ਇਸਦੀ ਸਥਿਤੀ ਬਾਰੇ ਇੱਕ ਬੇਵਕੂਫੀ ਹੈ, ਅਤੇ ਵੈਬਸਾਈਟ ਕਹਿੰਦੀ ਹੈ ਕਿ ਪ੍ਰਧਾਨ ਮੰਤਰੀ, ਪ੍ਰਧਾਨ ਮੰਤਰੀ ਕੇਅਰਜ਼ ਫੰਡ ਦੇ ਅਹੁਦੇ ਦੇ ਚੇਅਰਮੈਨ ਹਨ ਅਤੇ ਰੱਖਿਆ ਮੰਤਰੀ, ਗ੍ਰਹਿ ਮਾਮਲਿਆਂ ਦੇ ਮੰਤਰੀ ਅਤੇ ਵਿੱਤ ਮੰਤਰੀ, ਭਾਰਤ ਸਰਕਾਰ ਫੰਡ ਦੇ ਅਹੁਦੇਦਾਰ ਟਰੱਸਟੀ ਹਨ। ਇਸ ਸਭ ਦੇ ਬਾਵਜੂਦ ਭਾਰਤ ਸਰਕਾਰ ਨੇ ਦਿੱਲੀ ਹਾਈ ਕੋਰਟ ਵਿੱਚ ਦਿੱਤੇ ਹਲਫ਼ਨਾਮੇ ਵਿੱਚ ਕਿਹਾ ਹੈ ਕਿ ਇਹ ਫੰਡ ਸੂਚਨਾ ਅਧਿਕਾਰ ਕਾਨੂੰਨ ਦੇ ਦਾਇਰੇ ਵਿੱਚ ਨਹੀਂ ਆਉਂਦਾ। ਆਰ.ਟੀ.ਆਈ ਐਕਟ ਤਹਿਤ ਜਾਣਕਾਰੀ ਨਾ ਦੇਣਾ ਚੁੱਪ ਨੂੰ ਲਾਗੂ ਕਰਨ ਦੀ ਕੋਸ਼ਿਸ਼ ਦਾ ਇੱਕ ਹੋਰ ਰੂਪ ਹੈ।

ਮਲਿਕ ਅਡਾਨੀ ਮਾਮਲੇ 'ਤੇ ਪ੍ਰਧਾਨ ਮੰਤਰੀ ਦੀ ਚੁੱਪ 'ਤੇ ਵੀ ਟਿੱਪਣੀ ਕਰਦੇ ਹਨ ਅਤੇ ਕਹਿੰਦੇ ਹਨ ਕਿ ਇਹ ਚੁੱਪ ਪ੍ਰਧਾਨ ਮੰਤਰੀ ਨੂੰ ਕਿਸੇ ਵੀ ਤਰ੍ਹਾਂ ਦੀ ਮਦਦ ਨਹੀਂ ਕਰ ਰਹੀ ਹੈ।

**ਮੈਸੇਂਜਰ ਬਨਾਮ ਸੰਦੇਸ਼**

ਇਹ ਸਪੱਸ਼ਟ ਹੈ ਕਿ ਮਲਿਕ ਹੁਣ ਤੱਕ ਪੰਜ ਰਾਜਨੀਤਿਕ ਪਾਰਟੀਆਂ ਦੇ ਮੈਂਬਰ ਰਹਿ ਚੁੱਕੇ ਹਨ ਅਤੇ ਆਮ ਤੌਰ 'ਤੇ ਪੰਜ ਸਾਲਾਂ ਦੇ ਕਾਰਜਕਾਲ ਦੌਰਾਨ ਚਾਰ ਰਾਜਾਂ ਦੇ ਗਵਰਨਰ ਰਹੇ ਹਨ, ਇਹ ਕੋਈ ਭੱਜਣ ਵਾਲਾ ਸਿਆਸਤਦਾਨ ਨਹੀਂ ਹੈ। ਇਹ ਤੱਥ ਧਿਆਨ ਦੇਣ ਯੋਗ ਹੈ ਕਿ ਉਹ ਸੱਤਾਧਾਰੀਆਂ ਨੂੰ ਪਸੰਦ ਨਾ ਕਰਨ ਦੇ ਬਿਆਨ ਦੇਣ ਦੇ ਬਾਵਜੂਦ ਪੂਰੇ ਪੰਜ ਸਾਲਾਂ ਦੇ ਕਾਰਜਕਾਲ ਲਈ ਰਾਜ ਤੋਂ ਦੂਜੇ ਰਾਜ ਵਿੱਚ ਤਬਦੀਲ ਹੋਣ ਦੇ ਬਾਵਜੂਦ ਰਾਜਪਾਲ ਬਣੇ ਰਹੇ; ਜਿਵੇਂ ਕਿ ਇਹ ਤੱਥ ਹੈ ਕਿ ਜਦੋਂ 05 ਅਗਸਤ, 2019 ਨੂੰ ਧਾਰਾ 370 ਨੂੰ ਪੜ੍ਹ ਕੇ ਜੰਮੂ-ਕਸ਼ਮੀਰ ਦਾ ਵਿਸ਼ੇਸ਼ ਦਰਜਾ ਖ਼ਤਮ ਕੀਤਾ ਗਿਆ ਸੀ, ਉਦੋਂ ਉਹ ਰਾਜਪਾਲ ਸਨ।

## ਅੰਬ ਦੇ ਇੱਕ ਦਰਖ਼ਤ

**ਮੋਦੀ, ਯੋਗੀ ਅਤੇ ਐਸ਼ਵਰਿਆ ਸਮੇਤ 13 ਹਸਤੀਆਂ ਨਾਮ 'ਤੇ ਕਿਸਮਾਂ:** ਹਾਜੀ ਕਾਲੀਮੁੱਲ੍ਹਾ ਖਾਨ ਅੱਗੇ ਕਹਿੰਦੇ ਹਨ ਕਿ ਇਸ ਵਿਸ਼ੇਸ਼ ਅੰਬ ਦੇ ਦਰਖਤ ਦੇ ਨਾਲ ਅਸੀਂ ਖੁਦ 13 ਕਿਸਮਾਂ ਤਿਆਰ ਕੀਤੀਆਂ ਹਨ, ਜੋ ਆਪਣੇ ਆਪ ਵਿੱਚ ਖਾਸ ਹਨ। ਇਨ ਕਿਸਮਾਂ ਨੂੰ ਦੇਸ਼ ਦੀਆਂ ਵੱਡੀਆਂ ਹਸਤੀਆਂ ਦਾ ਨਾਮ ਦਿੱਤਾ ਗਿਆ ਹੈ। ਅੰਬ ਦੀ ਪਹਿਲੀ ਕਿਸਮ ਨੂੰ ਐਸ਼ਵਰਿਆ ਦਾ ਨਾਮ ਦਿੱਤਾ ਹੈ, ਜਿਸ ਦਿਨ ਇਹ ਕਿਸਮ ਤਿਆਰ ਕੀਤੀ ਗਈ ਸੀ, ਉਸ ਦਿਨ ਐਸ਼ਵਰਿਆ ਰਾਏ ਮਿਸ ਯੂਨੀਵਰਸ ਬਣੀ ਸੀ। ਉਹ ਦੁਨੀਆਂ ਦੀ ਸਭ ਤੋਂ ਖੂਬਸੂਰਤ ਔਰਤ ਹੈ। ਦੂਜੀ ਕਿਸਮ ਨੂੰ ਨਰਿੰਦਰ ਮੋਦੀ ਦਾ ਨਾਮ ਦਿੱਤਾ, ਇਸ ਨੂੰ ਨਮੋ ਨਾਮ ਦਿੱਤਾ ਗਿਆ ਹੈ।ਇਸ ਦੇ ਬਾਅਦ ਸਾਬਕਾ ਰਾਸ਼ਟਰਪਤੀ ਅਬਦੁਲ ਕਲਾਮ,ਕ੍ਰਿਕਟਰ ਸਚਿਨ ਤੇਂਦੁਲਕਰ, ਅਭਿਨੇਤਾ ਅਮਿਤਾਭ ਬੱਚਨ, ਯੂ ਪੀ ਦੇ ਮੁੱਖ ਮੰਤਰੀ ਯੋਗੀ ਆਦਿਤਯ ਨਾਥ, ਮੁਲਾਇਮ ਸਿੰਘ ਯਾਦਵ, ਅਖਿਲੇਸ਼ ਯਾਦਵ, ਅਮਿਤ ਸ਼ਾਹ ਦੇ ਦੇ ਨਾਮ 'ਤੇ ਅੰਬਾਂ ਦੀਆਂ ਕਿਸਮਾਂ ਵਿਕਸਤ ਕੀਤੀਆਂ ਹਨ। ਇਸ ਤੋਂ ਇਲਾਵਾ ਅਸੀਂ ਕੋਰੋਨਾ ਅਤੇ ਦਿੱਲੀ ਦੀ ਨਿਰਭਯਾ ਦੇ ਨਾਮ 'ਤੇ ਵੀ ਅੰਬਾਂ ਦੀਆਂ ਕਿਸਮਾਂ ਵਿਕਸਤ ਕੀਤੀਆਂ ਹਨ।

**1930 ਵਿੱਚ ਅੰਬਾਂ ਦੀਆਂ 1300 ਕਿਸਮਾਂ** : ਮਲਿਹਾਬਾਦ ਅੰਬਾਂ ਦੀ ਪੈਦਾਵਾਰ ਲਈ ਦੁਨੀਆ ਭਰ ਵਿੱਚ ਪ੍ਰਸਿੱਧ ਹੈ। ਸਾਲ 1919 ਵਿੱਚ ਇੱਥੇ 1300 ਕਿਸਮਾਂ ਦੇ ਅੰਬ ਪਾਏ ਜਾਂਦੇ ਸਨ। ਸਮੇਂ ਦੇ ਨਾਲ ਇਹ ਕਿਸਮਾਂ ਘੱਟ ਗਈਆਂ ਸਨ। ਹੁਣ ਯੂਪੀ ਵਿੱਚ 4 ਤੋਂ 5 ਸੌ ਕਿਸਮਾਂ ਦੇ ਅੰਬ ਹੁੰਦੇ ਹਨ। ਅੱਜ ਵੀ ਯੂਪੀ ਅੰਬ ਦੀ ਪੈਦਾਵਾਰ ਵਿੱਚ ਦੇਸ਼ ਵਿੱਚ ਨੰਬਰ ਵਨ ਹੈ। ਇੱਥੇ ਦਾ ਮਾਲਦਾਹਾ ਅੰਬ ਪੂਰੀ ਦੁਨੀਆਂ ਵਿੱਚ ਪ੍ਰਸਿੱਧ ਹੈ।

***

## ਮੇਰੀ ਜੂਹ ਦਾ ਪ੍ਰੇਮ ਗੋਰਖੀ

ਫਿਰ ਕੁਝ ਹੌਂਸਲਾ ਕਰਕੇ ਬੋਲਿਆ ਕਿ ਮੈਨੂੰ ਇਸ ਗੱਲ ਦੀ ਖੁਸ਼ੀ ਵੀ ਹੈ ਕਿ ਮੇਰੀ ਜੂਹ ਲਾਡੋਵਾਲੀ ਦਾ ਪ੍ਰਮਿੰਦਰ ਵੀ ਇੱਕ ਸਾਹਿਤਕਾਰ ਹੈ।

ਫਿਰ ਮੈਂ ਉਸਦੇ ਘਰ ਟ੍ਰਿਬਿਊਨ ਕਾਲੋਨੀ ਵੀ ਗਿਆ। ਫਿਰ ਅਸੀਂ ਕਈ ਵਾਰ ਚੰਡੀਗੜ੍ਹ ਦੇ ਇੰਡੀਅਨ ਕੌਫੀ ਹਾਊਸ ਵਿੱਚ ਬੈਠਦੇ ਰਹੇ। ਫਿਰ ਕਦੇ ਰੈਸਟਰਾਂ ਵਿੱਚ ਬੈਠਦੇ ਰਹੇ। ਲਾਡੋਵਾਲੀ ਦੀਆਂ ਗੱਲਾਂ, ਸਾਹਿਤ ਦੀਆਂ ਗੱਲਾਂ, ਹੱਡ ਬੀਤੀਆਂ, ਜਗ ਬੀਤੀਆਂ, ਆਦਿ ਸਾਂਝੀਆਂ ਕਰਦੇ ਰਹੇ। ਉਸਨੇ ਇਕ ਭਾਵਕ ਪਰ ਦਿਲਚਸਪ ਗੱਲ ਕੀਤੀ ਕਿ ਜਦੋਂ ਉਹ 1978 ਵਿੱਚ ਪੰਜਾਬੀ ਟ੍ਰਿਬਿਊਨ ਦੀ ਨੌਕਰੀ ਤੇ ਆਇਆ ਤਾਂ ਸ਼ਹਿਰ ਦੀ ਚਮਕ ਦਮਕ ਵੇਖ ਕੇ ਹੈਰਾਨ ਹੋ ਗਿਆ। ਉਸ ਭਾਵੁਕ ਹੋ ਕੇ ਦਸਿਆ ਕਿ ਲਾਡੋਵਾਲੀ ਤਾਂ ਸਾਨੂੰ ਦੀਵੇ ਦੀ ਲੋਅ ਵੀ ਬਰਾਬਰ ਨਹੀਂ ਮਿਲਦੀ ਸੀ, ਪਰ ਇੱਥੇ ਤਾਂ ਰੌਸ਼ਣੀਆਂ ਨਿੱਤ ਪੈਰਾਂ ਹੇਠ ਵਿੱਛੀਆਂ ਪੈਰ ਚੁੰਮਦੀਆਂ ਹਨ। ਉਸਦੀ ਭਾਵੁਕਤਾ ਵਿੱਚ ਸੱਚ ਅਤੇ ਸਾਹਿਤਕ ਰੰਗ ਸੀ। ਸੰਨ 2001 ਵਿੱਚ ਮੇਰੀ ਵੱਡੀ ਬੇਟੀ ਦਾ ਵਿਆਹ ਜਲੰਧਰ ਵਿਖੇ ਹੋਇਆ। ਗੋਰੀ ਅਤੇ ਉਸਦੀ ਘਰਵਾਲੀ ਵੀ ਸ਼ਾਮਿਲ ਹੋਏ। ਪ੍ਰਸਿੱਧ ਗਜਲਗੋ ਡਾ. ਜਗਤਾਰ ਵੀ ਪਹੁੰਚੇ ਸਨ। ਗੋਰਖੀ ਅਤੇ ਡਾ. ਜਗਤਾਰ ਕਾਫੀ ਦੇਰ ਬੈਠ ਗੱਲਾਂ ਕਰਦੇ ਰਹੇ।

ਸੰਨ 2004 ਵਿੱਚ ਮੈਂ ਫਿਰ 'ਗਿੰਨੀ ਸਿਮਰਤੀ ਗ੍ਰੰਥ' ਛਪਵਾਉਣ ਲਈ ਚੰਡੀਗੜ੍ਹ ਗਿਆ। ਗੋਰਖੀ ਨੇ ਪੁਸਤਕ ਤਿਆਰ ਕਰਨ ਵਿੱਚ ਪੂਰਾ ਸਹਿਯੋਗ ਦਿਤਾ। ਇਸ ਵਡ ਅਕਾਰੀ ਪੁਸਤਕ ਵਿੱਚ 35 ਲੇਖਕਾਂ ਨੇ ਆਪਣੀਆਂ ਰਚਨਾਵਾਂ ਨਾਲ ਸਾਂਝ ਪਾਈ ਹੈ।

ਫਿਰ ਅਸੀਂ ਪੁਸਤਕ ਉਤਮ ਰੈਸਤਰਾਂ ਚੰਡੀਗੜ੍ਹ ਵਿੱਚ ਸਾਹਿਤਕਾਰ ਸੰਤੋਖ ਸਿੰਘ ਧੀਰ ਪਾਸੋਂ ਲੋਕ ਅ ਰਪਣ ਕਰਵਾਈ। ਗੋਰਖੀ ਨੇ ਮੁੱਖ ਬੰਦ (15 ਅਗਸਤ 2004) ਲਿਖਿਆ। ਗੋਰਖੀ ਨੇ ਮੁੱਖ ਬੰਧ ਆਪਣੇਪਨ ਦੇ ਅਹਿਸਾਸ ਨਾਲ ਸਮਾਗਮ ਵਿੱਚ ਪੜ੍ਹਿਆ। ਗੋਰਖੀ ਯਾਰਾਂ ਦਾ ਯਾਰ ਸੀ। ਹਰ ਕਿਸੇ ਦੇ ਕੰਮ ਆਉਣ ਵਾਲਾ ਇਨਸਾਨ ਸੀ। ਸ਼ੁਹਿਰਦ, ਮਿਹਨਤੀ ਅਤੇ ਸਥਾਪਤ ਸਾਹਿਤਕਾਰ ਸੀ। ਮੇਰੀ ਜੂਹ ਦਾ ਪ੍ਰੇਮ ਗੋਰਖੀ ਹਮੇਸ਼ਾ ਯਾਦ ਰਹੇਗਾ। ਗਿੰਨੀ ਸਿਮਰਤੀ ਗੰਥ ਦਾ ਉਸਦਾ ਲੇਖ ਵੱਖਰਾ ਪਾਠਕਾਂ ਦੇ ਗੋਚਰੇ ਹੋਵੇਗਾ।

***

## ਕੀ ਅਮਰੀਕਾ ਦੇ ਸੁਪਰ ਪਾਵਰ ਤੇ

ਇਸ ਦੇ ਢਾਂਚੇ ਨੂੰ ਅਗਲੇ ਬ੍ਰਿਕਸ ਸੰਮੇਲਨ ਵਿੱਚ ਪੇਸ਼ ਕੀਤਾ ਜਾਵੇਗਾ। ਇਹ ਸਿਖਰ ਸੰਮੇਲਨ ਇਸ ਸਾਲ ਅਗਸਤ ਵਿੱਚ ਦੱਖਣੀ ਅਫਰੀਕਾ ਦੇ ਡਰਬਨ ਵਿਚ ਹੋਵੇਗਾ। ਇਹ ਸੰਭਵ ਹੈ ਕਿ ਇਸ ਪ੍ਰਸਤਾਵਿਤ ਮੁਦਰਾ ਦਾ ਮੁੱਲ ਸੋਨੇ ਅਤੇ ਹੋਰ ਕੀਮਤੀ ਖਣਿਜਾਂ ਦੇ ਸਾਂਝੇ ਮੁੱਲ ਨਾਲ ਜੋੜ ਦਿਤਾ ਜਾਵੇ - ਜਿਵੇਂ ਕਿ ਡਾਲਰ ਦਾ ਮੁੱਲ 1971 ਤੱਕ ਅਮਰੀਕੀ ਭੰਡਾਰਾਂ ਵਿੱਚ ਸੋਨੇ ਦੀ ਮਾਤਰਾ ਦੁਆਰਾ ਨਿਰਧਾਰਤ ਕੀਤਾ ਗਿਆ ਸੀ। ਉਸ ਪ੍ਰਣਾਲੀ ਨੂੰ ਗੋਲਡ ਸਟੈਂਡਰਡ ਕਿਹਾ ਜਾਂਦਾ ਸੀ।

ਹਾਲਾਂਕਿ, ਇੱਥੇ ਅਸਲ ਮੁੱਦਾ ਇਹ ਨਹੀਂ ਹੈ ਕਿ ਕਿਹੜੀ ਮੁਦਰਾ ਅਪਣਾਈ ਜਾਵੇਗੀ। ਮਹੱਤਵਪੂਰਨ ਗੱਲ ਇਹ ਹੈ ਕਿ ਡਾਲਰ ਤੋਂ ਛੁਟਕਾਰਾ ਪਾਉਣ ਦਾ ਵਰਤਾਰਾ ਦਿਨੋ-ਦਿਨ ਮਜ਼ਬੂਤ ? ?ਹੁੰਦਾ ਜਾ ਰਿਹਾ ਹੈ। ਇਸ ਵਰਤਾਰੇ ਨੂੰ ਗੋਲਡਮੈਨ ਸ਼ੈਕਸ ਗਰੁੱਪ ਦੇ ਸਾਬਕਾ ਅਰਥ ਸ਼ਾਸਤਰੀ ਜਿਮ ਓ@ਨੀਲ ਦੁਆਰਾ ਇੱਕ ਤਾਜ਼ਾ ਪੇਪਰ ਨੇ ਹੋਰ ਬਲ ਪ੍ਰਦਾਨ ਕੀਤਾ ਹੈ।

ਜਿਮ ਓ ਨੀਲ ਨੇ ਸਭ ਤੋਂ ਪਹਿਲਾਂ ਕਿਸੇ ਵੇਲੇ ਕਿਹਾ ਸੀ ਕਿ ਬ੍ਰਾਜ਼ੀਲ, ਰੂਸ, ਭਾਰਤ ਅਤੇ ਚੀਨ ਹੁਣ ਵਿਸ਼ਵ ਆਰਥਿਕਤਾ ਦੇ ਇੰਜਣ ਹੋਣਗੇ। ਹੁਣ ਉਸੇ ਜਿਮ ਓਨੀਲ ਨੇ ਕਿਹਾ ਹੈ ਕਿ ਬ੍ਰਿਕਸ ਮੈਂਬਰ ਦੇਸ਼ਾਂ ਨੂੰ ਡਾਲਰ ਦੀ ਵਰਤੋਂ ਬੰਦ ਕਰ ਦੇਣੀ ਚਾਹੀਦੀ ਹੈ, ਕਿਉਂਕਿ ਡਾਲਰ ਦੀ ਕੀਮਤ ਅਸਲ ਵਿੱਚ ਇਸ ਤੋਂ ਕਿਤੇ ਵੱਧ ਬਣੀ ਹੋਈ ਹੈ।ਇਸ ਤੋਂ ਇਲਾਵਾ ਕਈ ਪ੍ਰਸਤਾਵ ਵੀ ਵਿਚਾਰ ਅਧੀਨ ਹਨ। ਇਹ ਸਾਰਾ ਘਟਨਾਕ੍ਰਮ ਅਜਿਹੇ ਸਮੇਂ ਵਿੱਚ ਹੋ ਰਿਹਾ ਹੈ ਜਦੋਂ ਅਮਰੀਕੀ ਅਰਥਚਾਰਾ ਮਹਿੰਗਾਈ, ਘਰੇਲੂ ਖਪਤਕਾਰਾਂ 'ਤੇ ਵਿਆਜ ਦਰਾਂ ਵਧਣ ਦਾ ਅਸਰ ਅਤੇ ਹੁਣ ਬੈਂਕਿੰਗ ਸੰਕਟ ਕਾਰਨ ਕਰੰਸੀ 'ਤੇ ਦਬਾਅ ਕਾਰਨ ਸੰਕਟ ਵਿੱਚ ਘਿਰਿਆ ਨਜ਼ਰ ਆ ਰਿਹਾ ਹੈ। ਇਸ ਦੇ ਨਾਲ ਹੀ ਡਾਲਰ ਦੇ ਭਵਿੱਖ ਨੂੰ ਲੈ ਕੇ ਚਿੰਤਾਵਾਂ ਵੀ ਡੂੰਘੀਆਂ ਹੋ ਗਈਆਂ ਹਨ। ਇਹ ਉਹ ਸੰਦਰਭ ਹੈ ਜਿਸ ਵਿੱਚ ਫਰੀਦ ਜ਼ਕਰੀਆ ਤੋਂ ਲੈ ਕੇ ਫੌਕਸ ਨਿਊਜ਼ ਅਤੇ ਰੁਚਿਰ ਸ਼ਰਮਾ ਤੱਕ ਹਰ ਕੋਈ ਅਮਰੀਕਾ ਦੇ ਸੁਪਰਪਾਵਰ ਰੁਤਬੇ ਦੇ ਅੰਤ ਦੀ ਉਮੀਦ ਕਰ ਰਿਹਾ ਹੈ।

***

## ਯੋਗੀ ਸਟਾਈਲ ਇਨਸਾਫ਼

ਕਾਰਵਾਈ ਵਿਚ ਜ਼ਖਮੀ ਹੋਣ ਤੋਂ ਬਾਅਦ ਗ੍ਰਿਫਤਾਰ ਕੀਤੇ ਗਏ ਸਨ। ਉੱਤਰ ਪ੍ਰਦੇਸ਼ ਵਿੱਚ ਜਿੱਥੇ ਅਪਰਾਧੀਆਂ ਦੀ ਲੱਤ ਵਿੱਚ ਗੋਲੀ ਮਾਰੀ ਜਾਂਦੀ ਹੈ, ਉੱਥੇ ਇਸ ਨੂੰ ਪੁਲਿਸ ਵਾਲੇ ਹੀ ਨਹੀਂ ,ਸਗੋਂ ਸੱਤਾ ਦੇ ਗਲਿਆਰਿਆਂ ਵਿੱਚ ਵੀ 'ਅਪਰੇਸ਼ਨ ਲੰਗੜਾ' ਕਹਿੰਦੇ ਹਨ।

ਹਾਲਾਂਕਿ, ਅਜਿਹੇ ਅਪਰੇਸ਼ਨਾਂ ਦੌਰਾਨ ਪਿਛਲੇ ਛੇ ਸਾਲਾਂ ਵਿੱਚ 13 ਪੁਲਿਸ ਵਾਲੇ ਵੀ ਮਾਰੇ ਗਏ ਸਨ ਅਤੇ 1,443 ਪੁਲਿਸ ਵਾਲੇ ਜ਼ਖਮੀ ਹੋਏ ਸਨ।

ਇੰਡੀਅਨ ਐਕਸਪ੍ਰੈਸ ਮੁਤਾਬਕ ਆਦਿਤਿਆਨਾਥ ਨੇ ਵੀ ਅਜਿਹੇ ਮੁਕਾਬਲਿਆਂ ਨੂੰ ਸਿਆਸੀ ਮੰਤਵਾਂ ਲਈ ਵਰਤਿਆ ਹੈ। ਜਨਵਰੀ 2022 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਸ਼ਾਮਲੀ ਵਿੱਚ ਇੱਕ ਜਨਤਕ ਰੈਲੀ ਦੌਰਾਨ, ਉਸਨੇ ਰਾਜ ਵਿੱਚ ਅਸੁਰੱਖਿਆ, ਦੰਗੇ ਅਤੇ ਮਾਫੀਆ ਦਾ ਜ਼ਿਕਰ ਕੀਤਾ ਸੀ। ਉਸ ਨੇ ਕਿਹਾ ਸੀ - ਮੈਂ ਵਾਅਦਾ ਕਰਦਾ ਹਾਂ, 10 ਮਾਰਚ ਤੋਂ ਬਾਅਦ, ਅਸੀਂ ਉਨ੍ਹਾਂ ਨੂੰ ਪੂਰੀ ਤਰ੍ਹਾਂ ਸ਼ਾਂਤ ਕਰ ਦੇਵਾਂਗੇ।

ਹਾਲ ਹੀ ਵਿੱਚ, 25 ਫਰਵਰੀ ਨੂੰ, ਪ੍ਰਯਾਗਰਾਜ ਵਿੱਚ ਗੋਲੀਬਾਰੀ ਦੇ ਇਕ ਦਿਨ ਬਾਅਦ ਵਿੱਚ ਉਮੇਸ਼ ਪਾਲ ਅਤੇ ਦੋ ਸੁਰੱਖਿਆ ਕਰਮਚਾਰੀਆਂ ਦੀ ਮੌਤ ਦੇ ਇੱਕ ਦਿਨ ਬਾਅਦ, ਆਦਿਤਿਆਨਾਥ ਨੇ ਵਿਧਾਨ ਸਭਾ ਵਿੱਚ ਕਿਹਾ ਸੀ - ਇਸ ਮਾਫੀਆ ਕੋ ਮਿੱਟੀ ਮੇਂ ਮਿਲਾ ਦੂੰਗਾ।

ਅੰਕੜਿਆਂ ਦੇ ਅਨੁਸਾਰ, ਸਭ ਤੋਂ ਵੱਧ ਮੁਕਾਬਲੇ 2018 ਦੌਰਾਨ ਹੋਏ ਆਦਿਤਿਆਨਾਥ ਨੇ ਆਪਣੇ ਆਪ ਨੂੰ ਅਪਰਾਧੀਆਂ ਨਾਲ ਨਜਿੱਠਣ ਵਾਲੇ ਇੱਕ ਸਖ਼ਤ ਵਿਅਕਤੀ ਵਜੋਂ ਪ੍ਰਦਰਸ਼ਿਤ ਕੀਤਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਦੋਵਾਂ ਨੇ ਕਾਨੂੰਨ ਵਿਵਸਥਾ ਦੇ ਲਿਹਾਜ਼ ਨਾਲ ਯੂਪੀ ਨੂੰ ਸਰਵੋਤਮ ਰਾਜ ਦੱਸਿਆ। ਤੁਹਾਨੂੰ ਦਸ ਦੇਈਏ ਇਹ ਮਨੁੱਖੀ ਅਧਿਕਾਰਾਂ ਵਿਰੋਧੀ ਵਰਤਾਰਾ ਬੇਅੰਤ ਸਿੰਘ ਦੇ ਰਾਜ ਦੌਰਾਨ ਵਾਪਰਿਆ ਸੀ ਤੇ ਬਹੁਤ ਸਾਰੇ ਸਿੱਖ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਸ਼ਹੀਦ ਕੀਤਾ ਗਿਆ ਸੀ।

## ਟਾਈਮ' ਮੈਗਜ਼ੀਨ ਦੁਨੀਆ ਦੇ 100 ਪ੍ਰਭਾਵਸ਼ਾਲੀ

ਪ੍ਰਭਾਵ ਬਾਰੇ ਕਈ ਕਹਾਣੀਆਂ ਛਾਪੀਆਂ ਹਨ। ਇਨ੍ਹਾਂ ਵਿੱਚੋਂ ਕੁਝ ਭਾਰਤੀ ਪੱਤਰਕਾਰਾਂ ਨੇ ਲਿਖੀਆਂ ਪਰ ਬਹੁਤੀਆਂ ਅਖਬਾਰਾਂ ਜਾਂ ਮੈਗਜ਼ੀਨ ਦੇ ਆਪਣੇ ਸਟਾਫ ਨੇ। ਰਾਹੁਲ ਗਾਂਧੀ ਨੇ ਵੀ ਕੌਮਾਂਤਰੀ ਮੰਚਾਂ 'ਤੇ ਮੋਦੀ ਦੇ ਪਾਜ ਖੋਲ੍ਹੇ। ਇਸ ਦੇ ਨਤੀਜੇ ਵਜੋਂ ਵਿਦੇਸ਼ਾਂ ਵਿਚ ਮੋਦੀ ਦਾ ਅਕਸ ਵਿਗੜਿਆ ਹੈ। ਟਾਈਮ ਮੈਗਜ਼ੀਨ ਦੇ ਪਾਠਕਾਂ ਵੱਲੋਂ ਮੋਦੀ ਨੂੰ ਨਜ਼ਰਅੰਦਾਜ਼ ਕਰਨ ਤੋਂ ਲਗਦਾ ਹੈ ਕਿ ਉਹ ਉਨ੍ਹਾਂ ਦੀਆਂ ਨੀਤੀਆਂ ਨੂੰ ਲੋਕਾਂ ਲਈ ਚੰਗੀਆਂ ਨਹੀਂ ਸਮਝਦੇ।

## ਮੋਦੀ ਸਰਕਾਰ ਪਾਕਿਸਤਾਨ ਨਾਲ ਕਰ

ਵਿਕਾਸ ਹੋ ਸਕਦਾ ਹੈ। ਪਰ ਪੰਜਾਬ ਨਾਲ ਵਿਤਕਰਾ ਕਿਉਂ ਕੀਤਾ ਜਾ ਰਿਹਾ ਹੈ ? ਪੰਜਾਬ ਪੱਖੀ ਪਾਰਟੀਆਂ ਨੂੰ ਪੰਜਾਬ ਦੇ ਅਟਾਰੀ-ਵਾਹਗਾ ਅਤੇ ਫਿਰੋਜ਼ਪੁਰ ਹੁਸੈਨੀਵਾਲਾ ਸਰਹੱਦ ਜਿੱਥੋਂ ਰੇਲ ਸੰਪਰਕ ਸਿੱਧਾ ਕਸੂਰ ਤੇ ਲਾਹੌਰ ਨਾਲ ਜੁੜਿਆ ਹੋਇਆ ਸੀ, ਨੂੰ ਖੋਲ੍ਹਣ ਦਾ ਮੁੱਦਾ ਪੰਜਾਬ ਦਾ ਸਾਂਝਾ ਮੁੱਦਾ ਬਣਾਉਣਾ ਚਾਹੀਦਾ ਹੈ। ਕੀ ਜੇਕਰ ਪੰਜਾਬ ਵਾਲੇ ਬਾਰਡਰ ਵਪਾਰ ਲਈ ਖੋਲਣ ਨਾਲ ਪੰਜਾਬ ਦੀ ਆਰਥਿਕਤਾ ਵਧਦੀ ਹੈ ਤਾਂ ਕੀ ਭਾਰਤ ਵਿਕਾਸ ਨਹੀਂ ਕਰੇਗਾ ? ਪਾਕਿਸਤਾਨ ਨਾਲ ਵਪਾਰ ਚੀਨ ਵਾਂਗ ਵਪਾਰਕ ਘਾਟੇ ਦਾ ਵੀ ਕਾਰਨ ਨਹੀਂ, ਸਗੋਂ ਵਪਾਰਕ ਫ਼ਾਇਦੇ ਦਾ ਸੌਦਾ ਹੋਵੇਗਾ। ਉਦਾਹਰਨ ਵਜੋਂ 2019 ਵਿੱਚ ਭਾਰਤ ਨੇ ਪਾਕਿਸਤਾਨ ਨੂੰ 370 ਕਰੋੜ ਰੁਪਏ ਦਾ ਸਾਮਾਨ ਭੇਜਿਆ ਸੀ ਤੇ ਉਨੇ ਸਮੇਂ ਵਿੱਚ ਸਿਰਫ਼ 18 ਕਰੋੜ ਰੁਪਏ ਦਾ ਸਾਮਾਨ ਹੀ ਮੰਗਵਾਇਆ ਸੀ। ਫਿਰ ਇਹ ਵਪਾਰ ਸ਼ਾਂਤੀ ਅਤੇ ਖੁਸ਼ਹਾਲੀ ਦੇ ਕਈ ਹੋਰ ਦਰਵਾਜ਼ੇ ਖੋਲ੍ਹਣ ਦਾ ਕਾਰਨ ਵੀ ਬਣੇਗਾ।

**

## ਵਿਸਾਖੀ ਦੇ ਪਵਿੱਤਰ ਦਿਹਾੜੇ ਮੌਕੇ ਪੰਜਾਬ ਪੁਲਿਸ ਵੱਲੋਂ

ਜਾਣ ਦਿੱਤਾ ਜਾ ਰਿਹਾ ਸੀ।ਵਿਸਾਖੀ ਮੇਲੇ 'ਤੇ ਤਾਇਨਾਤ ਭਾਰੀ ਪੁਲਿਸ ਬਲ ਬਾਰੇ ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਇਹ ਰੁਟੀਨ ਦਾ ਮਾਮਲਾ ਹੈ। ਸ੍ਰੀ ਆਨੰਦਪੁਰ ਸਾਹਿਬ ਵਿਚ ਜਦੋਂ ਹੋਲਾ ਮੁਹੱਲਾ ਹੁੰਦਾ ਹੈ ਤਾਂ ਉਥੇ ਪੰਜ ਹਜ਼ਾਰ ਪੁਲਿਸ ਮੁਲਾਜ਼ਮ ਤਾਇਨਾਤ ਹੁੰਦੇ ਹਨ। ਅਜਿਹਾ ਲੋਕਾਂ ਦੀ ਸਹੂਲਤ ਅਤੇ ਸੁਰੱਖਿਆ ਲਈ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਕੁਝ ਲੋਕ ਪਾਕਿਸਤਾਨ ਦੀ ਆਈਐੱਸਆਈ ਦੇ ਇਸ਼ਾਰੇ 'ਤੇ ਪੰਜਾਬ ਦਾ ਮਾਹੌਲ ਖ਼ਰਾਬ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਪਰ ਪੰਜਾਬ ਦੇ ਆਮ ਲੋਕ ਸ਼ਾਂਤੀ ਚਾਹੁੰਦੇ ਹਨ। ਪੰਜਾਬ ਪੁਲਿਸ ਹਰ ਸਥਿਤੀ ਨਾਲ ਨਜਿੱਠਣ ਲਈ ਤਿਆਰ ਹੈ। ਪੁਲਿਸ ਕਿਸੇ ਵੀ ਹਾਲਤ ਵਿਚ ਸੂਬੇ ਦੀ ਸ਼ਾਂਤੀ ਨੂੰ ਭੰਗ ਨਹੀਂ ਹੋਣ ਦੇਵੇਗੀ। ਪੰਜਾਬ ਪੁਲਿਸ ਹਰ ਸਥਿਤੀ ਨਾਲ ਨਜਿੱਠਣ ਲਈ ਤਿਆਰ ਹੈ। ਪੰਜਾਬ ਵਿੱਚ ਅਮਨ-ਸ਼ਾਂਤੀ ਕਾਇਮ ਰੱਖੀ ਜਾਵੇਗੀ।

***

## 21 ਸਾਲਾ ਨੌਜਵਾਨ ਨੇ ਲੀਕ ਕੀਤੇ ਸਨ

ਅਣਅਧਿਕਾਰਤ ਪ੍ਰਸਾਰਣ ਦੇ ਸਬੰਧ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ। ਰਿਪੋਰਟ ਮੁਤਾਬਕ ਇਹ ਨੌਜਵਾਨ ਵੀਡੀਓ ਗੇਮਾਂ ਅਤੇ ਬੰਦੂਕਾਂ ਦਾ ਸ਼ੌਕੀਨ ਹੈ। ਉਸਨੇ ਇਹ ਫਾਈਲਾਂ ਇੱਕ ਸੋਸ਼ਲ ਮੀਡੀਆ ਪਲੇਟਫਾਰਮ ਦੇ ਚੈਟਰੂਮ 'ਠੱਗ ਸ਼ੇਕਰ ਸੈਂਟਰਲ' ਵਿੱਚ ਸਾਂਝੀਆਂ ਕੀਤੀਆਂ ਸਨ।

***

## ਅਮਰੀਕਾ ਦੀ ਜੇਲ੍ਹ 'ਚ ਜ਼ਿੰਦਾ ਵਿਅਕਤੀ ਨੂੰ ਖਾ ਗਏ ਖਟਮਲ

ਵਿੱਚ ਉਸ ਦੇ ਸਰੀਰ 'ਤੇ ਲੱਖਾਂ ਕੀੜੇ-ਮਕੌੜੇ ਦੇਖੇ ਜਾ ਸਕਦੇ ਹਨ।ਮੀਡੀਆ ਰਿਪੋਰਟਾਂ ਮੁਤਾਬਕ ਮ੍ਰਿਤਕ ਦੇ ਵਕੀਲ ਨੇ ਦੱਸਿਆ ਕਿ ਇਸ ਮਾਮਲੇ 'ਚ ਅਪਰਾਧਿਕ ਜਾਂਚ ਦੀ ਮੰਗ ਕੀਤੀ ਜਾ ਰਹੀ ਹੈ। ਇਹ ਮਾਮਲਾ ਫਿਲਹਾਲ ਅਦਾਲਤ ਵਿੱਚ ਹੈ।' ਉਨ੍ਹਾਂ ਆਪਣੇ ਬਿਆਨ ਵਿੱਚ ਕਿਹਾ ਕਿ 'ਲਸ਼ੋਨ ਜੇਲ੍ਹ ਦੀ ਇੱਕ ਬਹੁਤ ਹੀ ਗੰਦੀ ਕੋਠੜੀ ਵਿੱਚ ਮ੍ਰਿਤਕ ਪਾਇਆ ਗਿਆ ਸੀ, ਜਿਸ ਸੈੱਲ ਵਿੱਚ ਉਸ ਨੂੰ ਰੱਖਿਆ ਗਿਆ ਸੀ, ਉਹ ਬਿਮਾਰ ਜਾਨਵਰ ਰੱਖਣ ਦੇ ਯੋਗ ਵੀ ਨਹੀਂ ਸੀ। , ਉਹ ਇਸ ਤਰ੍ਹਾਂ ਦੀ ਮੌਤ ਦੇ ਹੱਕਦਾਰ ਨਹੀਂ ਸਨ।

## ਗੁਮਨਾਮੀ 'ਚ ਗਾਇਬ ਹੋ ਗਏ

ਉਸ ਨੂੰ ਚੁੱਲ੍ਹੇ 'ਤੇ ਰਹਿਣ ਲਈ ਮਜਬੂਰ ਕਰ ਦਿੱਤਾ। ਉਸ ਦੀ ਗਰੀਬੀ ਦੇਖ ਕੇ ਬਹੁਤ ਸਾਰੇ ਲੋਕ ਉਸ ਨੂੰ ਛੱਡ ਗਏ।

**ਅਚਲਾ ਸਚਦੇਵ**

ਓ ਮੇਰੀ ਜੋਹਰਾ ਜ਼ਬੀਨ ਗੀਤ ਤਾਂ ਸਾਰਿਆਂ ਨੂੰ ਯਾਦ ਹੋਵੇਗਾ.. ਇਹ ਗੀਤ ਅਚਲਾ ਸਚਦੇਵ 'ਤੇ ਫਿਲਮਾਇਆ ਗਿਆ ਸੀ। ਅਚਲਾ ਨੇ ਆਪਣੇ ਐਕਟਿੰਗ ਕਰੀਅਰ ਦੀ ਸ਼ੁਰੂਆਤ ਬਾਲ ਕਲਾਕਾਰ ਵਜੋਂ ਕੀਤੀ ਸੀ। ਅਚਲਾ ਇੰਨੀ ਦਿਆਲੂ ਸੀ ਕਿ ਉਸਨੇ ਆਪਣਾ ਘਰ ਵੀ ਇੱਕ ਚੈਰਿਟੀ ਨੂੰ ਦਾਨ ਕਰ ਦਿੱਤਾ। ਹਾਲਾਂਕਿ ਉਸ ਨੂੰ ਇਸ ਜ਼ਾਲਮ ਦੁਨੀਆਂ ਦਾ ਕੋਈ ਪਤਾ ਨਹੀਂ ਸੀ। ਅਚਲਾ ਦੀ ਮੌਤ ਦੇ ਆਖ਼ਰੀ ਦਿਨਾਂ ਵਿੱਚ ਅਧਰੰਗ ਹੋ ਗਿਆ ਸੀ ਅਤੇ ਪੁਣੇ ਦੇ ਇੱਕ ਹਸਪਤਾਲ ਵਿੱਚ ਬੁਰੀ ਤਰ੍ਹਾਂ ਨਾਲ ਮੌਤ ਹੋ ਗਈ ਸੀ।

**ਕੇ ਕੇ ਹੰਗਲ :**

ਦੂਜੇ ਅਦਾਕਾਰਾਂ ਦੇ ਉਲਟ, ਕੇ ਕੇ ਹੰਗਲ ਨੇ 50 ਸਾਲ ਦੀ ਉਮਰ ਵਿੱਚ ਆਪਣਾ ਕਰੀਅਰ ਸ਼ੁਰੂ ਕੀਤਾ ਸੀ। ਬਲਰਾਜ ਸਾਹਨੀ ਅਤੇ ਕੈਫੀ ਆਜ਼ਮੀ ਦੇ ਜ਼ੋਰ 'ਤੇ ਹੰਗਲ ਇਸ ਮੈਦਾਨ 'ਚ ਆਏ ਸਨ। 225 ਤੋਂ ਵੱਧ ਫਿਲਮਾਂ 'ਚ ਕੰਮ ਕਰਨ ਵਾਲੇ ਹੰਗਲ ਦਾ 97 ਸਾਲ ਦੀ ਉਮਰ 'ਚ ਦਿਹਾਂਤ ਹੋ ਗਿਆ। ਉਸ ਦੀ ਮੌਤ ਦੇ ਆਖਰੀ ਸਮੇਂ, ਹਸਪਤਾਲ ਦੇ ਬਿੱਲਾਂ ਦਾ ਭੁਗਤਾਨ ਕਰਨ ਲਈ ਵੀ ਪੈਸੇ ਨਹੀਂ ਸਨ। ਉਨ੍ਹਾਂ ਦਾ ਅੰਤਿਮ ਸੰਸਕਾਰ ਵੀ ਬੜੇ ਹੀ ਸਾਧਾਰਨ ਢੰਗ ਨਾਲ ਕੀਤਾ ਗਿਆ।

## 'ਦਿ ਕਪਿਲ ਸ਼ਰਮਾ ਸ਼ੋਅ' ਹੁਣ

ਫਿਰ ਤੋਂ ਨਵੀਂ ਸ਼ੁਰੂਆਤ ਕਰਨਗੇ। ਸ਼ੋਅ ਦੇ ਮੇਕਰਸ ਨੇ ਦਸਿਆ ਕਿ ਕਪਿਲ ਦੇ ਬ੍ਰੇਕ ਲੈਣ ਤੋਂ ਬਾਅਦ ਅਸੀਂ ਨਵੀਂ ਸ਼ੁਰੂਆਤ ਕਰਾਂਗੇ। ਸ਼ੋਅ ਦੇ ਕਿਰਦਾਰ ਤੇ ਕਾਸਟ 'ਤੇ ਕੰਮ ਕਰਨਗੇ ਤੇ ਸ਼ੋਅ ਲਈ ਨਵਾਂ ਫਾਰਮੇਟ ਵੀ ਤੈਅ ਕਰ ਸਕਦੇ ਹਨ।ਮੇਕਰਸ ਨੇ ਦੱਸਿਆ, "ਅਸੀਂ ਅਜੇ ਸ਼ੋਅ ਦੀ ਆਖਰੀ ਤਾਰੀਖ਼ ਤੈਅ ਨਹੀਂ ਕੀਤੀ ਹੈ ਪਰ ਅਸੀਂ ਮਈ ਵਿੱਚ ਹੀ ਸ਼ੂਟਿੰਗ ਪੂਰੀ ਕਰਨ ਦੀ ਕੋਸ਼ਿਸ਼ ਕਰਾਂਗੇ। ਸ਼ੋਅ ਦਾ ਆਖਰੀ ਐਪੀਸੋਡ ਜੂਨ ਵਿੱਚ ਦੇਖਣ ਨੂੰ ਮਿਲੇਗਾ।"

ਇਸ ਦੌਰਾਨ ਕਪਿਲ ਸ਼ਰਮਾ ਅੰਤਰਰਾਸ਼ਟਰੀ ਦੌਰੇ 'ਤੇ ਜਾ ਰਹੇ ਹਨ। ਇਸ ਕਾਰਨ ਉਹ ਹੁਣ ਬ੍ਰੇਕ ਲੈ ਰਹੇ ਹਨ। ਸਾਡੀ ਟੀਮ ਕਪਿਲ ਦੇ ਬ੍ਰੇਕ ਲੈਣ ਤੋਂ ਪਹਿਲਾਂ ਕੁਝ ਐਪੀਸੋਡਸ ਸ਼ੂਟ ਕਰੇਗੀ ਕਿਉਂਕਿ ਇਹ ਤੈਅ ਨਹੀਂ ਹੈ ਕਿ ਕਪਿਲ ਕਿੰਨੇ ਸਮੇਂ ਲਈ ਬ੍ਰੇਕ 'ਤੇ ਰਹਿਣਗੇ।

***

## ਯੂ.ਕੇ. ਦੇ ਗੁਰੂਘਰਾਂ ਨੇ ਪੰਜਾਬ ਦੇ

ਅਤੇ ਨੈਸ਼ਨਲ ਹੋਮ ਆਫਿਸ ਨੂੰ ਕਰ ਦਿੱਤੀ ਗਈ ਹੈ।

ਉਧਰ ਕੈਂਟ ਪੁਲਿਸ ਨੇ ਕਿਹਾ ਕਿ ਉਨ੍ਹਾਂ ਨੂੰ ਗੁਰਦੁਆਰਾ ਸਾਹਿਬ ਵੱਲੋਂ ਸ਼ਿਕਾਇਤ ਮਿਲ ਚੁੱਕੀ ਹੈ ਉਹ ਇਸ ਦੀ ਜਾਂਚ ਕਰ ਰਹੇ ਹਨ ਜੋ ਲੋਕਾਂ ਨੂੰ ਗੁਰਦੁਆਰੇ ਵਿੱਚ ਨੌਕਰੀ ਦੇ ਨਾਂ 'ਤੇ ਠੱਗ ਰਹੇ ਹਨ। ਗ੍ਰੇਸਐਂਡ ਵਿੱਚ 15,000 ਸਿੱਖਾਂ ਦੀ ਆਬਾਦੀ ਰਹਿੰਦੀ ਹੈ।

***

## ਕੈਲੀਫੋਰਨੀਆ ਦੇ ਗੁਰਦੁਆਰੇ 'ਚ ਗੋਲ਼ੀਬਾਰੀ

ਲਾਗੂ ਕਰਨ ਵਾਲੇ ਭਾਈਵਾਲਾਂ ਦੁਆਰਾ ਸਹਿਯੋਗ, ਦ੍ਰਿੜਤਾ, ਅਤੇ ਤੇਜ਼ ਕਾਰਵਾਈ ਲਈ ਧੰਨਵਾਦ ਹੈ। "ਕਿਸੇ ਵੀ ਪਰਿਵਾਰ ਨੂੰ ਕਦੇ ਵੀ ਆਂਢ-ਗੁਆਂਢ ਵਿੱਚ ਗੋਲੀਬਾਰੀ ਜਾਂ ਬੰਦੂਕ ਦੀ ਹਿੰਸਾ ਦੇ ਹੋਰ ਰੂਪਾਂ ਬਾਰੇ ਚਿੰਤਾ ਨਹੀਂ ਕਰਨੀ ਚਾਹੀਦੀ ਜਿੱਥੇ ਉਨ੍ਹਾਂ ਦੇ ਬੱਚੇ ਰਹਿੰਦੇ ਹਨ ਅਤੇ ਖੇਡਦੇ ਹਨ।

ਅਟਾਰਨੀ ਜਨਰਲ ਦਫਤਰ ਦੇ ਅਨੁਸਾਰ, ਕੈਲੀਫੋਰਨੀਆ ਦੇ ਨਿਆਂ ਵਿਭਾਗ, ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨਜ਼ ਅਤੇ ਕਈ ਸਥਾਨਕ ਏਜੰਸੀਆਂ ਸਮੇਤ ਘੱਟੋ-ਘੱਟ 20 ਏਜੰਸੀਆਂ ਨੇ ਜਾਂਚ ਵਿੱਚ ਹਿੱਸਾ ਲਿਆ। ਡੁਪਰੇ ਨੇ ਕਿਹਾ ਕਿ ਜਾਂਚ ਵਿੱਚ "ਸ਼ਾਇਦ ਘੱਟੋ ਘੱਟ 500 ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀ ਸ਼ਾਮਲ ਹਨ।" ਗਰੋਹ ਦੇ ਸ਼ੱਕੀ ਮੈਂਬਰਾਂ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਸਲਾਖਾਂ ਪਿੱਛੇ ਸੁੱਟ ਰਹੇ ਹਾਂ।

ਅਧਿਕਾਰੀਆਂ ਨੇ ਕਿਹਾ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਉਨ੍ਹਾਂ ਦੀ ਕਾਰਵਾਈ ਨੇ ਦੋ ਹੋਰ ਗੋਲ਼ੀਬਾਰੀ ਹੋਣ ਤੋਂ ਰੋਕਿਆ।ਯੂਬਾ ਸੂਟਰ ਨਾਰਕੋਟਿਕ ਅਤੇ ਗੈਂਗ ਇਨਫੋਰਸਮੈਂਟ ਟਾਸਕ ਫੋਰਸ, ਯੂਬਾ ਸਿਟੀ ਪੁਲਿਸ ਡਿਪਾਰਟਮੈਂਟ, ਕੈਲੀਫੋਰਨੀਆ ਡਿਪਾਰਟਮੈਂਟ ਆਫ਼ ਜਸਟਿਸ ਸਪੈਸ਼ਲ ਆਪ੍ਰੇਸ਼ਨ ਯੂਨਿਟ, ਕੈਲੀਫੋਰਨੀਆ ਹਾਈਵੇ ਪੈਟਰੋਲ ਸਪੈਸ਼ਲ ਆਪ੍ਰੇਸ਼ਨ ਯੂਨਿਟ, ਹੋਮਲੈਂਡ ਸਕਿਓਰਿਟੀ ਇਨਵੈਸਟੀਗੇਸ਼ਨ, ਯੂ.ਐਸ. ਡਰੱਗ ਇਨਫੋਰਸਮੈਂਟ ਵਿਚਕਾਰ ਸਾਂਝੇ ਯਤਨਾਂ ਦੇ ਹਿੱਸੇ ਵਜੋਂ ਜਾਂਚ ਫਰਵਰੀ 2023 ਵਿੱਚ ਸ਼ੁਰੂ ਹੋਈ ਸੀ।

ਸੈਕਰਾਮੈਂਟੋ ਕਾਉਂਟੀ ਦੇ ਜ਼ਿਲ੍ਹਾ ਅਟਾਰਨੀ ਥੀਏਨ ਹੋ ਨੇ ਕਿਹਾ ਕਿ ਦੋਸ਼ ਅਤੇ ਜਾਂਚ ਕਿਸੇ ਵੀ ਤਰੀਕੇ ਨਾਲ ਸਿੱਖ ਭਾਈਚਾਰੇ ਨੂੰ ਪ੍ਰਤੀਬਿੰਬਤ ਜਾਂ ਨੁਮਾਇੰਦਗੀ ਨਹੀਂ ਕਰਦੇ ਹਨ ਜੋ ਇਸ ਖੇਤਰ ਵਿੱਚ ਵੱਡੇ ਭਾਈਚਾਰੇ ਦਾ ਇੱਕ ਮਹੱਤਵਪੂਰਨ ਹਿੱਸਾ ਹਨ।

## ਜੁਝਾਰ ਸਿੰਘ ਕੈਲੀਫੋਰਨੀਆ ਦੀ ਅਲਮੇਡਾ

ਅਮਰੀਕਾ ਦਾ ਪਹਿਲਾ ਵੱਡਾ ਪੁਲਿਸ ਵਿਭਾਗ ਬਣ ਗਿਆ ਹੈ ਜਿਸ ਨੇ 'ਸਪੱਸ਼ਟ ਤੌਰ 'ਤੇ ਅਤੇ ਸਵੈਇੱਛਤ ਤੌਰ 'ਤੇ ਸਿੱਖ ਅਮਰੀਕਨਾਂ ਨੂੰ ਉਹਨਾਂ ਦੇ ਵਿਸ਼ਵਾਸ ਦੇ ਪਹਿਰਾਵੇ ਦੀ ਪਾਲਣਾ ਕਰਦੇ ਹੋਏ ਫੁੱਲ-ਟਾਈਮ, ਵਰਦੀਧਾਰੀ ਪੁਲਿਸ ਅਫਸਰਾਂ ਵਜੋਂ ਸੇਵਾ ਕਰਨ ਦੀ ਇਜਾਜ਼ਤ ਦਿੱਤੀ ਹੈ। 'ਰਿਵਰਸਾਈਡ, ਕੈਲੀਫੋਰਨੀਆ ਪੁਲਿਸ ਵਿਭਾਗ ਨੇ ਇਸ ਦਾ ਅਨੁਸਰਣ ਕੀਤਾ, ਕੈਲੀਫੋਰਨੀਆ ਵਿੱਚ ਪਹਿਲਾ ਪੁਲਿਸ ਵਿਭਾਗ ਬਣ ਗਿਆ, ਅਤੇ ਦੇਸ਼ ਵਿੱਚ ਸਿਰਫ ਦੂਜਾ, ਆਪਣੀ ਯੂਨੀਫਾਰਮ ਮਾਰਗਦਰਸ਼ਨ ਵਿੱਚ ਸਰਗਰਮੀ ਨਾਲ ਸੋਧ ਕਰਨ ਲਈ ਤਾਂ ਜੋ ਸਿੱਖ ਅਮਰੀਕਨ ਸੇਵਾ ਕਰ ਸਕਣ।'

## ਲੋਕ ਸਾਹਿਤ ਸੰਗਮ ਦਾ ਸਾਹਿਤਕ ਸਮਾਗਮ ਹੋਇਆ ਸੰਪੰਨ

ਸੁਰਿੰਦਰ ਸਿੰਘ ਸੋਹਣਾ ਰਾਜੇਮਾਜਰੀਆ ਨੇ' ਤੂੰ ਮੁੱਕ ਜਾਣਾ ਨਹੀਉਂ ਮੁੱਕਣੇ 'ਸੁਣਾਇਆ। ਆਸਟ੍ਰੇਲੀਆ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਜੋਬਨਬੀਰ ਸਿੰਘ ਨੇ ਆਪਣੀ ਉਮਰ ਤੋਂ ਵੱਧ ਪ੍ਰੋੜਤਾ ਨਾਲ ਸ਼ਬਦ 'ਗਗਨ ਦਮਾਮਾ ਬਾਜਿਓ' ਗਾ ਕੇ ਸਰੋਤਿਆਂ ਨੂੰ ਕੀਲ ਦਿੱਤਾ। ਸੁਰਿੰਦਰ ਕੌਰ ਬਾੜਾ ਨੇ ਹਮੇਸ਼ਾ ਦੀ ਤਰਾਂ ਬੁਲੰਦ ਆਵਾਜ਼ ਵਿੱਚ 'ਅਸੀਂ ਜਾਗ ਕੇ ਰਾਤ ਲੰਘਾਈ ਸੱਜਣਾਂ' ਸੁਣਾ ਕੇ ਸਰੋਤਿਆਂ ਨੂੰ ਝੂੰਮਣ ਲਾ ਦਿੱਤਾ। ਅੰਗਰੇਜ਼ ਸਿੰਘ ਕਲੇਰ ਨੇ 'ਆਪਣੀ ਮੁਹੱਬਤ' ਸੁਣਾ ਕੇ ਵਾਹ ਵਾਹ ਖੱਟੀ। ਕੁਲਵੰਤ ਸਿੰਘ ਜੱਸਲ 'ਰੱਬਾ ਮੁੜ ਬਣਾ ਦੇ ਮੇਰਾ ਰੰਗਲਾ ਪੰਜਾਬ' ਸੁਣਾ ਕੇ ਜਿਕਰ ਦੀ ਹੂਕ ਤੇ ਚੀਸ ਬਿਆਨ ਕੀਤੀ। ਤੇਜਿੰਦਰ ਅਣਜਾਣਾ ਨੇ 'ਔਰ ਉਦਾਸੀ ਵਿੱਚ ਡੱਬੀ ਮੈਂ ਹਰ ਇੱਕ ਚੌਖਟ ਦੇਖ ਰਿਹਾ' ਸੁਣਾ ਕੇ ਵਧੀਆ ਰੰਗ ਜਮਾਇਆ। ਬਲਵਿੰਦਰ ਸਿੰਘ ਭੱਟੀ ਨੇ 'ਮਹਿਕਾਂ ਨੂੰ ਜੋ ਮੋੜ ਲਵੇਗਾ' ਸੁਣਾਇਆ। ਵਿਸ਼ੇਸ਼ ਮਹਿਮਾਨ ਗੁਰਦਰਸ਼ਨ ਸਿੰਘ ਗੁਸੀਲ ਨੇ ਬੁਲੰਦ ਆਵਾਜ਼ ਵਿੱਚ 'ਜੇਕਰ ਆਪਣੇ ਅ ਗੁਣ ਦੇਖਾਂ, ਮਾਫੀ ਦਾ ਹੱਕਦਾਰ ਨਹੀ" ਸੁਣਾ ਕੇ ਪ੍ਰਪੱਕ ਸ਼ਾਇਰੀ ਦਾ ਸਬੂਤ ਦਿਤਾ। ਸੰਗਮ ਦੇ ਪ੍ਰਧਾਨ ਡਾ. ਗੁਰਵਿੰਦਰ ਸਿੰਘ ਅਮਨ ਨੇ ਆਪਣੀ ਨਿੱਕੀ ਕਹਾਣੀ 'ਸਾਈਂ ਸੁਹਾਗ' ਸੁਣਾ ਕੇ ਸਮਾਜ 'ਤੇ ਵਿਅੰਗ ਕਸਿਆ। ਬਲਦੇਵ ਸਿੰਘ ਖ_ਰਾਣਾ ਨੇ ਜਿਥੇ ਸਮਾਗਮ ਦੀ ਕਾਰਵਾਈ ਬਾਖੂਬ ਨਿਭਾਈ, ਉਥੇ ਲਗਾਤਾਰ ਟੋਟਕਿਆਂ ਨਾਲ ਹਮੇਸ਼ਾ ਦੀ ਤਰਾਂ ਸਰੋਤਿਆਂ ਦਾ ਭਰਪੂਰ ਮੰਨੋਰੰਜਨ ਕੀਤਾ। ਇਹ ਸਾਰਥਿਕ ਸਾਹਿਤਕ ਸਮਾਗਮ ਯਾਦਗਾਰੀ ਹੋ ਨਿਬੜਿਆ। ਸੰਗਤੀ ਤਸਵੀਰ ਨਾਹਲ ਸਭ ਨੇ ਵਿਦਾ ਲਈ।

## ਵਿਗਿਆਨਕ ਯੁੱਗ 'ਚ ਪ੍ਰਚਲਿਤ ਹੈ

ਯੂਨਾਨੀ ਤੋਂ ਤੁਰਕੀ ਅਤੇ ਈਸਾਈ ਧਰਮ ਤੱਕ ਵੱਖ-ਵੱਖ ਸਭਿਆਚਾਰਾਂ ਵਿੱਚ ਹੈ। ਇਹ ਸੰਕਲਪ ਵੱਖ-ਵੱਖ ਪ੍ਰਤੀਕਾਂ ਵਿੱਚ ਮੌਜੂਦ ਸੀ, ਜਿਵੇਂ ਕਿ ਭਾਰਤ ਦੇ ਆਪਣੇ ਪ੍ਰਤੀਕ ਅਤੇ ਇਸ ਨੂੰ ਦੂਰ ਕਰਨ ਦੇ ਤਰੀਕੇ ਸਨ।

ਇਹ ਵਿਆਪਕ ਤੌਰ 'ਤੇ ਮੰਨਿਆ ਜਾਂਦਾ ਹੈ ਕਿ ਦੂਜਿਆਂ ਦੀ ਮਾੜੀ ਨਜ਼ਰ, ਭਾਵੇਂ ਜਾਣਬੁੱਝ ਕੇ ਜਾਂ ਅਣਜਾਣੇ ਵਿੱਚ, ਹੋਣ ਵਾਲੀਆਂ ਚੰਗੀਆਂ ਚੀਜ਼ਾਂ ਲਈ ਮਾੜੀ ਕਿਸਮਤ ਲਿਆ ਸਕਦੀ ਹੈ।

**ਅੱਖ ਦੇ ਆਕਾਰ ਦਾ ਤਾਵੀਜ਼ ਕਿੱਥੋਂ ਆਇਆ?**

ਇਮੋਜੀ ਬਣ ਜਾਣ ਵਾਲੇ ਪ੍ਰਤੀਕ ਵੱਲ ਆਉਂਦੇ ਹੋਏ, ਅੱਖਾਂ ਦੇ ਆਕਾਰ ਦੇ 'ਤਵੀਤ' ਦੀ ਆਪਣੀ ਵਿਸ਼ੇਸ਼ ਉਤਪਤੀ ਹੈ। ਇਸ ਦੀ ਸ਼ੁਰੂਆਤ ਤੁਰਕੀ ਦੇ ਸੱਭਿਆਚਾਰ ਤੋਂ ਕੀਤੀ ਜਾ ਸਕਦੀ ਹੈ। ਤਵੀਤ ਵਿੱਚ ਵਰਤੇ ਗਏ ਮਣਕੇ ਕਥਿਤ ਤੌਰ 'ਤੇ ਮੈਡੀਟੇਰੀਅਨ ਤੋਂ ਉਤਪੰਨ ਹੋਏ ਸਨ ਅਤੇ ਰਿਕਾਰਡ 16ਵੀਂ ਸਦੀ ਈਸਾ ਪੂਰਵ ਦੇ ਸ਼ੁਰੂ ਵਿੱਚ ਇਸਦੀ ਮੌਜੂਦਗੀ ਨੂੰ ਦਰਸਾਉਂਦੇ ਹਨ। ਇਹ ਕਥਿਤ ਤੌਰ 'ਤੇ ਮੇਸੋਪੋਟੇਮੀਆ ਤੋਂ ਮਿਸਰ ਅਤੇ ਰੋਮਨ ਸਾਮਰਾਜੀ ਕਾਲ ਤੱਕ ਪ੍ਰਾਚੀਨ ਸੰਸਾਰ ਵਿੱਚ ਵਰਤੇ ਗਏ ਸਨ।

ਤੁਰਕੀ ਦੇ ਸੱਭਿਆਚਾਰ ਵਿੱਚ, ਇਸਨੂੰ ਨਜ਼ਰ ਬੋਨਕੁਗੁ ਕਿਹਾ ਜਾਂਦਾ ਹੈ , ਜਿਸਦਾ ਅਰਥ ਹੈ ਨਜ਼ਰ ਬੀਡ। ਤੁਰਕੀ ਵਿੱਚ ਬੁਰੀ ਅੱਖ ਇੰਨੀ ਸਰਵ ਵਿਆਪਕ ਹੈ ਕਿ ਗੋਰੇਮੇ, ਤੁਰਕੀ ਵਿੱਚ ਇੱਕ ਬੁਰੀ ਅੱਖ ਦਾ ਰੁੱਖ ਵੀ ਹੈ।

**ਉਹ ਇਮੋਜੀ ਕਿਵੇਂ ਬਣੇ?**

2018 ਵਿੱਚ, ਯੂਨੀਕੋਡ ਕੰਸੋਰਟੀਅਮ ਨੇ ਨਜ਼ਰ ਇਮੋਜੀ ਨੂੰ ਸੋਸ਼ਲ ਮੀਡੀਆ 'ਤੇ ਪੇਸ਼ ਕੀਤਾ ਪਰ ਇਮੋਜੀ ਬਣਨ ਤੋਂ ਪਹਿਲਾਂ ਹੀ, ਇਹ ਤੁਰਕੀ ਤਾਵੀਜ਼ ਭਾਰਤ ਵਿੱਚ ਵੀ ਕਾਫ਼ੀ ਮਸ਼ਹੂਰ ਸਨ। ਘਰੇਲੂ ਖਰੀਦਦਾਰੀ ਚੈਨਲਾਂ 'ਤੇ, ਇਹ ਤਾਜ਼ੀ ਬਰੇਸਲੇਟ, ਹਾਰ ਜਾਂ ਘਰੇਲੂ ਸਜਾਵਟ ਵਜੋਂ ਵੇਚੇ ਜਾਣਗੇ।

ਇਹ ਤਾਜ਼ੀ ਲੰਡਨ ਤੋਂ ਲੈ ਕੇ ਕੈਨੇਡਾ ਤੱਕ ਅਤੇ ਦੁਨੀਆ ਭਰ ਦੇ ਹੋਰ ਕਿਤੇ ਵੀ ਬਾਜ਼ਾਰਾਂ ਵਿੱਚ ਮਿਲਦੇ ਹਨ। ਫਲੀ ਬਾਜ਼ਾਰਾਂ ਤੋਂ ਲੈ ਕੇ ਉੱਚ-ਅੰਤ ਦੇ ਗਹਿਣਿਆਂ ਦੇ ਸਟੋਰਾਂ ਤੱਕ, ਜੋ ਕਿ ਹੀਰੇ ਅਤੇ ਪੱਥਰ ਦੀ ਕਸਟਮਾਈਜ਼ੇਸ਼ਨ ਦੀ ਪੇਸ਼ਕਸ਼ ਕਰਦੇ ਹਨ। ਬੁਰੀ ਅੱਖ ਹਰ ਪਾਸੇ ਹੈ।

ਕੀ ਇਹ ਕੰਮ ਕਰਦਾ ਹੈ?

ਬੁਰੀ ਅੱਖ ਦੇ ਸੰਕਲਪ ਵਾਂਗ, ਪ੍ਰਤੀਕ ਵੀ ਇੱਕ ਵਹਿਮ ਹਨ। ਅਸਲ ਜ਼ਿੰਦਗੀ ਵਿੱਚ ਹੋਵੇ ਜਾਂ ਸਾਡੀ ਵਰਚੁਅਲ ਜ਼ਿੰਦਗੀ ਵਿੱਚ, ਇਹ ਇਕ ਅੰਧ-ਵਿਸ਼ਵਾਸ ਬਣਿਆ ਹੋਇਆ ਹੈ। ਜਿਵੇਂ ਕਿ ਕੀ ਬੁਰੀ ਅੱਖ ਸਾਡੇ ਡਿਜੀਟਲ ਖੇਤਰ ਤੱਕ ਫੈਲਦੀ ਹੈ, ਜਵਾਬ ਦੇਣਾ ਇੱਕ ਵੱਖਰੀ ਗੱਲ ਹੈ। ਕੁਝ ਲੋਕ ਮੰਨਦੇ ਹਨ ਕਿ ਜਿਵੇਂ ਕਿ ਸੋਸ਼ਲ ਮੀਡੀਆ ਦੂਜਿਆਂ ਨਾਲ ਜੁੜਨ ਲਈ ਸਾਡੀ ਜ਼ਿੰਦਗੀ ਦਾ ਇੱਕ ਵੱਡਾ ਹਿੱਸਾ ਹੈ, ਡਿਜੀਟਲ ਸੰਸਾਰ ਤੋਂ ਬੁਰੀ ਨਜ਼ਰ ਅਸਲ ਜ਼ਿੰਦਗੀ ਵਿੱਚ ਵੀ ਪ੍ਰਗਟ ਹੋ ਸਕਦੀ ਹੈ, ਜਿਵੇਂ ਕਿ ਔਨਲਾਈਨ ਮਾੜੀਆਂ ਟਿੱਪਣੀਆਂ ਦਾ ਪ੍ਰਭਾਵ।

ਤੁਸੀਂ ਬੁਰੀ ਅੱਖ ਦੇ ਇਮੋਜੀ ਬਾਰੇ ਕੀ ਸੋਚਦੇ ਹੋ? ਕੀ ਤੁਸੀਂ ਵੀ ਇਸਨੂੰ ਅਕਸਰ ਵਰਤਦੇ ਹੋ ਜਾਂ ਕੀ ਤੁਸੀਂ ਭਵਿੱਖ ਵਿੱਚ ਇਸਨੂੰ ਵਰਤੋਗੇ?

ਕਿਸੇ ਦੀ ਬੁਰੀ ਨਜ਼ਰ ਲੱਗਣਾ ਇੱਕ ਧਾਰਨਾ ਹੈ ਜਾਂ ਸਿਰਫ ਵਹਿਮ ਜਾਂ ਅੰਧ ਵਿਸ਼ਵਾਸ਼। ਇਸ ਬਾਰੇ ਪੂਰੇ ਵਿਸ਼ਵ 'ਚ ਚਰਚਾਵਾਂ ਦਾ ਦੌਰ ਚੱਲ ਰਿਹਾ ਹੈ। ਅਜੇ ਤਕ ਬੁੱਧੀਜੀਵੀ ਕਿਸੇ ਵੀ ਨਤੀਜੇ 'ਤੇ ਨਹੀਂ ਪਹੁੰਚੇ ਕਿ ਬੁਰੀ ਨਜ਼ਰ ਲਗਣ ਦਾ ਵਿਚਾਰ ਸਿਰਫ ਵਹਿਮ ਹੈ ਜਾਂ ਸੱਚਮੁੱਚ ਸਾਨੂੰ ਕਿਸੇ ਦੀ ਬੁਰੀ ਨਜ਼ਰ ਲੱਗ ਜਾਂਦੀ ਹੈ। ਕਿਸੇ ਦੀ ਬੁਰੀ ਨਜ਼ਰ ਲੱਗਣ ਬਾਰੇ ਤੁਸੀਂ ਕੀ ਸੋਚਦੇ ਹੋ, ਇਹ ਤਾਂ ਸਿਰਫ ਤੁਸੀਂ ਜਾਣਦੇ ਹੋ?

**

## ਪ੍ਰਦੂਸ਼ਣ ਦਾ ਵੱਧਣਾ

ਸਾਫ਼ ਕਰਨ ਵਾਲੇ ਯੰਤਰਾਂ ਦੀ ਮੰਡੀ ਹੋਂਦ ਵਿੱਚ ਆਉਣਾ, ਮਸ਼ਹੂਰੀਆਂ ਰਾਹੀਂ ਲੋਕਾਂ ਦੀ ਜ਼ਰੂਰਤ ਬਣਾ ਦੇਣਾ, ਜੇਬ ਦੀ ਹੈਸੀਅਤ ਅਨੁਸਾਰ ਇਹ ਯੰਤਰ ਤੁਹਾਡੀ ਜ਼ਿੰਦਗੀ ਦਾ ਹਿੱਸਾ ਬਣ ਸਕਦੇ ਹਨ!) ਇਹ ਇਕੱਲੇ ਦਿੱਲੀ ਸ਼ਹਿਰ ਦੀ ਕਹਾਣੀ ਨਹੀਂ ਹੈ, ਹੌਲ਼ੀ-ਹੌਲ਼ੀ ਸਾਰਾ ਭਾਰਤ ਇਸ ਵਿੱਚ ਸਿਮਟ ਜਾਵੇਗਾ। ਇਸ ਸਭ ਤੋਂ ਸਹਿਜੇ ਹੀ ਅੰਦਾਜ਼ਾ ਲਾ ਸਕਦੇ ਹਾਂ ਕਿ ਹਵਾ ਪ੍ਰਦੂਸ਼ਣ ਆਉਣ ਵਾਲ਼ੇ ਸਮੇਂ ਵਿੱਚ ਭਿਆਨਕ ਸਮੱਸਿਆ ਦਾ ਰੂਪ ਧਾਰਨ ਕਰੇਗੀ। ਹਵਾ ਪ੍ਰਦੂਸ਼ਣ ਦੇ ਸ੍ਰੋਤ ਵਾਹਨ, ਪਰਾਲੀ ਦਾ ਸਾੜਨਾ, ਬਾਲਣ, ਬਿਜਲਈ ਯੰਤਰ, ਉਦਯੋਗ, ਫੈਕਟਰੀਆਂ ਆਦਿ ਹਨ। ਕਾਰਨਾਂ ਵੱਲ ਧਿਆਨ ਮਾਰੀਏ ਤਾਂ ਇਸ ਦੀ ਜੜ੍ਹ ਮੁਨਾਫ਼ੇ 'ਤੇ ਟਿਕਿਆ ਨਿਜ਼ਾਮ ਹੈ, ਜਿੱਥੇ ਮੁੱਠੀ ਭਰ ਲੋਕ ਇੰਨ੍ਹਾਂ ਸਭ ਸਾਧਨਾਂ ਦੇ ਮਾਲਿਕ ਹਨ ਅਤੇ ਮੁਨਾਫ਼ਾ, ਹੋਰ ਮੁਨਾਫ਼ੇ ਦੀ ਦੌੜ ਵਿੱਚ ਲੱਗੇ ਰਹਿੰਦੇ ਹਨ ਜਿਸ ਦੀ ਕੀਮਤ ਸਾਰੀ ਮਨੁੱਖਤਾ ਨੂੰ ਚੁਕਾਉਣੀ ਪੈਂਦੀ ਹੈ। ਡਾਕਟਰ ਮੈਕਰੋਲ ਦਾ ਕਹਿਣਾ ਹੈ ਕਿ 'ਜੇਕਰ ਤੁਹਾਨੂੰ ਲੱਗਦਾ ਹੈ ਕਿ ਵਾਤਾਵਰਣ ਸੱਚ ਮੁੱਚ ਅਰਥਚਾਰੇ ਤੋਂ ਘੱਟ ਮਹੱਤਵਪੂਰਣ ਹੈ ਤਾਂ ਇੱਕ ਵਾਰ ਸਾਹ ਰੋਕ ਕੇ ਆਪਣੇ ਪੈਸੇ ਗਿਣ ਕੇ ਵੇਖੋ'। ਇੱਥੇ ਗੱਲ ਇਕੱਲੀ ਵਾਤਾਵਰਣ ਦੀ ਨਹੀਂ ਉਸੇ ਵਾਤਾਵਰਣ ਵਿੱਚ ਜੀਅ ਰਹੇ ਇਨਸਾਨਾਂ ਦੀ ਹੈ। ਭਾਰਤੀ ਸਰਕਾਰ ਨੂੰ ਪਿੱਛੇ ਜਿਹੇ ਹੀ ਇਸ ਸਮੱਸਿਆ ਦਾ "ਅਹਿਸਾਸ" ਹੋਇਆ ਅਤੇ ਜਿਸ ਸ਼ਿੱਦਤ ਨਾਲ਼ ਆਮ ਲੋਕਾਈ ਲਈ ਸਿੱਖਿਆ, ਰੁਜ਼ਗਾਰ, ਸਿਹਤ ਸਹੂਲਤਾਂ ਵੱਲ ਧਿਆਨ ਦਿੰਦੀ ਹੈ (ਜਨਤਕ ਖੇਤਰ 'ਚ ਹੱਥ ਪਿੱਛੇ ਖਿੱਚਣ ਦੀਆਂ ਨੀਤੀਆਂ ਅਤੇ ਨਿੱਜੀਕਰਨ ਨੂੰ ਉਤਸ਼ਾਹਿਤ ਕਰਨਾ) ਉਸੇ ਸ਼ਿੱਦਤ ਨਾਲ਼ ਵਧ ਰਹੇ ਹਵਾ ਪ੍ਰਦੂਸ਼ਣ ਨੂੰ ਨਜਿੱਠਣ ਲਈ "ਪ੍ਰੋਗਰਾਮ" ਘੜ ਰਹੀ ਹੈ। 2019 ਦੀ ਸ਼ੁਰੂਆਤ 'ਚ ਹੀ ਮੋਦੀ ਸਰਕਾਰ ਨਵੀਂ ਯੋਜਨਾ ਲੈ ਕੇ ਆਈ 'ਨੈਸ਼ਨਲ ਕਲੀਨ ਏਅਰ ਪ੍ਰੋਗਰਾਮ'। ਮੋਦੀ ਸਰਕਾਰ ਦੀਆਂ ਬਾਕੀ ਸਕੀਮਾਂ ਦੀ ਤਰ੍ਹਾਂ ਬੱਸ ਇਹ ਵੀ ਇੱਕ ਯੋਜਨਾ ਹੈ (ਬਿਨ੍ਹਾਂ ਦੰਦਾਂ ਤੋਂ ਸ਼ੇਰ!), ਇਸ ਯੋਜਨਾ ਲਈ ਤਾਂ ਫਿਲਹਾਲ ਦੀ ਘੜੀ ਕੋਈ ਬਜਟ ਵੀ ਤੈਅ ਨਹੀ ਕੀਤਾ ਅਤੇ ਹੁਣੀ ਹੁਣੀ ਕੋਲਾ ਅਧਾਰਤ ਥਰਮਲ ਪਲਾਂਟ ਨੂੰ ਪ੍ਰਦੂਸ਼ਣ ਨਿਯਮਾਂ ਤੋਂ ਛੋਟ ਦੇਣੀ ਸਰਕਾਰ ਦੀ ਖੋਟੀ ਨੀਯਤ ਨੂੰ ਦਿਖਾਉਂਦੀ ਹੈ। ਸਰਕਾਰੀ ਪ੍ਰਚਾਰ ਤੰਤਰ ਲੋਕਾਂ ਨੂੰ ਲਗਾਤਾਰ ਵਾਤਾਵਰਣ ਬਚਾਉਣ ਦੀਆਂ ਸਲਾਹਾ ਦਿੰਦਾ ਹੈ ਅਤੇ ਦੋਸ਼ੀ ਵੀ ਲੋਕਾਂ ਨੂੰ ਗਰਦਾਨ ਦਿੰਦਾ ਹੈ ਜਦਕਿ ਸੱਚਾਈ ਇਹ ਹੈ ਕਿ ਮੁੱਠੀ ਭਰ ਲੋਕਾਂ ਦੇ ਕਾਰਨ ਵਾਤਾਵਰਣ ਤਬਾਹ ਹੋ ਰਿਹਾ ਹੈ ਅਤੇ ਸਰਕਾਰਾਂ ਦੀ ਝੋਲੀ ਵਿੱਚ ਵੀ ਉਹੀ ਲੋਕੀ ਬੈਠੇ ਹਨ ਜੋ ਪ੍ਰਦੂਸ਼ਣ ਨਿਯਮਾਂ ਦੀਆਂ ਧੱਜੀਆਂ ਉਡਾਉਂਦੇ ਹਨ ਅਤੇ ਹਰਜਾਨਾ ਵੀ ਕੋਈ ਨਹੀ ਭਰਦੇ। ਵਾਤਾਵਰਣ ਅਤੇ ਮਨੁੱਖੀ ਤਬਾਹੀ ਨੂੰ ਰੋਕਿਆ ਜਾ ਸਕਦਾ ਹੈ ਜਦੋਂ ਮੁੱਠੀ ਭਰ ਲੋਕਾਂ ਲਈ ਸਭ ਕੁੱਝ ਨਾ ਹੋ ਕੇ ਸਾਰੀ ਮਨੁੱਖਤਾ ਲਈ ਹੋਵੇ।

***

## ਹਵਾ ਪ੍ਰਦੂਸ਼ਣ ਨੂੰ ਰੋਕਣ ਲਈ ਕਾਰਬਨ

ਜਿਹੜੀ ਕਾਰਬਨ-ਗਰੀਨ ਹਾਊਸ ਗੈਸਾਂ ਦੇ ਰੂਪ ਵਿਚ ਵਾਯੂ ਮੰਡਲ ਵਿੱਚ ਰਹਿ ਜਾਂਦੀ ਹੈ, ਉਹੋ ਹੀ ਧਰਤੀ ਦਾ ਤਾਪਮਾਨ ਵਧਾਉਣ ਵਿਚ ਸਹਾਈ ਹੁੰਦੀ ਹੈ। ਸਭ ਤੋਂ ਜ਼ਿਆਦਾ ਕਾਰਬਨ ਡਾਇਆਕਸਾਈਡ ਕੋਲੇ ਨੂੰ ਬਾਲਣ ਦੇ ਰੂਪ ਵਿੱਚ ਵਰਤਣ ਨਾਲ ਨਿਕਲਦੀ ਹੈ। ਇਕ ਕਿੱਲੋ ਕੋਲਾ ਬਾਲਣ ਨਾਲ 2.42 ਕਿੱਲੋ ਕਾਰਬਨ ਡਾਇਅਕਸਾਈਡ ਨਿਕਲਦੀ ਹੈ, ਭਾਰਤ ਵਿੱਚ ਇੱਕ ਯੂਨਿਟ (ਕੇ.ਡਬਲਿਊ.ਐਚ) ਬਿਜਲੀ ਪੈਦਾ ਕਰਨ ਵੇਲੇ ਤਕਰੀਬਨ ਇਕ ਕਿੱਲੋ ਕਾਰਬਨ ਡਾਇਆਕਸਾਈਡ ਪੈਦਾ ਹੁੰਦੀ ਹੈ। ਇਕ ਲੀਟਰ ਪੈਟਰੋਲ, 2.3 ਕਿੱਲੋ ਕਾਰਬਨ ਅਤੇ ਇਕ ਲੀਟਰ ਰਸੋਈ ਗੈਸ (ਐਲ.ਪੀ.ਜੀ.) 1.6 ਕਿੱਲੋ ਕਾਰਬਨ ਡਾਇਆਕਸਾਈਡ ਪੈਦਾ ਕਰਦੀ ਹੈ।

ਕਾਰਬਨ ਦਾ ਵਪਾਰ:- ਅੱਜ ਦੁਨੀਆ ਦੇ ਵਿਕਸਤ ਦੇਸ਼ਾਂ ਵਿੱਚ ਕਾਰਬਨ ਦਾ ਵਪਾਰ ਸ਼ੁਰੂ ਹੋ ਗਿਆ ਹੈ, ਕਾਰਬਨ ਦੇ ਕਰੇਡਿਟ ਵਿਕਦੇ ਹਨ। ਇਕ ਟਨ ਕਾਰਬਨ ਡਾਇਆਕਸਾਈਡ ਗੈਸ ਨੂੰ ਇਕ ਕਰੇਡਿਟ ਗਿਣਿਆ ਜਾਂਦਾ ਹੈ। 2022 ਵਿੱਚ ਕਾਰਬਨ ਕਰੇਡਿਟ ਦੀ ਕੀਮਤ 20-40 ਡਾਲਰ ਤੱਕ ਰਹੀ ਹੈ। ਕਾਰਬਨ ਕੌਣ ਵੇਚਦਾ ਅਤੇ ਖ਼ਰੀਦਦਾ ਹੈ? ਅੰਤਰਰਾਸ਼ਟਰੀ ਪੱਧਰ 'ਤੇ ਸਾਰੇ ਦੇਸ਼ਾਂ ਲਈ ਹਵਾ ਵਿਚੋਂ ਗਰੀਨ ਹਾਊਸ ਗੈਸਾਂ ਘਟਾਉਣ ਦੇ ਟੀਚੇ ਮਿੱਥੇ ਹੋਏ ਹਨ। ਦੇਸ਼ ਆਪੋ-ਆਪਣੇ ਖੇਤਰਾਂ ਵਿਚ ਸਨਅਤੀ/ਕੰਪਨੀਆਂ ਨੂੰ ਇਨ੍ਹਾਂ ਗੈਸਾਂ ਦੇ ਨਿਕਾਸ ਘਟਾਉਣ ਦਾ ਟੀਚਾ ਦਿੰਦੇ ਹਨ। ਮੰਨ ਲਓ ਕੋਲੇ ਤੋਂ ਬਿਜਲੀ ਬਣਾਉਣ ਵਾਲੀ ਕੰਪਨੀ ਨੂੰ 10 ਫ਼ੀਸਦੀ ਕਾਰਬਨ ਨਿਕਾਸ ਘਟਾਉਣ ਦਾ ਟੀਚਾ ਦਿੱਤਾ ਗਿਆ ਹੈ। ਉਸ ਨੇ ਆਪਣੀ 20 ਫ਼ੀਸਦੀ ਬਿਜਲੀ ਕੋਲੇ ਦੀ ਬਜਾਏ ਸੂਰਜੀ ਊਰਜਾ ਤੋਂ ਬਣਾਉਣੀ ਸ਼ੁਰੂ ਕਰ ਦਿੱਤੀ। ਜਿਸ ਕਾਰਨ 10 ਫ਼ੀਸਦੀ ਟੀਚੇ ਤੋਂ ਵੱਧ ਗੈਸ ਘਟਾਈ ਉਹ ਕੰਪਨੀ ਦੂਜੀ ਕੰਪਨੀ ਜਿਸ ਤੋਂ ਦਿੱਤੇ ਟੀਚੇ ਮੁਤਾਬਿਕ ਨਹੀਂ ਘਟੀ ਉਸ ਨੂੰ ਵੇਚ ਦੇਵੇਗੀ ਅਤੇ ਖ਼ਰੀਦਣ ਵਾਲੀ ਕੰਪਨੀ ਸਰਕਾਰੀ ਜੁਰਮਾਨੇ ਤੋਂ ਬਚ ਜਾਵੇਗੀ। ਇਹ ਵਪਾਰ ਯੂਰਪ, ਯੂ.ਕੇ., ਯੂ.ਐਸ.ਏ. ਦੇ ਕੁਝ ਸੂਬਿਆਂ, ਚੀਨ ਅਤੇ ਨਿਊਜ਼ੀਲੈਂਡ ਵਿਚ ਚੱਲਦਾ ਹੈ। ਇਸ ਤੋਂ ਅੱਗੇ ਯੂਰਪ ਜਿਹੜੀ ਗੈਸ, ਤੇਲ ਜਾਂ ਸੀਮੈਂਟ ਆਦਿ ਖ਼ਰੀਦਦਾ ਹੈ, ਉਸ ਵਿੱਚ ਕਾਰਬਨ ਦੇ ਹਿਸਾਬ ਨਾਲ ਟੈਕਸ ਲਾਉਣ ਦੀ ਵਿਉਂਤਬੰਦੀ ਵੀ ਹੋ ਰਹੀ ਹੈ।

ਵਾਯੂ ਮੰਡਲ ਵਿਚੋਂ ਇਹ ਗੈਸਾਂ ਕਿਵੇਂ ਘਟਾਈਆਂ ਜਾਣ:- ਗਰੀਨ ਹਾਊਸ ਗੈਸਾਂ ਸਭ ਤੋਂ ਵੱਧ ਕੋਲਾ, ਡੀਜ਼ਲ, ਪੈਟਰੋਲ ਜਾਂ ਕੁਦਰਤੀ ਗੈਸ ਜਾਂ ਬਾਲਣ ਨਾਲ ਪੈਦਾ ਹੁੰਦੀਆਂ ਹਨ। ਜਿਥੋਂ ਤੱਕ ਹੋ ਸਕੇ ਇਨ੍ਹਾਂ ਖਣਿਜ ਪਦਾਰਥਾਂ ਦੀ ਵਰਤੋਂ ਘਟਾ ਕੇ ਊਰਜਾ ਬਾਕੀ ਸਰੋਤਾਂ ਜਿਵੇਂ ਕਿ ਸੂਰਜ ਦੀ ਤਪਸ਼, ਹਵਾ ਅਤੇ ਪਾਣੀ ਦੀ ਊਰਜਾ ਦੀ ਵਰਤੋਂ ਨਾਲ ਬਿਜਲੀ ਬਣਾ ਕੇ ਜਾਂ ਸਿੱਧੀ ਵਰਤੋਂ ਕਰ ਕੇ ਕੀਤੀ ਜਾਵੇ, ਜਿਵੇਂ ਪਹਿਲਾਂ ਪਾਣੀ ਨਾਲ ਘਰਾਟ ਚੱਲਦੇ ਸਨ।

ਬਨਸਪਤੀ ਵਿੱਚ ਜਮ੍ਹਾਂ ਕਰਨਾ:- ਬੂਟੇ ਫੋਟੋਸਿੰਥਿਸਸ ਲਈ ਕਾਰਬਨ ਡਾਇਆਕਸਾਈਡ ਵਰਤਦੇ ਹਨ। ਸੋ ਜਿੰਨਾ ਰਕਬਾ ਜੰਗਲਾਂ ਹੇਠ ਲਿਆਂਦਾ ਜਾ ਸਕਦਾ ਹੈ, ਓਨਾਂ ਹੀ ਕਾਰਬਨ ਘਟਾਉਣ ਵਿੱਚ ਸਫਲ ਹੋਵਾਂਗੇ। ਫ਼ਸਲਾਂ ਵੀ ਕਾਰਬਨ ਜਮ੍ਹਾ ਕਰਨ ਵਿਚ ਸਹਾਈ ਹੁੰਦੀਆਂ ਹਨ। ਪਰ ਇਨ੍ਹਾਂ ਦਾ ਸੰਤੁਲਨ ਪਾਣੀ ਦੀ ਉਪਲਭਤਾ ਨਾਲ ਵੀ ਜੋੜਨਾ ਪੈਣਾ ਹੈ। ਜਿੰਨੀ ਬਨਸਪਤੀ ਜ਼ਿਆਦਾ ਹੋਵੇਗੀ ਓਨੀ ਹੀ ਪਾਣੀ ਦੀ ਮੰਗ ਜ਼ਿਆਦਾ ਹੋਵੇਗੀ।

ਸਮੁੰਦਰ ਵਿੱਚ ਜਮ੍ਹਾਂ ਕਰਨਾ:-ਕਈ ਵਿਕਸਤ ਦੇਸ਼ ਆਸਟ੍ਰੇਲੀਆ ਅਤੇ ਨਾਰਵੇ ਵਗੈਰਾ ਇਸ 'ਤੇ ਵੀ ਖੋਜ ਕਰ ਰਹੇ ਹਨ ਕਿ ਵਾਯੂਮੰਡਲ ਵਿਚੋਂ ਕਾਰਬਨ ਡਾਇਅਕਸਾਈਡ ਜਮ੍ਹਾਂ ਕਰ ਕੇ ਡੂੰਘੇ ਸਮੁੰਦਰ ਹੇਠਾਂ ਇਕ ਟੀਕੇ ਵਾਂਗੂ ਜਮ੍ਹਾਂ ਕਰ ਦਿੱਤਾ ਜਾਵੇ। ਆਸਟ੍ਰੇਲੀਆ ਦਾ ਇਹ 2027 ਦਾ ਟੀਚਾ ਹੈ।

ਕੁੱਲ ਮਿਲਾ ਕੇ ਵਾਤਾਵਰਨ ਦਾ ਸੰਤੁਲਨ ਰੱਖਣ ਲਈ ਹਵਾ ਵਿਚ ਕਾਰਬਨ ਡਾਇਆਕਸਾਈਡ ਦੀ ਆਮਦ ਘਟਾਉਣੀ ਪੈਣੀ ਹੈ। ਉਸ ਦਾ ਸੰਤੁਲਨ ਕਿਵੇਂ ਬਣਾਇਆ ਜਾਵੇ ਕਿ ਸਾਡੇ ਦੇਸ਼ ਦੀ ਆਰਥਿਕਤਾ 'ਤੇ ਵੀ ਅਸਰ ਨਾ ਪਵੇ। ਇਸ ਦੀ ਪਾਇਦਾਰ ਨੀਤੀ ਬਣਾਉਣ ਦੀ ਲੋੜ ਹੈ। ਪੁਰਾਣੇ ਵਾਹਨ ਸਕਰੈਪ ਕਰਨਾ ਅਤੇ ਬਿਜਲੀ ਦੇ ਵਾਹਨ ਚਲਾਉਣਾ ਦੇਸ਼ ਦੀ ਬਹੁਤੀ ਆਬਾਦੀ ਲਈ ਆਰਥਿਕ ਪਖੋਂ ਲਾਭਕਾਰੀ ਨਹੀਂ ਹੈ, ਪਰ ਫਿਰ ਵੀ ਧਰਤੀ ਦੀ ਵਧ ਰਹੀ ਤਪਸ਼ ਨੂੰ ਰੋਕਣ ਲਈ ਕਦਮ ਤਾਂ ਚੁੱਕਣੇ ਹੀ ਪੈਣਗੇ।

**

## ਪ੍ਰਦੂਸ਼ਣ ਰਹਿਤ ਸਨਅਤੀ ਵਿਕਾਸ

ਦੂਰ-ਦਰਾਡੇ ਦੇ ਇਲਾਕਿਆਂ 'ਚ ਲਗਾਏ ਜਾਣ ਜਿਵੇਂ ਮਾਨਸਾ, ਫ਼ਰੀਦਕੋਟ, ਫ਼ਾਜ਼ਿਲਕਾ, ਫ਼ਿਰੋਜ਼ਪੁਰ ਆਦਿ ਜ਼ਿਲ੍ਹਿਆਂ 'ਚ ਤਾਂ ਜੋ ਸਥਾਨਕ ਲੋਕਾਂ ਨੂੰ ਰੁਜ਼ਗਾਰ ਮਿਲ ਸਕੇ ਅਤੇ ਉਪਜਾਊ ਧਰਤੀ ਨੂੰ ਸਾਂਭਿਆ ਜਾ ਸਕੇ। ਲੁਧਿਆਣੇ 'ਚ ਸਭ ਤੋਂ ਵੱਧ ਕਾਰਖਾਨੇ ਹਨ ਪਰ ਇਨ੍ਹਾਂ ਨੇ ਸੌ ਤੋਂ ਵੱਧ ਪਿੰਡ ਖਾ ਲਏ ਹਨ। ਕਿਸਾਨ ਆਪਣੀ ਜ਼ਮੀਨ ਵੇਚ ਕੇ ਹੋਰ ਥਾਈਂ ਚਲੇ ਗਏ ਹਨ। ਇਨ੍ਹਾਂ ਪਿੰਡਾਂ 'ਚ ਦੂਜੇ ਸੂਬਿਆਂ ਤੋਂ ਆਏ ਕਾਮੇ ਰਹਿੰਦੇ ਹਨ ਤੇ ਉਹ ਹੀ ਫੈਕਟਰੀਆਂ 'ਚ ਕੰਮ ਕਰਦੇ ਹਨ। ਸੂਬੇ ਦੇ ਸਨਅਤੀ ਸਿਖਲਾਈ ਕੇਂਦਰਾਂ ਨੂੰ ਸਮੇਂ ਦੇ ਹਾਣੀ ਬਣਾਇਆ ਜਾਵੇ ਤਾਂ ਜੋ ਪੰਜਾਬੀ ਬੱਚਿਆਂ ਨੂੰ ਹੁਨਰਮੰਦ ਬਣਾਇਆ ਜਾ ਸਕੇ।

ਹੁਣ ਸੂਬੇ ਵਿਚ ਹੁਨਰੀ ਕਾਮੇ ਵੀ ਦੂਜਿਆਂ ਸੂਬਿਆਂ ਤੋਂ ਹੀ ਆਏ ਹਨ। ਇਕ ਅੰਦਾਜ਼ੇ ਅਨੁਸਾਰ ਪੰਜਾਬ ਵਿਚ ਕੋਈ 25 ਲੱਖ ਕਾਮੇ ਦੂਜੇ ਸੂਬਿਆਂ ਤੋਂ ਆ ਕੇ ਕੰਮ ਕਰਦੇ ਹਨ ਜਦਕਿ ਪੰਜਾਬੀ ਬੇਰੁਜ਼ਗਾਰੀ ਦਾ ਰੋਣਾ ਰੋਂਦੇ ਹਨ। ਜੇ ਸੋਚੀ-ਸਮਝੀ ਵਿਉਂਤਬੰਦੀ ਨਾਲ ਸਨਅਤੀ ਵਿਕਾਸ ਕੀਤਾ ਜਾਵੇ ਤਾਂ ਪੰਜਾਬ ਵਿੱਚੋਂ ਬੇਰੁਜ਼ਗਾਰੀ ਖ਼ਤਮ ਹੋ ਸਕਦੀ ਹੈ। ਸਨਅਤੀ ਵਿਕਾਸ ਲਈ ਲੋੜੀਂਦਾ ਮਾਹੌਲ ਵੀ ਸਿਰਜਣ ਦੀ ਲੋੜ ਹੈ। ਹੁਣ ਸਰਕਾਰੀ ਦਫ਼ਤਰਾਂ ਵਿਚ ਬਹੁਤ ਖੱਜਲ-ਖੁਆਰੀ ਹੁੰਦੀ ਹੈ। ਪਤਾ ਲੱਗਿਆ ਹੈ ਕਿ ਫੈਕਟਰੀਆਂ ਦੀ ਦੇਖ-ਰੇਖ ਲਈ 14 ਤੋਂ ਵੱਧ ਮਹਿਕਮੇ ਹਨ। ਹਰੇਕ ਇੰਸਪੈਕਟਰ ਨੇ ਮਹੀਨਾ ਬੰਨ੍ਹਿਆ ਹੋਇਆ ਹੈ। ਫੈਕਟਰੀ ਦਾ ਚਲਾਨ ਗ਼ਲਤ ਕੰਮ ਕਰਨ ਕਰ ਕੇ ਨਹੀਂ ਸਗੋਂ ਮਹੀਨਾ ਨਾ ਦੇਣ ਦੀ ਸੂਰਤ ਵਿਚ ਹੁੰਦਾ ਹੈ। ਨਵੀਂ ਸਰਕਾਰ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨ ਦਾ ਯਤਨ ਕਰ ਰਹੀ ਹੈ। ਪੰਜਾਬ ਵਿੱਚ ਅਜਿਹਾ ਮਾਹੌਲ ਸਿਰਜਿਆ ਜਾਵੇ ਕਿ ਸਨਅਤੀ ਵਿਕਾਸ ਹੋ ਸਕੇ ਤਾਂ ਜੋ ਬੇਰੁਜ਼ਗਾਰੀ ਖ਼ਤਮ ਹੋ ਸਕੇ। ਪ੍ਰਚਾਰ ਉੱਤੇ ਲੋੜ ਤੋਂ ਵੱਧ ਪੈਸਾ ਖ਼ਰਚ ਕਰਨ ਦੀ ਲੋੜ ਨਹੀਂ ਪਵੇਗੀ। ਸਗੋਂ ਸਰਕਾਰ ਦਾ ਕੀਤਾ ਕੰਮ ਆਪਣੇ-ਆਪ ਬੋਲੇਗਾ।

***

## ਦੋ ਸੂਬਿਆਂ 'ਚ ਵੰਡਿਆ

ਭਾਸ਼ਾਵਾਂ ਹਿੰਦੀ, ਗੁਜਰਾਤੀ ਅੰਗਰੇਜ਼ੀ ਅਤੇ ਮਰਾਠੀ ਵਿੱਚ ਲਿਖੀ ਗਈ ਹੈ, ਇਸ ਲਈ ਮਹਾਰਾਸ਼ਟਰ ਅਤੇ ਗੁਜਰਾਤ ਦੋਵਾਂ ਤੋਂ ਆਉਣ ਵਾਲੇ ਯਾਤਰੀਆਂ ਲਈ ਸਮਝਣਾ ਆਸਾਨ ਹੈ।

ਨਵਾਪੁਰ ਰੇਲਵੇ ਸਟੇਸ਼ਨ ਦੀ ਕੁੱਲ ਲੰਬਾਈ 800 ਮੀਟਰ ਹੈ, ਜਿਸ ਵਿੱਚੋਂ 300 ਮੀਟਰ ਮਹਾਰਾਸ਼ਟਰ ਵਿੱਚ ਅਤੇ 500 ਮੀਟਰ ਗੁਜਰਾਤ ਵਿੱਚ ਪੈਂਦਾ ਹੈ। ਸਟੇਸ਼ਨ ਦੇ ਤਿੰਨ ਪਲੇਟਫਾਰਮ ਅਤੇ ਚਾਰ ਰੇਲਵੇ ਟਰੈਕ ਹਨ।

***

## ਮਿਆਂਮਾਰ : ਫ਼ੌਜ ਵੱਲੋਂ ਆਪਣ

ਆਮ ਲੋਕਾਂ ਨੇ ਵੀ ਫੌਜ ਦੇ ਖਿਲਾਫ ਹਥਿਆਰਬੰਦ ਸੰਘਰਸ਼ ਸ਼ੁਰੂ ਕਰ ਦਿੱਤਾ, ਅੱਜ ਮਿਆਂਮਾਰ ਵਿੱਚ ਅਜਿਹੇ ਕਈ ਛੋਟੇ-ਵੱਡੇ ਗਰੁੱਪ ਹਨ। ਜੰਗਲਾਂ ਵਿੱਚ ਰਹਿ ਕੇ ਫੌਜ ਨਾਲ ਲੜ ਰਹੇ ਇਨ੍ਹਾਂ ਬਾਗੀਆਂ ਨੂੰ ਖਤਮ ਕਰਨ ਲਈ ਫੌਜ ਦੇਸ਼ ਦੇ ਕਿਸੇ ਵੀ ਕੋਨੇ ਵਿੱਚ ਕਿਸੇ ਵੀ ਸਮੇਂ ਹਵਾਈ ਹਮਲੇ ਕਰ ਦਿੰਦੀ ਹੈ।

ਸੂ ਕੀ ਦੇ ਕਈ ਸਮਰਥਕ ਵੀ ਜੇਲ੍ਹ ਵਿੱਚ :

77 ਸਾਲਾ ਲੋਕਤੰਤਰ ਪੱਖੀ ਨੇਤਾ ਆਂਗ ਸਾਨ ਸੂ ਕੀ ਨੇ 2020 ਵਿੱਚ ਪ੍ਰਚੰਡ ਬਹੁਮਤ ਨਾਲ ਸਰਕਾਰ ਬਣਾਈ, ਉਸਦੀ ਪਾਰਟੀ ਨੇ ਨੈਸ਼ਨਲ ਲੀਗ ਫਾਰ ਡੈਮੋਕਰੇਸੀ ਵਿੱਚ 476 ਵਿੱਚੋਂ 396 ਸੀਟਾਂ ਦਰਜ ਕੀਤੀਆਂ, ਪਰ ਮਿਆਂਮਾਰ ਦੀ ਫੌਜ ਨੇ 1 ਫਰਵਰੀ 2021 ਨੂੰ ਇੱਕ ਤਖਤਾਪਲਟ ਕਰਕੇ ਸੱਤਾ 'ਤੇ ਕਬਜ਼ਾ ਕਰ ਲਿਆ। ਜਿਸ ਤੋਂ ਬਾਅਦ ਦੇਸ਼ 'ਚ ਐਮਰਜੈਂਸੀ ਲਗਾ ਦਿੱਤੀ ਗਈ ਸੀ, ਉਦੋਂ ਤੋਂ ਪ੍ਰਣਾਲੀ ਸਮੇਤ ਉਨ੍ਹਾਂ ਦੀ ਪਾਰਟੀ ਦੇ ਕਈ ਨੇਤਾ ਜੇਲ 'ਚ ਹਨ ਅਤੇ ਫੌਜ ਦੇਸ਼ 'ਤੇ ਮਨਮਾਨੀ ਨਾਲ ਰਾਜ ਕਰ ਰਹੀ ਹੈ।

ਨਵੇਂ ਸਾਲ ਦੇ ਪਹਿਲੇ ਹਮਲੇ ਤੋਂ ਹਰ ਕੋਈ ਹੈਰਾਨ ਸੀ: ਮਿਆਂਮਾਰ ਦੇ ਲੋਕਾਂ 'ਤੇ ਫੌਜ ਵੱਲੋਂ ਹਾਲ ਹੀ 'ਚ ਕੀਤਾ ਗਿਆ ਹਮਲਾ ਵੀ ਹੈਰਾਨੀਜਨਕ ਹੈ। ਕਿਉਂਕਿ ਇਸ ਤੋਂ ਠੀਕ 1 ਦਿਨ ਬਾਅਦ 13 ਅਪ੍ਰੈਲ ਨੂੰ ਮਿਆਂਮਾਰ ਦਾ ਨਵਾਂ ਸਾਲ ਸ਼ੁਰੂ ਹੋਇਆ ਹੈ। ਇੱਥੇ ਦੇ ਲੋਕ ਥਿੰਗਯਾਨ ਨੂੰ ਆਪਣੇ ਨਵੇਂ ਸਾਲ ਵਜੋਂ ਮਨਾਉਂਦੇ ਹਨ। ਜੋ ਕਿ ਇਸ ਸਾਲ 13 ਤੋਂ 16 ਅਪ੍ਰੈਲ ਤੱਕ ਪੂਰੇ ਦੇਸ਼ ਵਿੱਚ ਮਨਾਇਆ ਜਾਣਾ ਹੈ। ਇਸੇ ਕਰਕੇ ਜਸ਼ਨ ਤੋਂ ਇੱਕ ਦਿਨ ਪਹਿਲਾਂ ਹੋਏ ਹਮਲੇ ਤੋਂ ਹਰ ਕੋਈ ਹੈਰਾਨ ਹੈ।

ਥਿੰਗਯਾਨ ਦੀ ਸ਼ੁਰੂਆਤ ਕਿਵੇਂ ਹੋਈ :

ਮਿਆਂਮਾਰ ਦੇ ਲੋਕਾਂ ਦਾ ਦਾਅਵਾ ਹੈ ਕਿ ਦੁਨੀਆ ਵਿੱਚ ਜਲ ਤਿਉਹਾਰ ਮਨਾਉਣ ਦੀ ਸ਼ੁਰੂਆਤ ਤਿੰਨ ਗਿਆਨ ਨਾਲ ਹੋਈ ਸੀ। ਇਹ ਦੁਨੀਆ ਦਾ ਸਭ ਤੋਂ ਪੁਰਾਣਾ ਜਲ ਤਿਉਹਾਰ ਹੈ, ਇਹ ਹਰ ਸਾਲ ਅਪ੍ਰੈਲ ਦੇ ਮੱਧ ਵਿੱਚ ਮਨਾਇਆ ਜਾਂਦਾ ਹੈ, ਇਸਦੀ ਸ਼ੁਰੂਆਤ ਮਿਆਂਮਾਰ ਦੇ ਟੈਂਗੋ ਰਾਜ ਦੁਆਰਾ ਕੀਤੀ ਗਈ ਸੀ। ਟੈਂਗੋ ਰਾਜ 850 ਈਸਾ ਪੂਰਵ ਵਿੱਚ ਇਰਾਵਤੀ ਨਦੀ ਦੇ ਨੇੜੇ ਸ਼ੁਰੂ ਹੋਇਆ ਸੀ, ਅੱਜ ਵੀ ਮਾਨ ਮਾਰ ਦੇ ਇਸ ਖੇਤਰ ਵਿੱਚ ਟੈਂਗੋ ਨਾਮ ਦਾ ਇੱਕ ਸ਼ਹਿਰ ਹੈ।

1989 ਵਿੱਚ ਦੇਸ਼ ਦਾ ਨਾਮ ਬਦਲਿਆ ਗਿਆ:

ਮਿਆਂਮਾਰ ਦੇਸ਼ ਨੂੰ ਪਹਿਲਾਂ ਬਰਮਾ ਕਿਹਾ ਜਾਂਦਾ ਸੀ। ਜਦੋਂ 1990 ਵਿੱਚ ਦੇਸ਼ ਦਾ ਨਾਮ ਬਦਲ ਕੇ ਮਿਆਂਮਾਰ ਕਰ ਦਿੱਤਾ ਗਿਆ ਸੀ

1962 ਵਿੱਚ ਫੌਜੀ ਰਾਜ ਸ਼ੁਰੂ ਹੋਇਆ :

ਮਿਆਂਮਾਰ ਲੰਬੇ ਸਮੇਂ ਤੋਂ ਫੌਜੀ ਸ਼ਾਸਨ ਦੇ ਅਧੀਨ ਹੈ। ਸਾਲ 1962 ਤੋਂ 2011 ਤੱਕ ਦੇਸ਼ ਫੌਜੀ ਤਾਨਾਸ਼ਾਹੀ ਦੇ ਅਧੀਨ ਰਿਹਾ। ਮਿਆਂਮਾਰ ਵਿੱਚ ਸਾਲ 2010 ਵਿੱਚ ਆਮ ਚੋਣਾਂ ਹੋਈਆਂ ਅਤੇ 2011 ਵਿੱਚ ਮਿਆਂਮਾਰ ਵਿੱਚ ਇੱਕ ਨਾਗਰਿਕ ਸਰਕਾਰ ਬਣੀ, ਜਿਸ ਵਿੱਚ ਜਨਤਾ ਦੁਆਰਾ ਚੁਣੇ ਗਏ ਨੁਮਾਇੰਦਿਆਂ ਨੂੰ ਮਿਲਿਆ। ਰਾਜ ਕਰਨ ਦਾ ਮੌਕਾ, ਸਿਵਲੀਅਨ ਸਰਕਾਰ ਬਣਨ ਤੋਂ ਬਾਅਦ ਵੀ, ਅਸਲ ਤਾਕਤ ਹਮੇਸ਼ਾ ਫੌਜ ਦੇ ਕੋਲ ਰਹੀ।

ਮਿਆਂਮਾਰ 'ਤੇ ਅਮਰੀਕਾ ਦਾ ਕੀ ਸਟੈਂਡ ਹੈ?

ਮਿਆਂਮਾਰ 'ਤੇ ਅਮਰੀਕਾ ਦੇ ਰੁਖ 'ਚ ਨਰਮੀ ਕਾਫੀ ਬਾਅਦ 'ਚ ਆਈ ਜਦੋਂ 2012 'ਚ ਦੇਸ਼ ਦੇ ਦੌਰੇ ਦੌਰਾਨ ਉਸ ਸਮੇਂ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਬਰਮਾ ਅਤੇ ਮਿਆਂਮਾਰ ਦੋਵਾਂ ਨਾਂਵਾਂ ਦੀ ਵਰਤੋਂ ਕੀਤੀ ਸੀ। ਪਰ ਅਮਰੀਕੀ ਸਰਕਾਰ ਅਜੇ ਵੀ ਰਸਮੀ ਤੌਰ 'ਤੇ ਇਸ ਦੇਸ਼ ਦਾ ਨਾਮ ਬਰਮਾ ਹੀ ਲਿਖਦੀ ਹੈ। ਅਮਰੀਕਾ ਦੇ ਮੌਜੂਦਾ ਰਾਸ਼ਟਰਪਤੀ ਜੋਅ ਬਿਡੇਨ ਨੇ ਆਪਣੇ ਬਿਆਨ ਵਿੱਚ ਬਰਮਾ ਦਾ ਜ਼ਿਕਰ ਕੀਤਾ ਸੀ।

**

## ਭਾਰਤ ਦੇ 30 ਮੁੱਖ ਮੰਤਰੀਆਂ 'ਚੋਂ

ਰਹਿੰਦਾ ਹੈ। ਕਦੇ ਆਪਣੇ ਵਾਅਦਿਆਂ ਕਾਰਨ, ਕਦੇ ਮਹਿੰਗਾਈ ਕਰਕੇ ਅਤੇ ਕਦੇ ਬੇਤਰਤੀਬੇ ਟੈਕਸਾਂ ਕਾਰਨ।

97 ਫੀਸਦੀ ਮੁੱਖ ਮੰਤਰੀ ਕਰੋੜਪਤੀ

ਔਸਤ ਜਾਇਦਾਦ 33.96 ਕਰੋੜ ਰੁਪਏ

ਸਭ ਤੋਂ ਜਿਆਦਾ ਜਾਇਦਾਦ ਵਾਲੇ ਮੁੱਖ ਮੰਤਰੀ

ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਜਗਨ ਮੋਹਨ ਰੈਡੀ 519 ਕਰੋੜ ਰੁਪਏ, ਅਰੁਣਾਚਲ ਪ੍ਰਦੇਸ਼ ਦੇ ਮੁੱਖ ਮੰਤਰੀ 163 ਕਰੋੜ ਰੁਪਏ, ਓਡੀਸ਼ਾ ਦੇ ਮੁੱਖ ਮੰਤਰੀ ਨਵੀਨ ਪਟਨਾਇਕ 63 ਕਰੋੜ ਰੁਪਏ ਦੇ ਮਾਲਿਕ ਹਨ।

ਸਭ ਤੋਂ ਘੱਟ ਜਾਇਦਾਦ ਵਾਲੇ ਮੁੱਖ ਮੰਤਰੀ

ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ 15 ਲੱਖ ਰੁਪਏ,

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ 1.97 ਕਰੋੜ ਰੁਪਏ, ਕੇਰਲ ਦੇ ਮੁੱਖ ਮੰਤਰੀ ਪਿਨਾਰਾਈ ਵਿਜਯਨ 1.18 ਕਰੋੜ ਰੁਪਏ, ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ 1.27 ਕਰੋੜ ਰੁਪਏ , ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਯ ਨਾਥ 1.54 ਕਰੋੜ ਰੁਪਏ, ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ 7.66 ਕਰੋੜ ਰੁਪਏ, ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ 6.53 ਕਰੋੜ ਰੁਪਏ ਦੇ ਮਾਲਕ ਹਨ।

9 ਮੁੱਖ ਮੰਤਰੀਆਂ ਦੀ ਦੇਣਦਾਰੀ 1 ਕਰੋੜ ਤੋਂ ਜ਼ਿਆਦਾ:ਤੇਲੰਗਾਨਾ ਦੇ ਮੁੱਖ ਮੰਤਰੀ ਕੇ.ਚੰਦਰਸ਼ੇਖਰ ਰਾਓ ਦੀ ਦੇਣਦਾਰੀ 8.88 ਕਰੋੜ ਰੁਪਏ, ਕਰਨਾਟਕ ਦੇ ਮੁੱਖ ਮੰਤਰੀ ਬਾਸਵਰਾਜ ਬੋਮਈ ਦੀ ਦੇਣਦਾਰੀ 4.9 ਕਰੋੜ ਰੁਪਏ, ਮਹਾਰਾਸ਼ਟਰ ਦੇ ਮੁੱਖ ਮੰਤਰੀ ਏਕਨਾਥ ਸ਼ਿੰਦੇ ਦੀ ਦੇਣਦਾਰੀ 3.74 ਕਰੋੜ ਰੁਪਏ, ਅਸਾਮ ਦੇ ਮੁੱਖ ਮੰਤਰੀ ਹਿਮੰਤ ਬਿਸਵਾ ਸਰਮਾ ਦੀ ਦੇਣਦਾਰੀ 3.51 ਕਰੋੜ ਰੁਪਏ, ਗੁਜਰਾਤ ਦੇ ਮੁੱਖ ਮੰਤਰੀ ਭੁਪਿੰਦਰ ਭਾਈ ਪਟੇਲ ਦੀ ਦੇਣਦਾਰੀ 1.53 ਕਰੋੜ ਰੁਪਏ, ਗੋਆ ਦੇ ਮੁੱਖ ਮੰਤਰੀ ਪ੍ਰਮੋਦ ਸਾਵੰਤ ਦੀ ਦੇਣਦਾਰੀ 1.5 ਕਰੋੜ ਰੁਪਏ, ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਜਗਨ ਮੋਹਨ ਦੀ ਦੇਣਦਾਰੀ 1.19 ਕਰੋੜ ਰੁਪਏ, ਪੁਡੂਚੇਰੀ ਦੇ ਮੁੱਖ ਮੰਤਰੀ ਐਨ.ਰੰਗਸਾਮੀ ਦੀ ਦੇਣਦਾਰੀ 1.15 ਕਰੋੜ ਰੁਪਏ, ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਦੀ ਦੇਣਦਾਰੀ 1.10 ਕਰੋੜ ਰੁਪਏ ਹੈ।

30 ਵਿਚੋਂ 10 ਮੁੱਖ ਮੰਤਰੀਆਂ ਦੇ ਨਾਮ ਕੋਈ ਦੇਣਦਾਰੀ ਨਹੀਂ ਹੈ, ਜਿਸ ਵਿੱਚ ਪੱਛਮੀ ਬੰਗਾਲ, ਕੇਰਲ, ਹਰਿਆਣਾ, ਉੱਤਰ ਪ੍ਰਦੇਸ਼, ਬਿਹਾਰ, ਦਿੱਲੀ, ਮਿਜ਼ੋਰਮ, ਰਾਜਸਥਾਨ, ਤਮਿਲਨਾਡੂ ਅਤੇ ਅਰੁਣਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਾਮਲ ਹਨ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com